# SIMPLIFIED STUDY MATERIAL
## CLASS:10th
## SOCIAL SCIENCE

(1) ਕੱਚਾ ਲੋਹਾ ਹੇਠ ਲਿਖਿਆਂ ਵਿੱਚੋਂ ਕਿਸ ਪ੍ਰਕਾਰ ਦਾ ਸੋਮਾ ਹੈ ?

(ੳ) ਨਵਿਆਉਣ ਯੋਗ (ਅ) ਲਗਾਤਾਰ ਰਹਿਣ ਵਾਲਾ (ੲ) ਜੈਵਿਕ ਸੋਮਾ (ਸ) ਨਾ-ਨਵਿਆਉਣਯੋਗ

ਉੱਤਰ:- ਨਾ-ਨਵਿਆਉਣਯੋਗ

(2) ਜਵਾਰੀ ਊਰਜਾ ਨੂੰ ਕਿਹੜੇ ਸੋਮੇ ਦੀ ਕਿਸਮ ਮੰਨਿਆ ਜਾਵੇਗਾ?

(ੳ) ਮੁੜ-ਨਵਿਆਉਣਯੋਗ (ਅ) ਅਜੈਵਿਕ (ੲ) ਮਾਨਵ ਨਿਰਮਿਤ (ਸ) ਨਾ-ਨਵਿਆਉਣਯੋਗ

ਉੱਤਰ:- ਮੁੜ-ਨਵਿਆਉਣਯੋਗ

(3) ਪੰਜਾਬ ਵਿਚ ਜ਼ਮੀਨ ਦੇ ਬੰਜਰ ਹੋਣ ਦਾ ਮੁੱਖ ਕਾਰਨ ਕੀ ਹੈ ?

(ੳ) ਸੰਘਣੀ ਖੇਤੀ (ਅ) ਜ਼ਰੂਰਤ ਤੋਂ ਜ਼ਿਆਦਾ ਸਿੰਚਾਈ(ੲ) ਜੰਗਲਾਂ ਦੀ ਕਟਾਈ (ਸ) ਪਸ਼ੂਆਂ ਦੇ ਚਰਨ ਕਾਰਨ

ਉੱਤਰ:- ਜ਼ਰੂਰਤ ਤੋਂ ਜ਼ਿਆਦਾ ਸਿੰਚਾਈ

(4) ਪੰਜਾਬ ਵਿੱਚ ਜ਼ਿਆਦਾਤਰ ਕਿਸ ਕਿਸਮ ਦੀ ਆਫ਼ਤ ਆਉਂਦੀ ਹੈ?

(ੳ)ਸੋਕਾ (ਅ) ਚੱਕਰਵਾਤ (ੲ) ਭੂਚਾਲ (ਸ) ਹੜ੍ਹ

ਉੱਤਰ:- ਹੜ੍ਹ

(5) ਹੇਠ ਲਿਖਿਆਂ ਵਿਚੋਂ ਕਿਹੜੇ ਰਾਜ ਵਿੱਚ ਪੌੜੀਨੁਮਾ ਖੇਤੀ ਕੀਤੀ ਜਾਂਦੀ ਹੈ?

(ੳ) ਪੰਜਾਬ (ਅ) ਹਰਿਆਣਾ

(ੲ) ਉੱਤਰ ਪ੍ਰਦੇਸ਼ ਦੇ ਮੈਦਾਨੀ ਇਲਾਕੇ (ਸ) ਉੱਤਰਾਖੰਡ

ਉੱਤਰ:- ਉੱਤਰਾਖੰਡ

(6) ਹੇਠ ਲਿਖਿਆਂ ਵਿਚੋਂ ਕਿਹੜੇ ਇਲਾਕੇ ਵਿੱਚ ਕਾਲੀ ਮਿੱਟੀ ਪਾਈ ਜਾਂਦੀ ਹੈ?

(ੳ) ਜੰਮੂ ਅਤੇ ਕਸ਼ਮੀਰ (ਅ) ਰਾਜਸਥਾਨ (ੲ) ਗੁਜਰਾਤ (ਸ) ਝਾਰਖੰਡ

ਉੱਤਰ:- ਗੁਜਰਾਤ

(7) ਬੇਤਰਤੀਬੇ ਉਪਭੋਗ ਤੇ ਸਾਧਨਾਂ ਦੀ ਅੰਨ੍ਹੇਵਾਹ ਵਰਤੋਂ ਕਾਰਨ.......................

(ੳ) ਸਮਾਜੀ-ਆਰਥਿਕ ਤੇ ਵਾਤਾਵਰਨੀ ਔਕੜਾਂ ਉਤਪੰਨ ਹੁੰਦੀਆਂ ਹਨ।

(ਅ) ਆਰਥਿਕਤਾ ਨੂੰ ਹੁਲਾਰਾ ਮਿਲਦਾ ਹੈ ।

(ੲ) ਸਾਧਨਾਂ ਦੀ ਬਹਾਲੀ ਹੁੰਦੀ ਹੈ।

(ਸ) ਵਸੋਂ ਵਿਚ ਕਮੀ ਆਉਂਦੀ ਹੈ ।

ਉੱਤਰ:- ਸਮਾਜੀ-ਆਰਥਿਕ ਤੇ ਵਾਤਾਵਰਨੀ ਔਕੜਾਂ ਉਤਪੰਨ ਹੁੰਦੀਆਂ ਹਨ।

(8) ਕਾਸ਼ਤਕਾਰੀ ਲਈ ਅਯੋਗ ਹੋਈ ਜ਼ਮੀਨ ਨੂੰ ਕੀ ਆਖਿਆ ਜਾਂਦਾ ਹੈ?

(ੳ) ਪਰਤੀ ਭੂਮੀ (ਅ) ਬੰਜਰ ਭੂਮੀ (ੲ) ਕਟੀ-ਫ਼ਟੀ ਭੂਮੀ (ਸ) ਬਿਜਾਈ ਹੇਠ ਰਕਬਾ

ਉੱਤਰ:- ਬੰਜਰ ਭੂਮੀ

(9) ਚਰਨੋਬੇਲ ਪ੍ਰਮਾਣੂ ਕਾਂਡ ਕਿੱਥੇ ਵਾਪਰਿਆ ਸੀ?

(ੳ) ਅਮਰੀਕਾ (ਅ) ਭਾਰਤ (ੲ) ਜਾਪਾਨ (ਸ) ਯੂਕਰੇਨ

ਉੱਤਰ:- ਯੂਕਰੇਨ

(10) ਕਿਸਨੇ ਕਿਹਾ ਸੀ, "ਧਰਤੀ ਉੱਤੇ ਸਾਰਿਆਂ ਦੀਆਂ ਲੋੜਾਂ ਪੂਰਨ ਲਈ ਬਹੁਤ ਕੁੱਝ ਹੈ ਪਰ ਲਾਲਚੀਆਂ ਦਾ ਲਾਲਚ ਪੂਰਨ ਲਈ ਕੁੱਝ ਵੀ ਨਹੀਂ।"

(ੳ) ਜਵਾਹਰ ਲਾਲ ਨਹਿਰੂ (ਅ) ਬੁਤਰੱਸ ਬੁਤੱਰਸ ਘਾਲੀ (ੲ) ਬਰਾਕ ਓਬਾਮਾ (ਸ) ਮਹਾਤਮਾ ਗਾਂਧੀ

ਉੱਤਰ:- ਮਹਾਤਮਾ ਗਾਂਧੀ

(11).ਜੈਵਿਕ ਭੂਗੋਲ ਕੀ ਹੈ?

(ੳ) ਜੀਵੰਤ ਵਸਤਾਂ ਦਾ ਵਿਆਪਕ ਅਧਿਐਨ (ਅ) ਸਿਰਫ਼ ਜੈਵਿਕ ਸੰਸਾਰ

(ੲ) ਸਿਰਫ਼ ਅਜੈਵਿਕ ਸੰਸਾਰ (ਸ) ੳ ਅਤੇ ੲ ਦੋਵੇਂ

ਉੱਤਰ:- ਜੀਵੰਤ ਵਸਤਾਂ ਦਾ ਵਿਆਪਕ ਅਧਿਐਨ

(12) ਭਾਰਤ ਨੂੰ ਕਿੰਨ੍ਹੇ ਜੈਵ -ਭੂਗੋਲਿਕ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ?

(ੳ) ਸੱਤ(7) (ਅ) ਦਸ (10) (ੲ) ਨੌਂ (9) (ਸ)ਗਿਆਰਾਂ(11)

ਉੱਤਰ:- ਦਸ (10)

(13) ਕਿਸੇ ਵੱਡ-ਪੱਧਰੀ ਵਿਭਿੰਨਤਾ ਵਾਲੇ ਦੇਸ਼ ਵਿਚ ਘੱਟ-ਘੱਟੋ.....................ਪੌਦਿਆਂ ਦੀਆਂ ਸਥਾਨਕ ਪ੍ਰਜਾਤੀਆਂ, ਹੱਦਾਂ ਵਾਲਾ ਤੇ ਸਮੁੰਦਰੀ ਜੀਵਾਂ ਵਾਲਾ ਪਰਿਸਥਿਤਿਕ ਤੰਤਰ ਹੋਣਾ ਚਾਹੀਦਾ ਹੈ।

(ੳ) 5,500 (ਅ) 4,500 (ੲ) 5,000 (ਸ) 6,000

ਉੱਤਰ:- 5,000

(14) ਭਾਰਤ ਵਿੱਚ .....................ਜੈਵ-ਵਿਭਿੰਨਤਾ ਤੀਖਣ ਬਿੰਦੂ (ਹੌਟ-ਸਪੋਟ) ਹਨ।

(ੳ) ਚਾਰ(4) (ਅ) ਪੰਜ (5) (ੲ) ਛੇ (6) (ਸ)ਸੱਤ(7)

ਉੱਤਰ:- ਚਾਰ (4)

(15) **IUCN** ਦਾ ਪੂਰਾ ਨਾਮ ਕੀ ਬਣਦਾ ਹੈ?

(ੳ) ਇੰਟਰਨੈਸ਼ਨਲ ਯੂਨੀਅਨ ਆੱਫ਼ ਕੈਪੀਟਲ ਨੇਸ਼ਨਜ਼

(ਅ) ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆੱਫ਼ ਨੇਚਰ

(ੲ) ਇੰਟਰਨੈਸ਼ਨਲ ਯੂਨੀਅਨ ਫਾਰ ਕੈਂਸਰ ਐਂਡ ਨਿਊਟ੍ਰੀਸ਼ਨ

(ਸ) ਇੰਟਰਨੈਸ਼ਨਲ ਯੂਨਿਟੀ ਫਾਰ ਕੌਜ਼ਿਜ਼ ਆੱਫ਼ ਨਿਊਕਲੀਅਰ ਪਾਵਰ

ਉੱਤਰ:- ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆੱਫ਼ ਨੇਚਰ

(16) ਭਾਰਤ ਸਰਕਾਰ ਨੇ ਦੇਸ਼ ਭਰ ਵਿੱਚ.................. ਜੀਵ-ਖੇਤਰ ਰੱਖਾਂ ਸਥਾਪਤ ਕੀਤੀਆਂ ਹਨ।

(ੳ) ਬਾਰਾਂ (12) (ਅ) ਚੌਦਾਂ (14) (ੲ) ਸੋਲਾਂ (16) (ਸ) ਅਠਾਰਾਂ (18)

ਉੱਤਰ:- ਅਠਾਰਾਂ(18)

(17) ਲੋਨਾਰ ਝੀਲ ਕਿਹੜੇ ਰਾਜ ਵਿਚ ਸਥਿੱਤ ਹੈ ?

(ੳ) ਪੰਜਾਬ (ਅ) ਮੱਧ ਪ੍ਰਦੇਸ਼ (ੲ) ਉੱਤਰ ਪ੍ਰਦੇਸ਼ (ਸ) ਮਹਾਂਰਾਸ਼ਟਰ

ਉੱਤਰ:- ਮਹਾਂਰਾਸ਼ਟਰ

(18) ਪੰਜਾਬ ਵਿੱਚ ਜੀਵਾਂ ਦਾ ਕਿਹੜਾ ਜੋੜ ਪਹਿਲਾਂ ਨਾਲੋਂ ਬਹੁਤ ਘੱਟ ਦਿਖਦਾ ਹੈ ?

(ੳ) ਕਬੂਤਰ ਅਤੇ ਬਾਂਦਰ (ਅ) ਤੋਤਾ ਅਤੇ ਘੋੜਾ (ੲ) ਚਿੜੀ ਅਤੇ ਬਿੱਲੀ (ਸ) ਕਾਂ ਅਤੇ ਕੁੱਤਾ

ਉੱਤਰ:- ਚਿੜੀ ਅਤੇ ਬਿੱਲੀ

(19)ਭਾਰਤ ਵਿੱਚ, ਸੰਸਾਰ ਦੇ ....................... ਫੀਸਦੀ ਨਵਿਆਉਣ ਯੋਗ ਜਲ ਸਾਧਨ ਹਨ।

(ੳ) ਤਿੰਨ (3) (ਅ) ਚਾਰ(4) (ੲ) ਸੱਤ(7) (ਸ) ਪੰਜ(5)

ਉੱਤਰ:- ਚਾਰ (4)

(20) ਧਰਤੀ ਉੱਤੇ.................ਫ਼ੀਸਦੀ ਜਲ ਖਾਰਾ ਹੈ..................... ਫ਼ੀਸਦੀ ਤਾਜ਼ਾ ਹੈ।

(ੳ)97 ਤੇ 03 (ਅ) 95 ਤੇ 05 (ੲ) 90 ਤੇ 10 (ਸ) 98 ਤੇ 02

ਉੱਤਰ:- 97 ਤੇ 03

(21) ਕਿਹੜਾ ਖੇਤਰ ਸਭ ਤੋਂ ਵੱਧ ਤਾਜ਼ੇ ਪਾਣੀ ਦੀ ਵਰਤੋਂ ਕਰਦਾ ਹੈ?

(ੳ) ਘਰੇਲੂ (ਰਹਾਇਸੀ) (ਅ)ਸਨਅਤਾਂ (ਉਦਯੋਗ)

(ੲ) ਖੇਤੀਬਾੜੀ (ਜ਼ਰਾਇਤੀ) (ਸ)ਇਨ੍ਹਾਂ ਵਿੱਚੋਂ ਕੋਈ ਨਹੀਂ

ਉੱਤਰ:- ਖੇਤੀਬਾੜੀ (ਜ਼ਰਾਇਤੀ)

(22) ਸਵੱਛ ਭਾਰਤ ਮਿਸ਼ਨ-ਗ੍ਰਾਮੀਣ ਕਦੋਂ ਅਰੰਭਿਆ ਗਿਆ ਸੀ?

(ੳ)ਸੰਨ 2010 (ਅ) ਸੰਨ 2012 (ੲ) ਸੰਨ 2014 (ਸ) ਸੰਨ 2016

ਉੱਤਰ:- ਸੰਨ 2014

(23) ਹਰੀ ਕ੍ਰਾਂਤੀ ਦਾ ਪਿਤਾਮਾ ਹੇਠ ਲਿਖਿਆਂ ਵਿੱਚੋਂ ਕਿਸਨੂੰ ਮੰਨਿਆ ਜਾ ਸਕਦਾ ਹੈ ?

(ੳ) ਐੱਮ.ਐੱਸ. ਸਵਾਮੀਨਾਥਨ (ਅ) ਐੱਮ.ਐੱਸ. ਰੰਧਾਵਾ

(ੲ) ਐੱਮ.ਐੱਸ.ਜੋਸ਼ੀ (ਸ) ਐੱਮ. ਐੱਸ.ਕ੍ਰਿਸ਼ਨਾਮੂਰਤੀ

ਉੱਤਰ:- ਐੱਮ. ਐੱਸ. ਸਵਾਮੀਨਾਥਨ

(24) ਖੇਤੀਬਾੜੀ ................ ਆਰਥਿਕ ਕਿਰਿਆ ਕਹਾਉਂਦੀ ਹੈ।

(ੳ) ਮੁੱਢਲੀ (ਅ) ਸਹਾਇਕ (ੲ) ਤੀਸਰੇ ਦਰਜੇ ਦੀ (ਸ) ਚੌਥੇ ਦਰਜੇ ਦੀ

ਉੱਤਰ:- ਮੁੱਢਲੀ

(25) ਦੇਸ਼ ਦੇ ਕਿੰਨ੍ਹੇ ਫ਼ੀਸਦੀ ਕਾਮੇ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਅਧੀਨ ਹਨ ?

(ੳ) 40% (ਅ) 42% (ੲ) 44% (ਸ) 45%

ਉੱਤਰ:- 44%

(26) ਖੇਤੀਬਾੜੀ (ਜ਼ਰਾਇਤ) ਦੀ ਕਿਹੜੀ ਕਿਸਮ ਪ੍ਰਾਚੀਨ ਕਹਾਉਂਦੀ ਹੈ ?

(ੳ) ਗੁਜ਼ਾਰਾ ਜਾਂ ਨਿਰਬਾਹ ਖੇਤੀ (ਅ) ਸਥਾਨ-ਅੰਤਰੀ ਖੇਤੀ

(ੲ) ਵਿਆਪਕ ਖੇਤੀ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

ਉੱਤਰ:- ਗੁਜ਼ਾਰਾ ਜਾਂ ਨਿਰਬਾਹ ਖੇਤੀ

(27) HYV ਸੀਡਜ਼ ਤੋਂ ਭਾਵ ਕਿਹੋ ਜਿਹੇ ਬੀਜ ਹੈ?

(ੳ) ਹਾਈ ਯੀਲਡਿੰਗ ਵੈਰਾਇਟੀ (ਅ) ਹਿਮਾਲਿਅਨ ਯੀਲਡਿੰਗ ਵੈਰਾਇਟੀ

(ੲ) ਹਿਊਮਿਡ ਯੈਲੋ ਵੈਰਾਇਟੀ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

ਉੱਤਰ:- ਹਾਈ ਯੀਲਡਿੰਗ ਵੈਰਾਇਟੀ

(28) "ਆਪ੍ਰੇਸ਼ਨ ਫ਼ਲੱਡ' ਕਿਸ ਨਾਲ ਸੰਬੰਧਿਤ ਹੈ?

(ੳ) ਭਾਰਤ 'ਚ ਹੜ੍ਹਾਂ ਨਾਲ (ਅ) ਦੁੱਧ ਉਤਪਾਦਨ ਨਾਲ

(ੲ) ਅੰਡਿਆਂ ਦੇ ਉਤਪਾਦਨ ਨਾਲ (ਸ) ਦਰਿਆਵਾਂ ਨੂੰ ਜੋੜਨ ਨਾਲ

ਉੱਤਰ:- ਦੁੱਧ ਉਤਪਾਦਨ ਨਾਲ

(29) ਚਾਹ, ਕੌਫੀ ਤੇ ਤੰਬਾਕੂ ਕਿਹੋ ਜਿਹੀਆਂ ਫ਼ਸਲਾਂ ਹਨ?

(ੳ) ਨਕਦ ਫ਼ਸਲਾਂ (ਅ) ਪੇਅ ਪਦਾਰਥ ਫ਼ਸਲਾਂ (ੲ) ਖੁਰਾਕੀ ਫ਼ਸਲਾਂ (ਸ) ੳ ਅਤੇ ਅ ਦੋਹੇਂ

ਉੱਤਰ:- ੳ ਅਤੇ ਅ ਦੋਹੇਂ

(30) ਸੰਸਾਰ ਦਾ ਸਭ ਤੋਂ ਵੱਡਾ ਪਟਸਨ ਉਤਪਾਦਕ ਇਲਾਕਾ ਕਿਹੜਾ ਹੈ?

(ੳ) ਪੰਜਾਬ ਦਾ ਮੈਦਾਨ (ਅ) ਕਸ਼ਮੀਰ ਦੀ ਘਾਟੀ (ੲ) ਤਾਮਿਲਨਾਡੂ ਦੇ ਘਾਟ (ਸ) ਸੁੰਦਰਬਨ

ਉੱਤਰ:- ਸੁੰਦਰਬਨ

(31)ਤਰਾਈ ਖੇਤਰ ਕਿਸ ਉਤਪਾਦਨ ਨਾਲ ਸੰਬੰਧਿਤ ਹੈ ?

(ੳ) ਚਾਹ ਉਤਪਾਦਨ (ਅ) ਤੰਬਾਕੂ ਉਤਪਾਦਨ (ੲ) ਗੰਨਾ ਉਤਪਾਦਨ (ਸ) ਕਪਾਹ ਉਤਪਾਦਨ

ਉੱਤਰ:- ਗੰਨਾ ਉਤਪਾਦਨ

(32)ਹੇਠ ਲਿਖਿਆਂ ਵਿੱਚੋਂ ਕਿਹੜੀ ਖਣਿਜ ਪਦਾਰਥਾਂ ਦੀ ਵਿਸ਼ੇਸ਼ਤਾ ਨਹੀਂ ਹੈ?

(ੳ) ਇਕੋ ਜਿਹੇ ਗੁਣ (ਅ) ਕੁਦਰਤੀ ਵਾਪਰੇ ਤੱਤ (ੲ) ਵਿਆਖਿਆਮਈ ਸਰੰਚਨਾ (ਸ) ਕੋਈ ਵੀ ਨਹੀਂ

ਉੱਤਰ:- ਕੋਈ ਵੀ ਨਹੀਂ

(33) ਰੂਹਰ ਘਾਟੀ ਕਿਸ ਦੇਸ਼ ਵਿੱਚ ਪੈਂਦੀ ਹੈ?

(ੳ) ਆਸਟ੍ਰੇਲੀਆ (ਅ)ਜਰਮਨੀ (ੲ) ਜਾਪਾਨ (ਸ) ਭਾਰਤ

ਉੱਤਰ:- ਜਰਮਨੀ

(34)ਕਿਹੜੇ ਸਾਧਨ ਰਵਾਇਤੀ ਊਰਜਾ ਦੇ ਸਰੋਤ ਹਨ ?

(ੳ) ਪੌਣ ਤੇ ਕੋਲਾ (ਅ) ਜਵਾਰੀ ਤੇ ਸੂਰਜੀ (ੲ) ਕੁਦਰਤੀ ਗੈਸਾਂ ਤੇ ਤਰੰਗਾਂ (ਸ)ਕੋਲਾ ਤੇ ਪੈਟਰੋਲੀਅਮ

ਉੱਤਰ:- ਕੋਲਾ ਤੇ ਪੈਟਰੋਲੀਅਮ

(35) ਮੁੰਬਈ ਹਾਈ ਕੀ ਹੈ?

(ੳ) ਪਹਾੜੀ ਸਥਾਨ (ਅ) ਤੇਲ ਉਤਪਾਦਕ ਸਥਾਨ (ੲ) ਕੋਲਾ ਉਤਪਾਦਨ ਪੇਟੀ (ਸ) ਮੈਟਰੋ ਸਟੇਸ਼ਨ

ਉੱਤਰ:- ਤੇਲ ਉਤਪਾਦਕ ਸਥਾਨ

(36) ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਚੂਨਾ ਪੱਥਰ ਨੂੰ ਕੱਚੇ ਮਾਲ ਵਜੋਂ ਵਰਤਦੀ ਹੈ?

(ੳ) ਐਲੂਮੀਨੀਅਮ (ਅ) ਸੀਮਿੰਟ (ੲ) ਪਲਾਸਟਿਕ (ਸ) ਆਟੋ ਮੋਬਾਇਲ

ਉੱਤਰ:- ਸੀਮਿੰਟ

(37) ਹੇਠ ਲਿਖਿਆ ਵਿੱਚੋਂ ਕਿਹੜੀ ਏਜੰਸੀ ਸਰਕਾਰੀ ਖੇਤਰ ਦੇ ਕਾਰਖਾਨਿਆਂ ਨੂੰ ਇਸਪਾਤ ਪ੍ਰਦਾਨ ਕਰਦੀ ਹੈ?

(ੳ) HAIL (ਅ)SAIL (ੲ) TATA Steel (ਸ) MNCC

ਉੱਤਰ:- SAIL

(38) ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਬਾਕਸਾਈਟ ਨੂੰ ਕੱਚੇ ਮਾਲ ਵਜੋਂ ਵਰਤਦੀ ਹੈ?

(ੳ) ਐਲੂਮੀਨੀਅਮ ਸ਼ੁੱਧੀਕਰਨ (ਅ) ਸੀਮਿੰਟ ਨਿਰਮਾਣ

(ੲ) ਕਾਗਜ਼ ਨਿਰਮਾਣ (ਸ) ਇਸਪਾਤ

ਉੱਤਰ:- ਐਲਮੀਨੀਅਮ ਸ਼ੁੱਧੀਕਰਨ

(39)ਹੇਠ ਲਿਖਿਆਂ ਵਿੱਚੋਂ ਕਿਹੜੀ ਸਨਅਤ ਟੈਲੀਫੋਨ, ਕੰਪਿਊਟਰ ਆਦਿ ਬਣਾਉਂਦੀ ਹੈ?

(ੳ) ਇਸਪਾਤ (ਅ)ਐਲੂਮੀਨੀਅਮ ਸ਼ੁੱਧੀਕਰਨ

(ੲ) ਇਲੈਕਟ੍ਰਾਨਿਕ (ਸ) ਸੂਚਨਾ ਤਕਨੀਕ

ਉੱਤਰ:- ਇਲੈਕਟ੍ਰਾਨਿਕ

(40) ਨਿਰਮਾਣ ਖੇਤਰ ਨੂੰ ਵਿਕਾਸ ਦੀ --------------- ਕਿਹਾ ਜਾਂਦਾ ਹੈ।

(ੳ) ਮਾਨਸਿਕਤਾ (ਅ)ਰੀੜ੍ਹ ਦੀ ਹੱਡੀ (ੲ) ਤਾਕਤ (ਸ) ਚਮੜੀ

ਉੱਤਰ:- ਰੀੜ੍ਹ ਦੀ ਹੱਡੀ

(41) ਭਾਰਤ ਸਰਕਾਰ ਵੱਲੋਂ ਕਿੰਨ੍ਹੇ ਮੈਗਾ ਫੂਡ ਪਾਰਕ ਬਣਾਏ ਗਏ ਹਨ?

(ੳ) 40 (ਅ) 42 (ੲ) 45 (ਸ) 48

ਉੱਤਰ:-42

(42) ਬੀ.ਐੱਚ.ਈ.ਐੱਲ ਦਾ ਪੂਰਾ ਨਾਮ ਕੀ ਹੈ?

(ੳ) ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ (ਅ) ਭਾਰਤ ਹੀਟ ਐਂਡ ਐਨਰਜੀ ਲਿਮਟਿਡ

(ੲ) ਭੋਪਾਲ-ਹੈਦਰਾਬਾਦ ਐਨਰਜੀ ਲਿਮਟਿਡ (ਸ) ਕੋਈ ਵੀ ਨਹੀਂ

ਉੱਤਰ:- ਭਾਰਤ ਹੈਵੀ ਇਲੈਕਟ੍ਰੀਕਲ ਲਿਮਟਿਡ

(43) ਖੰਡ (ਚੀਨੀ) ਸਨਅਤ,______________ ਸਨਅਤ ਹੈ।

(ੳ) ਕੱਚਾ ਮਾਲ ਆਧਾਰਿਤ (ਅ) ਖੇਤੀ ਆਧਾਰਿਤ (ੲ) ਭਾਰੀ ਤੇ ਵੱਡੀ ਸਨਅਤ (ਸ) ਕੋਈ ਵੀ ਨਹੀਂ

ਉੱਤਰ:- ਖੇਤੀ ਅਧਾਰਿਤ

(44) ਪੂਰਬ-ਪੱਛਮ ਗਲਿਆਰੇ ਸੰਬੰਧੀ ਕਿਹੜਾ ਜੋੜਾ ਸਭ ਤੋਂ ਵੱਧ ਦੂਰ ਅਤੇ ਸਹੀ ਹੈ?

(ੳ) ਮੁੰਬਈ-ਨਾਗਪੁਰ (ਅ)ਮੁੰਬਈ-ਕੋਲਕਾਤਾ (ੲ) ਸਿਲਚਰ-ਪੋਰਬੰਦਰ (ਸ) ਨਾਗਪੁਰ-ਸਿਲੀਗੁੜੀ

ਉੱਤਰ:- ਸਿਲਚਰ-ਪੋਰਬੰਦਰ

(45) ਆਵਾਜਾਈ ਦੀ ਕਿਹੜੀ ਵੰਨਗੀ ਸ਼ਿੱਪਮੈਂਟ (ਵਪਾਰਕ ਆਵਾਜਾਈ) ਦੇ ਨੁਕਸਾਨਾਂ ਤੇ ਦੇਰੀ ਤੋਂ ਬਚਾਅ ਕਰਦੀ ਹੈ?

(ੳ) ਰੇਲਵੇਜ਼ (ਅ)ਪਾਈਪਲਾਈਨਜ਼ (ੲ)ਰੋਡਵੇਜ਼ (ਸ)ਵਾਟਰਵੇਜ਼

ਉੱਤਰ:- ਪਾਈਪਲਾਈਨਜ਼

(46) ਇਹਨਾਂ ਵਿੱਚੋਂ ਕਿਹੜਾ ਰਾਜ H.V.J. ਪਾਈਪਲਾਈਨ ਨਾਲ ਜੁੜਿਆ ਹੋਇਆ ਨਹੀਂ ਹੈ?

(ੳ) ਮੱਧ ਪ੍ਰਦੇਸ਼ (ਅ) ਮਹਾਂਰਾਸ਼ਟਰ (ੲ)ਗੁਜਰਾਤ (ਸ)ਉੱਤਰ ਪ੍ਰਦੇਸ਼

ਉਤਰ:- ਮਹਾਂਰਾਸ਼ਟਰ

(47) ਪੂਰਬੀ ਤੱਟੀ ਇਲਾਕੇ ਵਿਚ ਹੇਠ ਲਿਖਿਆਂ ਵਿੱਚੋਂ ਕਿਹੜੀ ਬੰਦਰਗਾਹ ਸਭ ਤੋਂ ਡੂੰਘੀ ਤੇ ਚੁਫੇਰਿਓਂ ਘਿਰੀ ਹੋਣ ਕਾਰਨ ਸੁਰੱਖਿਅਤ ਹੈ?

(ੳ) ਚੇਨੱਈ (ਅ) ਪਾਰਾਦੀਪ (ੲ)ਤੂਤੀਕੋਰਿਨ (ਸ)ਵਿਸ਼ਾਖਾਪਟਨਮ

ਉੱਤਰ:- ਵਿਸ਼ਾਖਾਪਟਨਮ

(48) ਭਾਰਤ ਵਿੱਚ ਆਵਾਜਾਈ ਦਾ ਕਿਹੜਾ ਢੰਗ ਸਭ ਤੋਂ ਵੱਧ ਹਰਮਨ ਪਿਆਰਾ ਹੈ?

(ੳ) ਪਾਈਪਲਾਈਨ (ਅ) ਰੇਲਵੇਜ਼ (ੲ)ਰੋਡਵੇਜ਼ (ਸ)ਏਅਰਵੇਅਜ਼

ਉੱਤਰ:- ਰੇਲਵੇਜ਼

(49) ਦੋ ਜਾਂ ਵੱਧ ਦੇਸ਼ਾਂ ਵਿਚਾਲੇ ਵਪਾਰ ਨੂੰ ਹੇਠ ਲਿਖਿਆਂ ਵਿਚੋਂ ਕਿਹੜਾ ਨਾਮ ਸਭ ਤੋਂ ਵਧੀਆ ਦਰਸਾਉਂਦਾ ਹੈ?

(ੳ) ਅੰਦਰੂਨੀ ਵਪਾਰ (ਅ) ਬਾਹਰੀ ਵਪਾਰ (ੲ)ਕੌਮਾਂਤਰੀ ਵਪਾਰ (ਸ)ਸਥਾਨਕ ਵਪਾਰ

ਉੱਤਰ:- ਕੌਮਾਂਤਰੀ ਵਪਾਰ

(50) ਰਾਜ ਮਾਰਗਾਂ ਦੇ ਨਿਰਮਾਣ ਤੇ ਸੰਭਾਲ ਲਈ ਕੌਣ ਜ਼ਿੰਮੇਵਾਰ ਹੁੰਦਾ ਹੈ?

(ੳ)NHAI (ਅ) ਲੋਕ ਨਿਰਮਾਣ ਵਿਭਾਗ (P.W.D.)(ੲ)ਜ਼ਿਲ੍ਹਾ-ਪ੍ਰੀਸ਼ਦਾਂ (ਸ)ਕੇਂਦਰ ਸਰਕਾਰ

ਉੱਤਰ:- ਲੋਕ ਨਿਰਮਾਣ ਵਿਭਾਗ (P.W.D.)

(51) ਸਟੈਂਡਰਡ ਗੇਜ਼ (ਰੇਲ ਲੀਹਾਂ) ਦੀ ਚੌੜਾਈ ਕਿੰਨ੍ਹੀ ਹੁੰਦੀ ਹੈ?

(ੳ)1676 ਮਿ.ਮੀ (ਅ) 1435 ਮਿ.ਮੀ (ੲ) 1000 ਮਿ.ਮੀ (ਸ) 1500 ਮਿ.ਮੀ

ਉੱਤਰ:- 1435 ਮਿ.ਮੀ

(52) ਭਾਰਤ ਦੀ ਸਭ ਤੋਂ ਵੱਡੀ ਬੰਦਰਗਾਹ ਕਿਹੜੀ ਹੈ?

(ੳ) ਚੇਨੱਈ (ਅ) ਹਲਦੀਆ (ੲ)ਮੁੰਬਈ (ਸ)ਕਾਂਡਲਾ

ਉੱਤਰ:- ਮੁੰਬਈ

(53) ਬੀ.ਆਰ.ਆਈ. ਦਾ ਪੂਰਾ ਨਾਮ ਕੀ ਹੈ?

(ੳ) ਰਿਜ਼ਰਵ ਬੈਂਕ ਆਫ ਇੰਡੀਆ ਬੈਸਟ (ਅ) ਬੈਲਟ ਐਂਡ ਰੋਡ ਇਨੀਸ਼ੀਏਟਿਵ

(ੲ) ਬੈਲਟ ਐਂਡ ਰਿਜ਼ਰਵ ਆਫ਼ ਇੰਡੀਆ (ਸ) ਕੋਈ ਵੀ ਨਹੀਂ

ਉੱਤਰ:- ਬੈਲਟ ਐਂਡ ਰੋਡ ਇਨੀਸ਼ੀਏਟਿਵ

(54)ਅਰਥ ਸ਼ਾਸਤਰ ਦੀ ਧਨ ਸੰਬੰਧੀ ਪਰਿਭਾਸ਼ਾ ਕਿਸਨੇ ਦਿੱਤੀ?

(ੳ) ਐਲਫ੍ਰੈਡ ਮਾਰਸ਼ਲ (ਅ) ਐਡਮ ਸਮਿਥ (ੲ) ਏ.ਸੀ.ਪੀਗੂ (ਸ)ਸੈਮੂਅਲਸਨ

ਉੱਤਰ:- ਐਡਮ ਸਮਿਥ

(55) ਅਰਥਸ਼ਾਸਤਰ ਦੀ ਭੌਤਿਕ ਕਲਿਆਣ ਸੰਬੰਧੀ ਪਰਿਭਾਸ਼ਾ ਕਿਸਨੇ ਦਿੱਤੀ?

(ੳ) ਐਲਫ੍ਰੈਡ ਮਾਰਸ਼ਲ (ਅ) ਐਡਮ ਸਮਿਥ (ੲ) ਏ.ਸੀ.ਪੀਗੂ (ਸ)ਸੈਮੂਅਲਸਨ

ਉੱਤਰ:- ਐਲਫ੍ਰੈਡ ਮਾਰਸ਼ਲ

(56) ਸਰਵਜਨਕ ਕਰਜ਼ ਦੇ ਮੁੱਖ ਸਾਧਨ ਕਿਹੜੇ ਹਨ?

(ੳ) ਅੰਦਰੂਨੀ ਸਾਧਨ (ਅ) ਬਾਹਰੀ ਸਾਧਨ (ੲ) ੳ ਅਤੇ ਅ ਦੋਵੇਂ (ਸ)ਉਪਰੋਕਤ ਵਿੱਚੋਂ ਕੋਈ ਨਹੀਂ

ਉੱਤਰ:- ੳ ਅਤੇ ਅ ਦੋਵੇਂ

(57) ਭੁਗਤਾਨ ਬਾਕੀ ਦਾ ਸੰਬੰਧ ਕਿਹੜੀ ਅਰਥਵਿਵਸਥਾ ਨਾਲ ਹੈ?

(ੳ) ਖੁੱਲ੍ਹੀ ਅਰਥਵਿਵਸਥਾ (ਅ) ਬੰਦ ਅਰਥਵਿਵਸਥਾ (ੲ) ਨਿੱਜੀ ਅਰਥਵਿਵਸਥਾ (ਸ)ਮੁਕਤ ਅਰਥਵਿਵਸਥਾ

ਉੱਤਰ:- ਖੁੱਲ੍ਹੀ ਅਰਥਵਿਵਸਥਾ

(58) ਸਰਕਾਰ ਦੀ ਮੌਦਰਿਕ ਨੀਤੀ ਦਾ ਸੰਬੰਧ ਕਿਸ ਨਾਲ ਹੈ?

(ੳ) ਸਰਕਾਰ ਦੀ ਆਮਦਨ (ਅ)ਸਰਕਾਰ ਦੇ ਖਰਚ

(ੲ)ਮੁਦਰਾ ਦੀ ਮੰਗ ਅਤੇ ਪੂਰਤੀ (ਸ)ਭੁਗਤਾਨ ਬਾਕੀ

ਉੱਤਰ:- ਮੁਦਰਾ ਦੀ ਮੰਗ ਅਤੇ ਪੂਰਤੀ

(59) ਆਰਥਿਕ ਵਿਕਾਸ ਵਿੱਚ ਹੇਠਾਂ ਲਿਖਿਆਂ ਵਿੱਚੋਂ ਕਿਸਨੂੰ ਸ਼ਾਮਲ ਕੀਤਾ ਜਾਂਦਾ ਹੈ?

(ੳ) ਮਾਤਰਾਤਮਕ ਬਦਲਾਅ (ਅ) ਗੁਣਾਤਮਕ ਬਦਲਾਅ

(ੲ) ੳ ਅਤੇ ਅ ਦੋਵੇਂ (ਸ) ਜੀਵਨ ਪੱਧਰ

ਉੱਤਰ:- ੳ ਅਤੇ ਅ ਦੋਵੇਂ

(60) ਸ਼ਿਸ਼ੂ ਮੌਤ ਦਰ ਵਿੱਚ ਕਿੰਨ੍ਹੇ ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਦੀ ਮੌਤ ਦਰ ਨੂੰ ਸ਼ਾਮਲ ਕੀਤਾ ਜਾਂਦਾ ਹੈ ?

(ੳ) 1 ਸਾਲ (ਅ) 2 ਸਾਲ (ੲ)3ਸਾਲ (ਸ) 4 ਸਾਲ

ਉੱਤਰ:- 1 ਸਾਲ

(61) ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ਕਿਸ ਦੁਆਰਾ ਕੀਤਾ ਗਿਆ?

(ੳ) ਮੌਰਿਸ ਡੀ. ਮੌਰਿਸ (ਅ) ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ

(ੲ) ਸੰਯੁਕਤ ਰਾਸ਼ਟਰ ਸੰਘ (ਸ) ਸੰਯੁਕਤ ਰਾਸ਼ਟਰ ਬਾਲ ਫੰਡ

ਉੱਤਰ:- ਮੌਰਿਸ ਡੀ. ਮੌਰਿਸ

(62) 2021 ਵਿੱਚ ਭਾਰਤ ਦਾ ਮਾਨਵ ਵਿਕਾਸ ਸੂਚਕ ਅੰਕ ਵਿੱਚ ਕੀ ਦਰਜਾ ਸੀ?

(ੳ) 129 (ਅ) 130 (ੲ) 131 (ਸ)132

ਉੱਤਰ:- 132

(63)ਕੇਰਲ ਵਿੱਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਜਨਸੰਖਿਆ ਦਾ ਅਨੁਪਾਤ ਕਿੰਨ੍ਹਾ ਹੈ ?

(ੳ) 6.05% (ਅ) 7.00% (ੲ) 7.05% (ਸ) 7.10%

ਉੱਤਰ:- 7.05%

(64) 2011 ਦੀ ਜਨਗਣਨਾ ਮੁਤਾਬਕ ਭਾਰਤ ਦੀ ਕਿੰਨ੍ਹੇ ਪ੍ਰਤੀਸ਼ਤ ਜਨਸੰਖਿਆ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਸੀ?

(ੳ) 20.9% (ਅ) 21.9% (ੲ) 22.9% (ਸ)23.9%

ਉੱਤਰ:- 21.9 %

(65)ਮਾਤਾ ਮੌਤ ਦਰ ਤੋਂ ਭਾਵ ਪ੍ਰਤੀ........................ਬੱਚਿਆਂ ਨੂੰ ਜਨਮ ਦਿੰਦੇ ਸਮੇਂ ਮਾਤਾਵਾਂ ਦੀ ਹੋਣ ਵਾਲੀ ਮੌਤ ਦੀ ਦਰ ਤੋਂ ਹੈ।

(ੳ) 1000 (ਅ) 10000 (ੲ) 100000 (ਸ)100000

ਉੱਤਰ:- 100000

(66) ਕਿਸ ਸਮੇਂ, ਗਾਹਕਾਂ ਨੂੰ ਉਨ੍ਹਾਂ ਦੀ ਮੰਗ ਜਮ੍ਹਾਂ ਖਾਤੇ ਵਿਚੋਂ ਪੈਸੇ ਵਾਪਸ ਲੈਣ ਦੀ ਆਗਿਆ ਹੁੰਦੀ ਹੈ?

(ੳ) ਕਦੇ ਵੀ (ਅ) ਸਮੇਂ ਦੀ ਸਮਾਪਤੀ ਤੋਂ ਪਹਿਲਾਂ

(ੲ) ਸਮੇਂ ਦੀ ਸਮਾਪਤੀ ਤੋਂ ਬਾਅਦ (ਸ) ਕਦੇ ਨਹੀਂ

ਉੱਤਰ:- ਕਦੇ ਵੀ

(67) ਹੇਠ ਲਿਖਿਆਂ ਵਿਚੋਂ ਕਿਹੜਾ ਮੁਦਰਾ ਦਾ ਕਾਰਜ ਨਹੀਂ ਹੈ?

(ੳ) ਵਟਾਂਦਰੇ ਦਾ ਸਾਧਨ (ਅ) ਮੁੱਲ ਦਾ ਮਾਪ (ੲ) ਮੁੱਲ ਦਾ ਭੰਡਾਰ (ਸ) ਬੱਚਤ ਖਾਤਾ

ਉੱਤਰ:- ਬੱਚਤ ਖਾਤਾ

(68) ਹੇਠ ਲਿਖਿਆਂ ਵਿਚੋਂ ਕਿਹੜਾ ਉਧਾਰ ਦਾ ਰਸਮੀ ਸਰੋਤ ਨਹੀਂ ਹੈ ?

(ੳ)ਰਾਸ਼ਟਰੀਕ੍ਰਿਤ ਬੈਂਕ (ਅ) ਸਹਿਕਾਰੀ (ੲ) ਨਿੱਜੀ ਬੈਂਕ (ਸ) ਮਹਾਜਨ

ਉੱਤਰ:- ਮਹਾਜਨ

(69)ਹੇਠਾਂ ਲਿਖਿਆਂ ਵਿੱਚੋਂ ਕਿਹੜੀ ਆਰਥਿਕ ਕਿਰਿਆ ਨੂੰ ਗੌਣ ਖੇਤਰ ਵਿੱਚ ਸ਼ਾਮਲ ਕੀਤਾ ਜਾਂਦਾ ਹੈ?

(ੳ) ਖੁਦਾਈ (ਅ)ਨਿਰਮਾਣ (ੲ)ਯਾਤਾਯਾਤ ਤੇ ਸੰਚਾਰ (ਸ) ਉਪਰੋਕਤ ਸਾਰੇ

ਉੱਤਰ:- ਨਿਰਮਾਣ

(70) 2020-21 ਵਿੱਚ ਸੇਵਾ ਖੇਤਰ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਯੋਗਦਾਨ ਕਿੰਨ੍ਹੇ ਪ੍ਰਤੀਸ਼ਤ ਸੀ?

(ੳ) 50.4% (ਅ)51.3% (ੲ)52.8% (ਸ)53.89%

ਉੱਤਰ:- 53.89%

(71)ਯੋਜਨਾਕਾਲ ਦੇ ਦੌਰਾਨ, ਭਾਰਤ ਵਿਚ ਸੇਵਾ ਖੇਤਰ ਦੀ ਵਿਕਾਸ ਦਰ ਕਿੰਨ੍ਹੇ ਪ੍ਰਤੀਸ਼ਤ ਰਹੀ ਹੈ?

(ੳ) 8 (ਅ)9 (ੲ)10 (ਸ) 11

ਉੱਤਰ:-9

(72)ਹੇਠ ਲਿਖਿਆਂ ਵਿੱਚੋਂ ਕਿਸ ਨੂੰ ਮਨੁੱਖੀ ਪੂੰਜੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ?

(ੳ) ਅਧਿਆਪਕ (ਅ)ਡਾਕਟਰ (ੲ) ਇੰਜੀਨੀਅਰ (ਸ)ਉਪਰੋਕਤ ਸਾਰੇ

ਉੱਤਰ:- ਉਪਰੋਕਤ ਸਾਰੇ

(73)ਭਾਰਤ ਦੀ ਜਨਸੰਖਿਆ ਦੀ ਸਾਲਾਨਾ ਵਾਧਾ ਦਰ ਕਿੰਨ੍ਹੇ ਪ੍ਰਤੀਸ਼ਤ ਹੈ?

(ੳ)1.6 (ਅ)1.7 (ੲ)1.8 (ਸ) 1.9

ਉੱਤਰ:-1.7

(74)ਵਰਤਮਾਨ ਸਮੇਂ ਵਿਚ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ ਤੇ ਕੁੱਲ ਘਰੇਲੂ ਉਤਪਾਦਨ ਦਾ ਕਿੰਨ੍ਹੇ ਪ੍ਰਤੀਸ਼ਤ ਖਰਚ ਕੀਤਾ ਜਾ ਰਿਹਾ ਹੈ?

(ੳ) 4 (ਅ)5 (ੲ)6 (ਸ) 7

ਉੱਤਰ:-4

(75)ਸੇਵਾ ਖੇਤਰ, ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ........................ ਪ੍ਰਤੀਸ਼ਤ ਯੋਗਦਾਨ ਦੇ ਰਿਹਾ ਹੈ।

(ੳ) 19 (ਅ)20 (ੲ)21 (ਸ) 22

ਉੱਤਰ:-20

(76) ਉਹ ਵਪਾਰ ਜੋ ਦੇਸ਼ਾਂ ਵਿਚਕਾਰ ਹੁੰਦਾ ਹੈ, ਨੂੰ ਕਹਿੰਦੇ ਹਨ-

(ੳ) ਵਿਦੇਸ਼ੀ ਵਪਾਰ (ਅ) ਖੇਤਰੀ ਵਪਾਰ (ੲ) ੳ ਅਤੇ ਅ ਦੋਵੇਂ (ਸ)ਇਹਨਾਂ ਵਿਚੋਂ ਕੋਈ ਨਹੀਂ

ਉੱਤਰ:- ਵਿਦੇਸ਼ੀ ਵਪਾਰ

(77) ਨਵੀਂ ਆਰਥਿਕ ਨੀਤੀ ਨੂੰ ਅਪਣਾਉਣ ਦੇ ਪਿੱਛੇ ਮੁੱਖ ਕਾਰਨ ਕੀ ਸਨ?

(ੳ) ਭੁਗਤਾਨ ਸੰਤੁਲਨ ਵਿੱਚ ਘਾਟਾ (ਅ) ਮੁਦਰਾ ਸਫੀਤੀ ਦੀ ਦਰ ਵਿੱਚ ਵਾਧਾ

(ੲ) ਵਿਦੇਸ਼ੀ ਮੁਦਰਾ ਭੰਡਾਰ ਵਿੱਚ ਘਾਟਾ (ਸ) ਉਪਰੋਕਤ ਸਾਰੇ

ਉੱਤਰ:- ਉਪਰੋਕਤ ਸਾਰੇ

(78) ਭਾਰਤ ਵਿਸ਼ਵ ਵਪਾਰ ਸੰਗਠਨ ਦਾ ਮੈਂਬਰ ਕਦੋਂ ਬਣਿਆ ?

(ੳ) 1 ਜਨਵਰੀ 1994 (ਅ) 1 ਜਨਵਰੀ 1995 (ੲ) 1 ਜਨਵਰੀ 1996 (ਸ) 1 ਜਨਵਰੀ 1997

ਉੱਤਰ:- 1 ਜਨਵਰੀ 1995

(79) ਨਿਰਪੱਖ ਵਿਸ਼ਵੀਕਰਨ ਕੀ ਹੈ?

(ੳ) ਸਾਰਿਆਂ ਲਈ ਬਰਾਬਰ ਲਾਭ (ਅ) ਮੁਹਾਰਤ ਅਤੇ ਗੈਰ ਮੁਹਾਰਤ ਕਿਰਤ ਲਈ ਬਰਾਬਰ ਮੌਕੇ

(ੲ) ੳ ਅਤੇ ਅ ਦੋਵੇਂ (ਸ) ਇਨ੍ਹਾਂ ਵਿਚੋਂ ਕੋਈ ਨਹੀਂ

ਉੱਤਰ:- ੳ ਅਤੇ ਅ ਦੋਵੇਂ

(80) ਭਾਰਤ ਵਿਚ ਹਰ ਸਾਲ 'ਰਾਸ਼ਟਰੀ ਉਪਭੋਗਤਾ ਦਿਵਸ' ਕਦੋਂ ਮਨਾਇਆ ਜਾਂਦਾ ਹੈ?

(ੳ) 15 ਅਗਸਤ (ਅ)26 ਜਨਵਰੀ (ੲ)24 ਦਸੰਬਰ (ਸ)15 ਮਾਰਚ

ਉੱਤਰ:- 24 ਦਸੰਬਰ

(81) 'ਐਗਮਾਰਕ ਲੋਗੋ' ਹੇਠ ਲਿਖਿਆਂ ਵਿੱਚੋਂ ਕਿਸ ਲਈ ਵਰਤਿਆ ਜਾਂਦਾ ਹੈ?

(ੳ) ਸੁਰੱਖਿਆ ਉਤਪਾਦਾਂ ਲਈ (ਅ) ਗਹਿਣਿਆਂ ਲਈ

(ੲ)ਖੇਤੀ ਉਤਪਾਦਾਂ ਲਈ (ਸ)ਡੱਬਾ ਬੰਦ ਭੋਜਨ ਲਈ

ਉੱਤਰ:- ਖੇਤੀ ਉਤਪਾਦਾਂ ਲਈ

(82) ਕੋਪਰਾ__________ ਸਾਲ ਵਿਚ ਲਾਗੂ ਕੀਤਾ ਗਿਆ ਸੀ।

(ੳ) 1986 (ਅ) 1960 (ੲ) 1947 (ਸ) 1990

ਉੱਤਰ:- 1986

(83)ਰਾਸ਼ਟਰੀ ਪੱਧਰ ਦੀਆਂ ਉਪਭੋਗਤਾ ਅਦਾਲਤਾਂ ਹੇਠ ਲਿਖਿਆਂ ਵਿੱਚੋਂ ਕਿਸ ਰਕਮ ਤੋਂ ਵੱਧ ਦੇ ਦਾਅਵਿਆਂ ਨਾਲ ਨਜਿੱਠਦੀਆਂ ਹਨ?

(ੳ) 25 ਲੱਖ (ਅ) 1 ਕਰੋੜ (ੲ)50 ਲੱਖ (ਸ) 5 ਲੱਖ

ਉੱਤਰ:- 1 ਕਰੋੜ

(84) ਹੇਠਾਂ ਲਿਖਿਆਂ ਵਿੱਚੋਂ ਕਿਹੜਾ ਬੀਮੇ ਦਾ ਇੱਕ ਲਾਭ ਹੈ?

(ੳ) ਇਹ ਜੋਖ਼ਮ ਦੇ ਸਮੇਂ ਸੁਰੱਖਿਆ ਪ੍ਰਦਾਨ ਕਰਦਾ ਹੈ। (ਅ) ਇਹ ਸ਼ੇਅਰਾਂ ਦੀ ਖਰੀਦ-ਵੇਚ ਵਿੱਚ ਮਦਦ ਕਰਦਾ ਹੈ।

(ੲ) ਇਸ ਤੋਂ ਵਿਅਕਤੀ ਜਦੋਂ ਚਾਹੇ ਧਨ ਪ੍ਰਾਪਤ ਕਰ ਸਕਦਾ ਹੈ। (ਸ)ਇਸ ਨਾਲ ਵਿਅਕਤੀ ਕੋਲ ਧਨ ਦੀ ਕਮੀ ਨਹੀਂ ਰਹਿੰਦੀ।

ਉੱਤਰ:- ਇਹ ਜੋਖ਼ਮ ਦੇ ਸਮੇਂ ਸੁਰੱਖਿਆ ਪ੍ਰਦਾਨ ਕਰਦਾ ਹੈ।

(85) ਹੇਠਾਂ ਲਿਖਿਆਂ ਵਿੱਚੋਂ ਕਿਹੜਾ ਸਟਾਕ ਐਕਸਚੇਂਜ ਬਜ਼ਾਰ ਦੇ ਮਹੱਤਵ ਨੂੰ ਦਰਸਾਉਂਦਾ ਹੈ?

(ੳ)ਇਸ ਨਾਲ ਕੰਪਨੀਆਂ ਨੂੰ ਵਿਕਾਸ ਕਰਨ ਲਈ ਧਨ ਪ੍ਰਾਪਤ ਹੁੰਦਾ ਹੈ।

(ਅ) ਇਸ ਨਾਲ ਆਰਥਿਕ ਕਿਰਿਆਵਾਂ ਦੇ ਪੱਧਰ ਵਿਚ ਵਾਧਾ ਹੁੰਦਾ ਹੈ।

(ੲ) ਇਸ ਨਾਲ ਦੇਸ਼ ਦੀ ਉਤਪਾਦਨ ਸ਼ਕਤੀ ਦਾ ਵਿਕਾਸ ਹੁੰਦਾ ਹੈ।

(ਸ) ਉਪਰੋਕਤ ਸਾਰੇ।

ਉੱਤਰ:- ਉਪਰੋਕਤ ਸਾਰੇ।

(86) ਸਟਾਕ ਐਕਸਚੇਂਜ ਬਾਜ਼ਾਰ ਵਿਚ ਨਿਵੇਸ਼ ਕਰਨ ਤੋਂ ਪਹਿਲਾਂ ਹੇਠਾਂ ਵਿੱਚੋਂ ਕਿਹੜੀਆ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ?

(ੳ) ਸਾਰਾ ਧਨ ਇੱਕ ਹੀ ਕੰਪਨੀ ਵਿੱਚ ਨਾ ਲਗਾਇਆ ਜਾਵੇ। (ਅ) ਵਿਚੋਲਾ ਕੰਪਨੀ ਦੀ ਮਦਦ ਪ੍ਰਾਪਤ ਕੀਤੀ ਜਾਵੇ।

(ੲ) ਜੋਖ਼ਮ ਦੀ ਦਰ ਦਾ ਅਨੁਮਾਨ ਪਹਿਲਾਂ ਹੀ ਲਗਾ ਲਿਆ ਜਾਵੇ। (ਸ) ਉਪਰੋਕਤ ਸਾਰੇ।

ਉੱਤਰ:- ਉਪਰੋਕਤ ਸਾਰੇ।

(87) ਪੰਜਾਬ ਸ਼ਬਦ ਕਿਹੜੀ ਭਾਸ਼ਾ ਦੇ ਸ਼ਬਦ ਜੋੜਾਂ ਦਾ ਸੁਮੇਲ ਹੈ?

ੳ. ਅਰਬੀ ਅ. ਫਾਰਸੀ ੲ. ਸਿੰਧੀ ਸ. ਹਿੰਦੀ

ਉੱਤਰ:- ਫਾਰਸੀ

(88) ਹੇਠ ਲਿਖਿਆਂ ਵਿੱਚੋਂ ਕਿਹੜਾ ਨਾਂ ਪੰਜਾਬ ਨੂੰ ਕਦੇ ਨਹੀਂ ਦਿੱਤਾ ਗਿਆ?

ੳ. ਪੈਂਟਾਪੋਟਾਮੀਆ ਅ. ਟੱਕੀ ੲ. ਸੇਕੀਆ ਸ. ਹੋਡੂ

ਉੱਤਰ:- ਹੋਡੂ

(89) ਕਿਸ ਮੁਗਲ ਬਾਦਸ਼ਾਹ ਦੇ ਸਮੇਂ ਤੋਂ ਦੋ ਦਰਿਆਵਾਂ ਵਿਚਕਾਰਲੇ ਮੈਦਾਨ ਨੂੰ 'ਦੁਆਬਾ' ਕਿਹਾ ਜਾਣ ਲੱਗਾ?

ੳ. ਬਾਬਰ ਅ. ਹੁਮਾਯੂੰ ੲ. ਅਕਬਰ ਸ. ਜਹਾਂਗੀਰ

ਉੱਤਰ:- ਅਕਬਰ

(90) ਪੰਜਾਬ ਭਾਰਤ ਦੀ ਕਿਸ ਸੀਮਾ ਤੇ ਸਥਿੱਤ ਹੈ?

ੳ. ਉੱਤਰ-ਪੂਰਬ ਅ. ਉੱਤਰ-ਪੱਛਮ ੲ. ਉੱਤਰ-ਦੱਖਣ ਸ. ਦੱਖਣ-ਪੱਛਮ

ਉੱਤਰ:- ਉੱਤਰ-ਪੱਛਮ

(91). ਪਾਕਿਸਤਾਨੀ ਪੰਜਾਬ ਨੂੰ................ਕਿਹਾ ਜਾਂਦਾ ਹੈ ।

ੳ. ਪੱਛਮੀ ਪੰਜਾਬ ਅ. ਪੂਰਬੀ ਪੰਜਾਬ ੲ. ਉੱਤਰ-ਪੱਛਮੀ ਪੰਜਾਬ ਸ. ਉੱਤਰ-ਪੂਰਬੀ ਪੰਜਾਬ

ਉੱਤਰ:- ਪੱਛਮੀ ਪੰਜਾਬ

(92)ਵੈਦਿਕ ਸਾਹਿਤ ਵਿੱਚ ਪੰਜਾਬ ਦੇ ਧੁਰ ਪੂਰਬ ਵਿੱਚ ਵੱਸਦੇ ਕਿਸ ਦਰਿਆ ਦਾ ਵਰਣਨ ਕੀਤਾ ਗਿਆ ਹੈ?

ੳ. ਸਿੰਧ ਅ. ਜੇਹਲਮ ੲ. ਸਰਸਵਤੀ ਸ. ਚਨਾਬ

ਉੱਤਰ:- ਸਰਸਵਤੀ

(93) ਰਮਾਇਣ ਅਤੇ ਮਹਾਂਭਾਰਤ ਸਮੇਂ ਪੰਜਾਬ ਦਾ ਕੀ ਨਾਮ ਸੀ ?

ੳ. ਟੱਕੀ ਅ. ਸਪਤ ਸਿੰਧੂ ੲ. ਸੇਕੀਆ ਸ. ਪੰਚਨਦ

ਉੱਤਰ:- ਪੰਚਨਦ

(94) ਚੀਨੀ ਸੈਲਾਨੀ ਹਿਊਨਸਾਂਗ ਨੇ ਪੰਜਾਬ ਨੂੰ ਕੀ ਨਾਮ ਦਿੱਤਾ ਸੀ ?

ੳ. ਸੇਕੀਆ ਅ. ਪੰਜਾਬ ੲ. ਬ੍ਰਹਮਵਰਤ ਸ. ਸਰਹੱਦੀ ਸੂਬਾ

ਉੱਤਰ:- ਸੇਕੀਆ

(95) ਹਿੰਦੀ-ਪਾਰਥੀ ਰਾਜਿਆਂ ਦੇ ਅਧੀਨ ਪੰਜਾਬ ਦੀ ਰਾਜਧਾਨੀ "ਸਾਕਲਾ" ਦਾ ਅੱਜਕਲ੍ਹ ਕੀ ਨਾਮ ਹੈ ?

ੳ. ਲਾਹੌਰ ਅ. ਦਿੱਲੀ ੲ. ਸਿਆਲਕੋਟ ਸ. ਇਸਲਾਮਾਬਾਦ

ਉੱਤਰ:- ਸਿਆਲਕੋਟ

(96) ਮੁਗਲ ਕਾਲ ਸਮੇਂ ਪੰਜਾਬ ਕਿਹੜੇ ਦੋ ਪ੍ਰਾਂਤਾਂ ਵਿਚਕਾਰ ਵੰਡਿਆ ਗਿਆ ਸੀ ?

ੳ. ਲਾਹੌਰ ਅਤੇ ਪੇਸ਼ਾਵਰ | ਅ. ਲਾਹੌਰ ਅਤੇ ਇਸਲਾਮਾਬਾਦ

ੲ. ਲਾਹੌਰ ਅਤੇ ਮੁਲਤਾਨ | ਸ. ਲਾਹੌਰ ਅਤੇ ਸਿਆਲਕੋਟ

ਉੱਤਰ:- ਲਾਹੌਰ ਅਤੇ ਮੁਲਤਾਨ

(97) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਦੀ ਪੂਰਬੀ ਹੱਦ ਕਿਹੜੀ ਸੀ ?

ੳ. ਦਰਿਆ ਸਤਲੁਜ | ਅ. ਦਰਿਆ ਸਿੰਧ | ੲ. ਦਰਿਆ ਘੱਗਰ | ਸ. ਦਰਿਆ ਬਿਆਸ

ਉੱਤਰ:- ਦਰਿਆ ਸਤਲੁਜ

(98)1911 ਈ. ਵਿੱਚ ਕਿਸ ਅੰਗਰੇਜ਼ ਵਾਇਸਰਾਇ ਨੇ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾ ਕੇ ਪੰਜਾਬ ਨੂੰ ਵੱਖ ਕਰ ਦਿੱਤਾ ?

ੳ. ਲਾਰਡ ਕਰਜ਼ਨ | ਅ. ਲਾਰਡ ਵਾਰਨ ਹੇਸਟਿੰਗਜ਼

ੲ. ਲਾਰਡ ਡਲਹੌਜ਼ੀ | ਸ. ਲਾਰਡ ਹਾਰਡਿੰਗ

ਉੱਤਰ:- ਲਾਰਡ ਹਾਰਡਿੰਗ

(99) 1947 ਈ. ਵਿੱਚ ਪੰਜਾਬ ਦੀ ਵੰਡ ਸਮੇਂ ਪੰਜਾਬ ਦੇ 29 ਜਿਲ੍ਹਿਆਂ ਵਿੱਚੋਂ ਭਾਰਤੀ ਪੰਜਾਬ ਦੇ ਹਿੱਸੇ ਕਿੰਨ੍ਹੇ ਜਿਲ੍ਹੇ ਆਏ?

ੳ. ਬਾਰਾਂ | ਅ. ਤੇਰਾਂ | ੲ. ਚੌਦਾਂ | ਸ. ਦਸ

ਉੱਤਰ:- ਤੇਰਾਂ

(100) ਦਰਿਆ ਸਿੰਧ ਤੋਂ ਲੈ ਕੇ ਦਰਿਆ ਯਮੁਨਾ ਦੇ ਵਿਚਕਾਰ ਪੰਜਾਬ......................ਦਾ ਟੁਕੜਾ ਹੈ।

ੳ. ਮੈਦਾਨੀ ਧਰਤੀ | ਅ. ਵਰਗਾਕਾਰ ਧਰਤੀ | ੲ. ਤਿਕੋਣੀ ਧਰਤੀ | ਸ. ਦੁਆਬ

ਉੱਤਰ:- ਤਿਕੋਣੀ ਧਰਤੀ

(101) ਹਿਮਾਲਿਆ ਦੀਆਂ ਸੁਲੇਮਾਨ ਅਤੇ ਕਿਰਥਾਰ ਦੀਆਂ ਪਹਾੜੀ ਲੜੀਆਂ ਪੰਜਾਬ ਦੇ ਕਿਸ ਹਿੱਸੇ ਵਿੱਚ ਸਥਿੱਤ ਹਨ?

ੳ. ਪੂਰਬ | ਅ. ਉੱਤਰ | ੲ. ਦੱਖਣ | ਸ. ਪੱਛਮ

ਉੱਤਰ:- ਪੱਛਮ

(102) ਵਿਦੇਸ਼ੀ ਹਮਲਾਵਰ ਕਿਸ ਦੱਰੇ ਰਾਹੀਂ ਪੰਜਾਬ ਵਿੱਚ ਆਏ ?

ੳ. ਦੱਰਾ ਟੋਚੀ | ਅ. ਦੱਰਾ ਕੁਰੱਮ | ੲ. ਦੱਰਾ ਖੈਬਰ | ਸ. ਦੱਰਾ ਬੋਲਾਨ

ਉੱਤਰ:- ਦੱਰਾ ਖੈਬਰ

(103) ਪੰਜਾਬ ਦੇ ਲੋਕਾਂ ਦੀ ਆਰਥਿਕ ਖੁਸ਼ਹਾਲੀ ਦਾ ਕੀ ਕਾਰਨ ਹੈ ?

ੳ. ਉਪਜਾਊ ਜ਼ਮੀਨ | ਅ. ਪੰਜਾਬੀਆਂ ਦਾ ਵਿਦੇਸ਼ ਜਾ ਕੇ ਵੱਸਣਾ

ੲ. ਉਦਯੋਗਿਕ ਵਿਕਾਸ | ਸ. ਮਾਨਸੂਨ ਪੌਣਾਂ

ਉੱਤਰ:- ਉਪਜਾਊ ਜ਼ਮੀਨ

(104) ਹਿਮਾਲਿਆਂ ਦੀਆਂ ਪਹਾੜੀਆਂ ਪੰਜਾਬ ਦੀ.....................ਹਨ।

ੳ. ਖੁਰਾਕ | ਅ. ਚਹਿਲ-ਪਹਿਲ | ੲ. ਰਹਿਬਰ | ਸ. ਜਿੰਦ-ਜਾਨ

ਉੱਤਰ:- ਜਿੰਦ-ਜਾਨ

(105) ਦਰਿਆ ਬਿਆਸ ਅਤੇ ਦਰਿਆ ਰਾਵੀ ਦੇ ਵਿਚਕਾਰਲੇ ਦੁਆਬੇ ਦਾ ਕੀ ਨਾਮ ਹੈ ?

ੳ. ਦੁਆਬਾ ਰਚਨਾ | ਅ. ਦੁਆਬਾ ਚੱਜ | ੲ. ਦੁਆਬਾ ਬਾਰੀ | ਸ.ਦੁਆਬਾ ਬਿਸਤ

ਉੱਤਰ:- ਦੁਆਬਾ ਬਾਰੀ

(106) ਲੋਧੀ ਵੰਸ਼ ਦੀ ਨੀਂਹ ਕਿਸਨੇ ਰੱਖੀ?

(ੳ) ਬਹਿਲੋਲ ਖਾਂ ਲੋਧੀ | (ਅ) ਸਿਕੰਦਰ ਲੋਧੀ | (ੲ) ਇਬਰਾਹਿਮ ਲੋਧੀ | (ਸ) ਦੌਲਤ ਖਾਂ ਲੋਧੀ

ਉੱਤਰ:- ਬਹਿਲੋਲ ਖਾਂ ਲੋਧੀ

(107) ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਾਸਕ ਦਾ ਪਹਿਲਾ ਨਾਂ ਨਿਜ਼ਾਮ ਖਾਂ ਸੀ?

(ੳ) ਬਾਬਰ (ਅ) ਇਬਰਾਹਿਮ ਲੋਧੀ (ੲ) ਸਿਕੰਦਰ ਲੋਧੀ (ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- ਸਿਕੰਦਰ ਲੋਧੀ

(108) ਆਲਮ ਖਾਂ ਦਾ ਇਬਰਾਹਿਮ ਲੋਧੀ ਨਾਲ ਕੀ ਰਿਸ਼ਤਾ ਸੀ?

(ੳ) ਪੁੱਤਰ (ਅ) ਪਿਤਾ (ੲ) ਚਾਚਾ (ਸ) ਦਾਦਾ

ਉੱਤਰ:- ਚਾਚਾ

(109) ਦਿਲਾਵਰ ਖਾਂ ਕੌਣ ਸੀ?

(ੳ) ਦੌਲਤ ਖਾਂ ਲੋਧੀ ਦਾ ਪੁੱਤਰ (ਅ) ਇਬਰਾਹਿਮ ਲੋਧੀ ਦਾ ਪੁੱਤਰ

(ੲ) ਦੌਲਤ ਖਾਂ ਲੋਧੀ ਦਾ ਪਿਤਾ (ਸ) ਇਬਰਾਹਿਮ ਲੋਧੀ ਦਾ ਪਿਤਾ

ਉੱਤਰ:- ਦੌਲਤ ਖਾਂ ਲੋਧੀ ਦਾ ਪੁੱਤਰ

(110) ___________ਆਪਣੇ ਆਪ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਸਪੁੱਤਰੀ ਬੀਬੀ ਫ਼ਾਤਿਮਾ ਦੀ ਸੰਤਾਨ ਮੰਨਦੇ ਸਨ।

(ੳ) ਸੱਯਦ (ਅ) ਉਲਮਾ (ੲ) ਸਰਦਾਰ (ਸ) ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- ਸੱਯਦ

(111). ਇਹ ਲੋਕ ਅਰਬੀ ਅਤੇ ਧਾਰਮਿਕ ਸਾਹਿਤ ਦੇ ਉੱਘੇ ਵਿਦਵਾਨ ਸਨ।

(ੳ) ਉਲਮਾ (ਅ) ਮੱਧ ਸ਼੍ਰੇਣੀ (ੲ) ਅਮੀਰ (ਸ) ਸੱਯਦ

ਉੱਤਰ:- ਉਲਮਾ

(112)ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਦੇ ਹਾਕਮ ................ਅਤੇ ...................ਦੇ ਸ਼ਿਕਾਰ ਸਨ।

ੳ. ਲਾਲਚੀ ਅਤੇ ਕਮੀਨਗੀ ਅ. ਡਰਪੋਕ ਅਤੇ ਸੁਸਤੀ

ੲ. ਕਮਜ਼ੋਰ ਅਤੇ ਆਪਸੀ ਫੁੱਟ ਸ. ਸਮਾਜਿਕ ਅਤੇ ਧਾਰਮਿਕ ਕੱਟੜਤਾ

ਉੱਤਰ:- ਕਮਜ਼ੋਰ ਅਤੇ ਆਪਸੀ ਫੁੱਟ

(113) ਲੋਧੀ ਵੰਸ਼ ਦਾ ਸਭ ਤੋਂ ਪ੍ਰਸਿੱਧ ਬਾਦਸ਼ਾਹ ਕੌਣ ਸੀ?

ੳ. ਬਹਿਲੋਲ ਖਾਂ ਲੋਧੀ ਅ. ਸਿੰਕਦਰ ਲੋਧੀ ੲ. ਇਬਰਾਹੀਮ ਲੋਧੀ ਸ. ਦੌਲਤ ਖਾਂ ਲੋਧੀ

ਉੱਤਰ:- ਸਿੰਕਦਰ ਲੋਧੀ

(114) ਦੁਆਬ ਚੱਜ ਵਿੱਚ ਕਿਨ੍ਹਾਂ ਦਾ ਬੋਲਬਾਲਾ ਸੀ?

ੳ. ਗੱਖੜਾਂ ਦਾ ਅ. ਲੋਧੀਆਂ ਦਾ ੲ. ਤੁਰਕਾਂ ਦਾ ਸ. ਮੁਗਲਾਂ ਦਾ

ਉੱਤਰ:- ਗੱਖੜਾਂ ਦਾ

(115) ਸਿੰਕਦਰ ਲੋਧੀ ਨੇ ਪੰਜਾਬ ਦਾ ਨਾਜ਼ਿਮ ਕਿਸ ਨੂੰ ਨਿਯੁਕਤ ਕੀਤਾ?

ੳ. ਬਹਿਲੋਲ ਖਾਂ ਲੋਧੀ ਅ. ਦੌਲਤ ਖਾਂ ਲੋਧੀ ੲ. ਇਬਰਾਹੀਮ ਲੋਧੀ ਸ. ਦਿਲਾਵਰ ਖਾਂ

ਉੱਤਰ:- ਦੌਲਤ ਖਾਂ ਲੋਧੀ

(116) ਇਬਰਾਹੀਮ ਲੋਧੀ ਇੱਕ.....................ਸਿਪਾਹੀ ਅਤੇ ..........................ਜਰਨੈਲ ਸੀ।

ੳ. ਬਹਾਦਰ, ਕਾਮਯਾਬ ਅ. ਡਰਪੋਕ , ਸਨਕੀ

ੲ. ਕਮਜ਼ੋਰ, ਡਰਪੋਕ ਸ.ਲਾਲਚੀ , ਬੇਰਹਿਮ

ਉੱਤਰ:- ਬਹਾਦਰ , ਕਾਮਯਾਬ

(117)ਪਠਾਣ ਸੁਭਾਅ ਤੋਂ ਕਿਸ ਤਰ੍ਹਾਂ ਦੇ ਸਨ ?

ੳ. ਤਾਨਾਸ਼ਾਹੀ ਅ.ਉਦਾਰਵਾਦੀ ੲ. ਪਰਜਾਤੰਤਰੀ ਸ. ਸਮਾਜਵਾਦੀ

ਉੱਤਰ:- ਪਰਜਾਤੰਤਰੀ

(118) ਲੋਧੀਆਂ ਦੇ ਰਾਜ ਵਿੱਚ ਪੰਜਾਬ ਕਿਹੜੇ ਦੋ ਸੂਬਿਆਂ ਵਿੱਚ ਵੰਡਿਆ ਹੋਇਆ ਸੀ?

ੳ. ਸਿਆਲਕੋਟ ਅਤੇ ਮੁਲਤਾਨ ਅ. ਪੇਸ਼ਾਵਰ ਅਤੇ ਸਿਆਲਕੋਟ

ੲ. ਸਿੰਧ ਅਤੇ ਮੁਲਤਾਨ ਸ. ਲਾਹੌਰ ਅਤੇ ਮੁਲਤਾਨ

ਉੱਤਰ:- ਲਾਹੌਰ ਅਤੇ ਮੁਲਤਾਨ

(119) 1519 ਈ. ਵਿੱਚ ਕਾਬੁਲ ਦੇ ਕਿਸ ਹਾਕਮ ਨੇ ਪੰਜਾਬ ਉੱਤੇ ਹਮਲਾ ਕੀਤਾ ਸੀ ?

ੳ. ਜ਼ਹੀਰ-ਉਦ-ਦੀਨ-ਬਾਬਰ ਅ. ਦਿਲਾਵਰ ਖਾਂ ਲੋਧੀ

ੲ. ਆਲਮ ਖਾਂ ਸ. ਮੁੱਲਾ-ਮੁਰਸ਼ਿਦ

ਉੱਤਰ:- ਜ਼ਹੀਰ-ਉਦ-ਦੀਨ-ਬਾਬਰ

(120). ਇਬਰਾਹੀਮ ਲੋਧੀ ਦੇ ਚਾਚੇ ਦਾ ਨਾਮ ਕੀ ਸੀ?

ੳ. ਦਿਲਾਵਰ ਖਾਂ ਅ. ਸਿੰਕਦਰ ਲੋਧੀ ੲ. ਆਲਮ ਖਾਂ ਸ. ਦੌਲਤ ਖਾਂ ਲੋਧੀ

ਉੱਤਰ:- ਆਲਮ ਖਾਂ

(121).1524 ਈ. ਵਿੱਚ ਬਾਬਰ ਦੇ ਕਾਬੁਲ ਜਾਣ ਪਿੱਛੋਂ ਦੌਲਤ ਖਾਂ ਲੋਧੀ ਨੇ ਲਾਹੌਰ ਕਿਸ ਸ਼ਾਸ਼ਕ ਤੋਂ ਖੋਹ ਲਿਆ ਸੀ ?

ੳ.ਬਿਹਾਰ ਖਾਂ ਤੋਂ ਅ. ਅਬਦੁਲ ਆਜੀਜ਼ ਤੋਂ

ੲ. ਅਕਬਰ ਤੋਂ ਸ.ਇਬਰਾਹੀਮ ਲੋਧੀ ਤੋਂ

ਉੱਤਰ:- ਅਬਦੁਲ ਆਜੀਜ਼ ਤੋਂ

(122). ਗਾਜ਼ੀ ਖਾਂ ਦਾ ਦੌਲਤ ਖਾਂ ਨਾਲ ਕੀ ਸੰਬੰਧ ਸੀ?

ੳ. ਭਰਾ ਅ. ਚਾਚਾ ੲ. ਪੁੱਤਰ ਸ.ਗੁਲਾਮ

ਉੱਤਰ:- ਪੁੱਤਰ

(123). ਬਾਬਰ ਨੇ ਇਬਰਾਹੀਮ ਲੋਧੀ ਨਾਲ ਲੜਾਈ ਸਮੇਂ ਆਪਣੀ ਸੈਨਾ ਦੇ ਅੱਗੇ ਕਿੰਨ੍ਹੀਆਂ ਬੈਲ ਗੱਡੀਆਂ ਖੜ੍ਹੀਆਂ ਕੀਤੀਆਂ ਸਨ ?

ੳ. 700 ਅ. 750 ੲ. 725 ਸ. 775

ਉੱਤਰ:-700

(124). ਸ੍ਰੀ ਗੁਰੂ ਨਾਨਕ ਦੇਵ ਤੋਂ ਪਹਿਲਾਂ ਦਾ ਸਮਾਜ ਮੁੱਖ ਰੂਪ ਵਿੱਚ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਹੋਇਆ ਸੀ?

ੳ. ਅਮੀਰ ਅਤੇ ਸਰਦਾਰ ਵਰਗ ਅ. ਮੁਸਲਿਮ ਸਮਾਜ ਅਤੇ ਹਿੰਦੂ ਸਮਾਜ

ੲ. ਉਲਮਾਂ ਅਤੇ ਸੱਯਦ ਸ. ਮੱਧ ਸ਼੍ਰੇਣੀ ਅਤੇ ਗੁਲਾਮ

ਉੱਤਰ:- ਮੁਸਲਿਮ ਸਮਾਜ ਅਤੇ ਹਿੰਦੂ ਸਮਾਜ

(125). ਮੁਸਲਮਾਨੀ ਸਮਾਜ ਵਿੱਚ ਨਿਆਂ ਕਰਨ ਦਾ ਕੰਮ ਕਿਨ੍ਹਾਂ ਨੂੰ ਦਿੱਤਾ ਜਾਂਦਾ ਸੀ?

ੳ. ਸਰਕਾਰੀ ਕਰਮਚਾਰੀਆਂ ਨੂੰ ਅ. ਅਮੀਰ ਸਰਦਾਰਾਂ ਨੂੰ

ੲ. ਕਾਜ਼ੀਆਂ ਨੂੰ ਸ. ਸਿਪਾਹੀਆਂ ਨੂੰ

ਉੱਤਰ:- ਕਾਜ਼ੀਆਂ ਨੂੰ

(126) ਗੁਰੂ ਨਾਨਕ ਦੇਵ ਜੀ ਨੇ ਕਿਸਦੇ ਮੋਦੀਖਾਨੇ ਵਿੱਚ ਨੌਕਰੀ ਕੀਤੀ?

(ੳ) ਜੈ ਰਾਮ (ਅ) ਪੰਡਿਤ ਹਰਦਿਆਲ (ੲ) ਦੌਲਤ ਖਾਂ ਲੋਧੀ (ਸ) ਬਾਬਰ

ਉੱਤਰ:- ਦੌਲਤ ਖਾਂ ਲੋਧੀ

(127)ਹੇਠ ਲਿਖਿਆਂ ਵਿੱਚੋਂ ਕਿਸ ਥਾਂ 'ਤੇ ਗੁਰੂ ਨਾਨਕ ਦੇਵ ਜੀ ਦੀ ਸੱਜਣ ਠੱਗ ਨਾਲ ਮੁਲਾਕਾਤ ਹੋਈ ਸੀ?

(ੳ) ਸੱਯਦਪੁਰ (ਅ) ਤੁਲੰਬਾ (ੲ) ਕੁਰੂਕਸ਼ੇਤਰ (ਸ) ਹਾਜੀਪੁਰ

ਉੱਤਰ:- ਤੁਲੰਬਾ

(128)ਹੇਠ ਲਿਖੀਆਂ ਵਿੱਚੋਂ ਕਿਹੜੀ ਬਾਣੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਗਈ ਨਹੀਂ ਹੈ?

(ੳ)ਜਾਪੁ ਸਾਹਿਬ (ਅ) ਜਪੁਜੀ ਸਾਹਿਬ (ੲ) ਵਾਰ ਆਸਾ (ਸ) ਵਾਰ ਮਾਝ

ਉੱਤਰ:- ਜਾਪੁ ਸਾਹਿਬ

(129) "ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ।" ਇਹ ਸ਼ਬਦ ਕਿਸ ਗੁਰੂ ਸਾਹਿਬ ਨੇ ਕਹੇ?

(ੳ) ਗੁਰੂ ਅੰਗਦ ਦੇਵ ਜੀ (ਅ) ਗੁਰੂ ਅਮਰ ਦਾਸ ਜੀ

ੲ) ਗੁਰੂ ਨਾਨਕ ਦੇਵ ਜੀ (ਸ) ਗੁਰੂ ਅਰਜਨ ਦੇਵ ਜੀ

ਉੱਤਰ:- ਗੁਰੂ ਨਾਨਕ ਦੇਵ ਜੀ

(130) ਗੋਇੰਦਵਾਲ ਵਾਲੀ ਬਾਉਲੀ ਵਿੱਚ ਕਿੰਨ੍ਹੀਆਂ ਪੌੜੀਆਂ ਹਨ?

(ੳ) 52 (ਅ) 84 (ੲ) 108 (ਸ) 122

ਉੱਤਰ:-84

(131) 'ਆਨੰਦ ਸਾਹਿਬ' ਨਾਂ ਦੀ ਬਾਣੀ ਦੀ ਰਚਨਾ ਕਿਹੜੇ ਗੁਰੂ ਸਾਹਿਬ ਨੇ ਕੀਤੀ?

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅੰਗਦ ਦੇਵ ਜੀ

(ੲ) ਗੁਰੂ ਅਮਰ ਦਾਸ ਜੀ (ਸ) ਗੁਰੂ ਰਾਮ ਦਾਸ ਜੀ

ਉੱਤਰ:- ਗੁਰੂ ਅਮਰ ਦਾਸ ਜੀ

(132) 'ਗੰਗ ਸਰ' ਨਾਂ ਦੇ ਖੂਹ ਦੀ ਖੁਦਾਈ ਕਿਹੜੇ ਗੁਰੂ ਸਾਹਿਬ ਨੇ ਕਰਾਈ ?

ੳ) ਗੁਰੂ ਅਮਰਦਾਸ ਜੀ (ਅ) ਗੁਰ ਅਰਜਨ ਦੇਵ ਜੀ

(ੲ) ਗੁਰੂ ਤੇਗ ਬਹਾਦਰ ਜੀ (ਸ) ਗੁਰੂ ਹਰਿਗੋਬਿੰਦ ਸਾਹਿਬ ਜੀ

ਉੱਤਰ:- ਗੁਰ ਅਰਜਨ ਦੇਵ ਜੀ

(133) ਕਿਸ ਪ੍ਰਥਾ ਦਾ ਉਦੇਸ਼ ਸਿੱਖਾਂ ਕੋਲੋਂ ਭੇਟਾਂ ਇਕੱਠਾ ਕਰਨਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ?

(ੳ) ਸੰਗਤ ਪ੍ਰਥਾ (ਅ) ਪੰਗਤ ਪ੍ਰਥਾ

(ੲ) ਲੰਗਰ ਪ੍ਰਥਾ (ਸ) ਮਸੰਦ ਪ੍ਰਥਾ

ਉੱਤਰ:- ਮਸੰਦ ਪ੍ਰਥਾ

(134) ਤਰਨਤਾਰਨ, ਹਰਗੋਬਿੰਦਪੁਰ, ਛੇਹਰਟਾ ਅਤੇ ਕਰਤਾਰਪੁਰ ਸ਼ਹਿਰਾਂ ਦੀ ਸਥਪਾਨਾ ਕਿਸ ਗੁਰੂ ਸਾਹਿਬਾਨ ਨੇ ਕੀਤੀ ਸੀ?

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਹਰਿਗੋਬਿੰਦ ਸਾਹਿਬ ਜੀ (ਸ) ਗੁਰੂ ਰਾਮਦਾਸ ਜੀ

ਉੱਤਰ:- ਗੁਰੂ ਅਰਜਨ ਦੇਵ ਜੀ

(135) ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਅਤੇ ਮਹੱਤਵਪੂਰਨ ਜਿੱਤ ਕਿਹੜੀ ਸੀ ?

ੳ. ਬਸੌਲੀ ਦੀ ਲੜਾਈ ਅ. ਭੰਗਾਣੀ ਦੀ ਲੜਾਈ

ੲ. ਆਨੰਦਪੁਰ ਦੀ ਲੜਾਈ ਸ. ਨਿਰਮੋਹ ਦੀ ਲੜਾਈ

ਉੱਤਰ:- ਭੰਗਾਣੀ ਦੀ ਲੜਾਈ

(136) ਖਿਦਰਾਣੇ ਦੀ ਢਾਬ ਦਾ ਅਜੋਕਾ ਨਾਮ .....................ਹੈ।

ੳ. ਸਢੌਰਾ ਅ. ਘੁੜਾਮ

ੲ. ਮੁਕਤਸਰ ਸਾਹਿਬ ਸ. ਸ਼ਾਹੀ ਟਿੱਬੀ

ਉੱਤਰ:- ਮੁਕਤਸਰ ਸਾਹਿਬ

(137) 1699 ਈ. ਵਿੱਚ ਸਿੱਖ ਇਤਿਹਾਸ ਵਿੱਚ ਕਿਹੜੀ ਘਟਨਾ ਵਾਪਰੀ ਸੀ ?

ੳ. ਅਨੰਦਪੁਰ ਵਿੱਚ ਵਿਸਾਖੀ ਮਨਾਈ ਅ. ਖਾਲਸਾ ਦੀ ਸਿਰਜਣਾ ਹੋਈ

ੲ. ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣੇ ਸ. ਉਪਰੋਕਤ ਸਾਰੇ

ਉੱਤਰ:- ਉਪਰੋਕਤ ਸਾਰੇ

(138) ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਕਿਸ ਵਿੱਚ ਦਰਜ ਹੈ ?

ੳ. ਪੰਥ ਪ੍ਰਕਾਸ਼ ਅ. ਬਚਿੱਤਰ ਨਾਟਕ ੲ. ਖ਼ੂਨ ਦੇ ਸੋਹਲੇ ਸ. ਦਸਮ ਗ੍ਰੰਥ

ਉੱਤਰ:- ਬਚਿੱਤਰ ਨਾਟਕ

(139)ਅੰਮ੍ਰਿਤ ਤਿਆਰ ਕਰਨ ਵੇਲੇ ਕਿੰਨ੍ਹੀਆਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ ?

ੳ. ਇੱਕ ਅ. ਤਿੰਨ ੲ. ਪੰਜ ਸ. ਸੱਤ

ਉੱਤਰ:- ਪੰਜ

(140) ਸ੍ਰੀ ਅਨੰਦਪੁਰ ਸਾਹਿਬ ਦਾ ਪੁਰਾਣਾ ਨਾਮ ਕੀ ਸੀ ?

ੳ. ਨਿਰਮੋਹ ਅ. ਬਿਲਾਸਪੁਰ ੲ. ਮਾਖੋਵਾਲ ਸ. ਨਾਦੌਣ

ਉੱਤਰ:- ਮਾਖੋਵਾਲ

(141) ਚਮਕੌਰ ਦੀ ਕੱਚੀ ਗੜ੍ਹੀ ਵਿੱਚ ਗੁਰੂ ਗੋਬਿੰਦ ਸਿੰਘ ਨਾਲ ਕਿੰਨ੍ਹੇ ਸਿੱਖ ਸਨ ?

ੳ. ਚਾਲੀ ਅ. ਪੰਜਾਹ ੲ. ਸੱਠ ਸ. ਸੱਤਰ

ਉੱਤਰ:-ਚਾਲੀ

(142) ਗੁਰੂ ਗੋਬਿੰਦ ਸਿੰਘ ਜੀ ਨੂੰ..................ਵੀ ਕਿਹਾ ਜਾਂਦਾ ਹੈ ।

ੳ. ਦਸਮ ਪਿਤਾ ਅ. ਕਲਗੀਧਰ ਪਿਤਾ ੲ. ਚਿੱਟਿਆਂ ਬਾਜਾਂ ਵਾਲਾ ਸ. ਉਪਰੋਕਤ ਸਾਰੇ

ਉੱਤਰ:- ਉਪਰੋਕਤ ਸਾਰੇ

(143) ਗੁਰੂ ਗੋਬਿੰਦ ਸਿੰਘ ਵੱਲੋਂ ਜ਼ਫਰਨਾਮਾ ਖਤ ਕਿਸ ਨੂੰ ਲਿਖਿਆ ਗਿਆ ਸੀ ?

ੳ. ਨਾਹਨ ਦੇ ਰਾਜੇ ਨੂੰ ਅ. ਔਰੰਗਜ਼ੇਬ ਨੂੰ ੲ. ਰਾਜਾ ਭੀਮ ਚੰਦ ਨੂੰ ਸ. ਮਹਾਂ ਸਿੰਘ ਨੂੰ

ਉੱਤਰ:- ਔਰੰਗਜੇਬ ਨੂੰ

(144) ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੂੰ ਕਿਹੜੀ ਲੜਾਈ ਵਿੱਚ ਮਾਰਿਆ ?

ੳ. ਸਮਾਣੇ ਦੀ ਲੜਾਈ ਵਿੱਚ ਅ. ਚੱਪੜ-ਚਿੜੀ ਦੀ ਲੜਾਈ ਵਿੱਚ

ੲ. ਸਢੌਰਾ ਦੀ ਲੜਾਈ ਵਿੱਚ ਸ. ਗੁਰਦਾਸ ਨੰਗਲ ਦੀ ਲੜਾਈ ਵਿੱਚ

ਉੱਤਰ:- ਚੱਪੜ-ਚਿੜੀ ਦੀ ਲੜਾਈ ਵਿੱਚ

(145) ਕਿਸ ਲੜਾਈ ਵਿੱਚ ਬੰਦਾ ਸਿੰਘ ਬਹਦਾਰ ਨੂੰ ਕੈਦੀ ਬਣਾ ਕੇ ਦਿੱਲੀ ਲਿਆਂਦਾ ਗਿਆ ?

ੳ. ਚੱਪੜ-ਚਿੜੀ ਦੀ ਲੜਾਈ ਅ. ਗੁਰਦਾਸ ਨੰਗਲ ਦੀ ਲੜਾਈ

ੲ. ਬਹਿਰਾਮਪੁਰ ਦੀ ਲੜਾਈ ਸ. ਅਮੀਨਾਬਾਦ ਦੀ ਲੜਾਈ

ਉੱਤਰ:- ਗੁਰਦਾਸ ਨੰਗਲ ਦੀ ਲੜਾਈ

(146) ਮਿਸਲ ਦਾ ਅਰਥ ਹੁੰਦਾ ਹੈ –ਬਰਾਬਰ ਜਾਂ ਇੱਕੋ ਜਿਹਾ । ਇਹ ਮਿਸਲ ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ ?

ੳ. ਫਾਰਸੀ ਅ. ਤੁਰਕੀ ੲ. ਇਰਾਨੀ ਸ.ਅਰਬੀ

ਉੱਤਰ:- ਅਰਬੀ

(147)ਸਿੱਖ ਮਿਸਲਾਂ ਵਿੱਚ ਸਭ ਤੋਂ ਪਹਿਲਾਂ ਕਾਇਮ ਹੋਣ ਵਾਲੀ ਮਿਸਲ ਕਿਹੜੀ ਸੀ ?

ੳ. ਫੈਜ਼ਲਪੁਰੀਆ ਮਿਸਲ ਅ. ਭੰਗੀ ਮਿਸਲ

ੲ. ਕਨ੍ਹਈਆ ਮਿਸਲ ਸ. ਸ਼ੁਕਰਚੱਕੀਆ ਮਿਸਲ

ਉੱਤਰ:- ਫੈਜ਼ਲਪੁਰੀਆ ਮਿਸਲ

(148) ਸ਼ੁਕਰਚੱਕੀਆ ਮਿਸਲ ਦਾ ਮੋਢੀ ਕੌਣ ਸੀ ?

ੳ. ਜੱਸਾ ਸਿੰਘ ਅ. ਚੜ੍ਹਤ ਸਿੰਘ ੲ. ਜੈ ਸਿੰਘ ਸ. ਗੁਲਾਬ ਸਿੰਘ

ਉੱਤਰ:- ਚੜ੍ਹਤ ਸਿੰਘ

(149) ਫੂਲਕੀਆਂ ਮਿਸਲ ਦਾ ਮੋਢੀ ਕੌਣ ਸੀ ?

ੳ. ਹੀਰਾ ਸਿੰਘ ਅ. ਜੱਸਾ ਸਿੰਘ ੲ. ਸੰਗਤ ਸਿੰਘ ਸ. ਚੌਧਰੀ ਫੂਲ

ਉੱਤਰ:- ਚੌਧਰੀ ਫੂਲ

(150) ਸ਼ਹੀਦ ਮਿਸਲ ਦਾ ਦੂਸਰਾ ਨਾਮ ਕੀ ਸੀ ?

ੳ. ਨਿਹੰਗ ਮਿਸਲ ਅ. ਰਾਮਗੜ੍ਹੀਆ ਮਿਸਲ

ੲ. ਪੰਜਗੜ੍ਹੀਆ ਮਿਸਲ ਸ. ਨਕੱਈ ਮਿਸਲ

ਉੱਤਰ:- ਨਿਹੰਗ ਮਿਸਲ

(151) ਵਜ਼ੀਰ ਖਾਂ ਕਿੱਥੇ ਦਾ ਸੂਬੇਦਾਰ ਸੀ ?

ੳ. ਸਮਾਣਾ ਅ. ਸਢੌਰਾ ੲ. ਜਲੰਧਰ ਸ. ਸਰਹਿੰਦ

ਉੱਤਰ:- ਸਰਹਿੰਦ

(152) ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜਲਾਦ ਕਿਸ ਸ਼ਹਿਰ ਦਾ ਰਹਿਣ ਵਾਲਾ ਸੀ ?

ੳ. ਘੁੜਾਮ ਅ. ਮੁਖਲਿਸਪੁਰ ੲ. ਸਮਾਣਾ ਸ. ਸਢੌਰਾ

ਉੱਤਰ:- ਸਮਾਣਾ

(153) ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਕਿੰਨ੍ਹੇ ਤੀਰ ਦਿੱਤੇ ?

ੳ. 03 ਅ. 06 ੲ. 05 ਸ. 04

ਉੱਤਰ:- 05

(154) ਅੰਮ੍ਰਿਤਸਰ ਦੇ ਇਲਾਕੇ ’ਤੇ ਹੇਠ ਲਿਖਿਆਂ ਵਿੱਚੋਂ ਕਿਸ ਮਿਸਲ ਦਾ ਰਾਜ ਸੀ?

(ੳ) ਭੰਗੀ ਮਿਸਲ (ਅ) ਡੱਲੇਵਾਲੀਆ ਮਿਸਲ

(ੲ) ਆਹਲੂਵਾਲੀਆ ਮਿਸਲ (ਸ) ਨੱਕਈ ਮਿਸਲ

ਉੱਤਰ:- ਭੰਗੀ ਮਿਸਲ

(155) ਮਹਾਰਾਜਾ ਰਣਜੀਤ ਸਿੰਘ ਨੂੰ ਜਮ ਜਮਾ ਤੋਪ ਕਿਸ ਯੁੱਧ ਤੋਂ ਪ੍ਰਾਪਤ ਹੋਈ?

(ੳ) ਲਾਹੌਰ (ਅ) ਅੰਮ੍ਰਿਤਸਰ (ੲ) ਕਾਂਗੜਾ (ਸ) ਚਨਿਉਟ

ਉੱਤਰ:- ਅੰਮ੍ਰਿਤਸਰ

(156)ਰਾਜਕੁਮਾਰ ਖੜਕ ਸਿੰਘ ਦੇ ਵਿਆਹ ਦੇ ਮੌਕੇ ਤੇ ਹੇਠ ਲਿਖਿਆਂ ਵਿੱਚ ਕਿਹੜਾ ਅੰਗਰੇਜ਼ ਅਫ਼ਸਰ ਸ਼ਾਮਿਲ ਹੋਇਆ?

(ੳ) ਲਾਰਡ ਆਕਲੈਂਡ (ਅ) ਕਰਨਲ ਪੇਇੰਗਰ

(ੲ) ਡੇਵਿਡ ਅਖ਼ਤਰਲੋਨੀ (ਸ) ਲਾਰਡ ਐਮਹਰਸਟ

ਉੱਤਰ:- ਡੇਵਿਡ ਅਖਤਰਲੋਨੀ

(157) ‘ਤਿੱਕੜੀ ਦੀ ਸਰਪ੍ਰਸਤੀ’ ਵਿੱਚ ਹੇਠ ਲਿਖਿਆਂ ਵਿੱਚੋਂ ਕੌਣ ਸ਼ਾਮਿਲ ਨਹੀਂ ਸੀ?

(ੳ) ਮਹਾਂ ਸਿੰਘ (ਅ) ਰਾਜ ਕੌਰ (ੲ) ਸਦਾ ਕੌਰ (ਸ) ਦੀਵਾਨ ਲਖਪਤ ਰਾਏ

ਉੱਤਰ:- ਮਹਾਂ ਸਿੰਘ

(158) ਅੰਗਰੇਜਾਂ ਅਤੇ ਸਿੱਖਾਂ ਦਾ ਪਹਿਲਾ ਯੁੱਧ ਕਦੋਂ ਹੋਇਆ ?

ੳ. 1844-45 ਈ. ਅ. 1845-46 ਈ. ੲ. 1846-47 ਈ. ਸ. 1847-48 ਈ.

ਉੱਤਰ:- 1845-46 ਈ.

(159) ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸਦਾ ਉੱਤਰਾਧਿਕਾਰੀ ਕੌਣ ਬਣਿਆ ?

ੳ. ਲਾਲ ਸਿੰਘ ਅ. ਗੁਲਾਬ ਸਿੰਘ ੲ. ਖੜਕ ਸਿੰਘ ਸ. ਸੁਚੇਤ ਸਿੰਘ

ਉੱਤਰ:- ਖੜਕ ਸਿੰਘ

(160) ਸਿੱਖ ਸੈਨਾ ਅਤੇ ਅੰਗਰੇਜ਼ਾਂ ਵਿਚਕਾਰ 18 ਦਸੰਬਰ 1845 ਈ. ਨੂੰ ਲੜਾਈ ਹੋਈ। ਇਸ ਯੁੱਧ ਵਿੱਚ ਸਿੱਖਾਂ ਦਾ ਸੈਨਾਪਤੀ ਲਾਲ ਸਿੰਘ ਪਹਿਲਾਂ ਨਿਸ਼ਚਤ ਯੋਜਨਾ ਅਨੁਸਾਰ ਲੜਾਈ ਦੇ ਮੈਦਾਨ ਵਿੱਚੋਂ ਭੱਜ ਗਿਆ। ਇਹ ਘਟਨਾ ਕਿਸ ਲੜਾਈ ਦੀ ਹੈ?

ੳ. ਫਿਰੋਜ਼ ਸ਼ਹਿਰ ਦੀ ਲੜਾਈ ਅ. ਮੁਦਕੀ ਦੀ ਲੜਾਈ

ੲ. ਅਲੀਵਾਲ ਦੀ ਲੜਾਈ ਸ. ਸਭਰਾਂਓ ਦੀ ਲੜਾਈ

ਉੱਤਰ:- ਮੁਦਕੀ ਦੀ ਲੜਾਈ

(161) ਬੱਦੋਵਾਲ ਦੀ ਲੜਾਈ, ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਕਦੋਂ ਹੋਈ ?

ੳ. 1845 ਈ. ਅ. 1846 ਈ. ੲ. 1847 ਈ. ਸ. 1848 ਈ.

ਉੱਤਰ:- 1846 ਈ.

(162) ਲਾਹੌਰ ਦੀ ਪਹਿਲੀ ਸੰਧੀ 09 ਮਾਰਚ 1846 ਈ. ਨੂੰ ਲਾਰਡ ਹਾਰਡਿੰਗ ਅਤੇ ...................ਵਿਚਕਾਰ ਹੋਈ।

ੳ. ਅੰਗਰੇਜ਼ ਸਰਕਾਰ ਅ. ਲਾਹੌਰ ਸਰਕਾਰ ੲ. ਦਿੱਲੀ ਸਰਕਾਰ ਸ. ਅਫ਼ਗਾਨ ਸਰਕਾਰ

ਉੱਤਰ:- ਲਾਹੌਰ ਸਰਕਾਰ

(163) ਭੈਰੋਵਾਲ ਦੀ ਸੰਧੀ ਕਦੋਂ ਹੋਈ ?

ੳ. 26 ਦਸੰਬਰ 1846 ਈ. ਅ. 25 ਦਸੰਬਰ 1845 ਈ. ੲ. 24 ਦਸੰਬਰ 1844 ਈ. ਸ. 23 ਦਸੰਬਰ 1843 ਈ.

ਉੱਤਰ:- 26 ਦਸੰਬਰ 1846 ਈ.

(164) ਕਿਹੜੀ ਸੰਧੀ ਨਾਲ ਅੰਗਰੇਜ਼ ਪੰਜਾਬ ਦੇ ਸ਼ਾਸ਼ਕ ਬਣ ਗਏ ਅਤੇ ਲਾਹੌਰ ਰਾਜ ਦੇ ਪ੍ਰਸ਼ਾਸ਼ਨਿਕ ਮਾਮਲਿਆਂ ਤੇ ਕਬਜ਼ਾ ਕਰ ਲਿਆ ?

ੳ. ਲਾਹੌਰ ਦੀ ਸੰਧੀ ਅ. ਲਾਹੌਰ ਦੀ ਦੂਜੀ ਸੰਧੀ

ੲ. ਭੈਰੋਵਾਲ ਦੀ ਸੰਧੀ ਸ. ਇਹਨਾਂ ਵਿੱਚੋਂ ਕੋਈ ਵੀ ਨਹੀਂ

ਉੱਤਰ:- ਭੈਰੋਵਾਲ ਦੀ ਸੰਧੀ

(165) ਅੰਗਰੇਜਾਂ ਅਤੇ ਸਿੱਖਾਂ ਦਾ ਦੂਸਰਾ ਯੁੱਧ ਕਦੋਂ ਹੋਇਆ ?

ੳ. 1848-49 ਈ. ਅ. 1849-50 ਈ. ੲ. 1846-47 ਈ. ਸ. 1847-48 ਈ.

ਉੱਤਰ:- 1848-49 ਈ.

(166) ਮਹਾਰਾਣੀ ਜਿੰਦਾਂ ਨੂੰ 20 ਅਗਸਤ, 1846 ਈ. ਨੂੰ ਕੈਦ ਕਰਕੇ ਕਿਸ ਕਿਲ੍ਹੇ ਵਿੱਚ ਭੇਜਿਆ ਗਿਆ ?

ੳ. ਲਾਹੌਰ ਦਾ ਕਿਲ੍ਹਾ ਅ. ਸ਼ੇਖੂਪੁਰੇ ਦਾ ਕਿਲ੍ਹਾ ੲ. ਦਿੱਲੀ ਦਾ ਕਿਲ੍ਹਾ ਸ. ਲੋਹਗੜ੍ਹ ਦਾ ਕਿਲ੍ਹਾ

ਉੱਤਰ:- ਸ਼ੇਖੂਪੁਰੇ ਦਾ ਕਿਲ੍ਹਾ

(167) ਲਾਰਡ ਡਲਹੌਜ਼ੀ ਭਾਰਤ ਦਾ ਗਵਰਨਰ ਜਨਰਲ ਕਦੋਂ ਬਣਿਆ ?

ੳ. ਜਨਵਰੀ 1848 ਈ. ਅ. ਜਨਵਰੀ 1948 ਈ. ੲ. ਫਰਵਰੀ 1847 ਈ. ਸ. ਜਨਵਰੀ 1847 ਈ.

ਉੱਤਰ:- ਜਨਵਰੀ 1848 ਈ.

(168) ਗੁਜਰਾਤ , ਮੁਲਤਾਨ , ਰਾਮਨਗਰ , ਚਿੱਲਿਆਂਵਾਲਾ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਕਿਹੜੇ ਐਂਗਲੋ-ਸਿੱਖ ਯੁੱਧ ਦੇ ਸਥਾਨ ਹਨ ?

ੳ. ਪਹਿਲੇ ਐਂਗਲੋ-ਸਿੱਖ ਯੁੱਧ ਅ. ਦੂਸਰੇ ਐਂਗਲੋ-ਸਿੱਖ ਯੁੱਧ

ੲ. ਇਹ ਦੋਨੋਂ ਸ. ਇਹਨਾਂ ਵਿੱਚੋਂ ਕੋਈ ਨਹੀਂ

ਉੱਤਰ:- ਦੂਸਰੇ ਐਂਗਲੋ-ਸਿੱਖ ਯੁੱਧ

(169) ਮਹਾਰਾਣੀ ਜ਼ਿੰਦਾ ਨੂੰ 1847 ਈ. ਵਿੱਚ ਦੇਸ਼ ਨਿਕਾਲਾ ਦੇ ਕੇ ਕਿੱਥੇ ਭੇਜਿਆ ਗਿਆ ?

ੳ. ਕਾਲਾ ਪਾਣੀ	ਅ. ਬਨਾਰਸ	ੲ. ਦਿੱਲੀ	ਸ. ਕਲਕੱਤਾ

ਉੱਤਰ:- ਬਨਾਰਸ

(170) ਨਵੰਬਰ 22, 1848 ਈ. ਨੂੰ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਲੜਾਈ ਕਿੱਥੇ ਹੋਈ ?

ੳ. ਰਾਮਨਗਰ	ਅ. ਚਿੱਲਿਆਂਵਾਲਾ	ੲ. ਗੁਜਰਾਤ	ਸ. ਮੁਲਤਾਨ

ਉੱਤਰ:- ਰਾਮਨਗਰ

(171) 29 ਮਾਰਚ 1849 ਈ. ਨੂੰ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰਨ ਦਾ ਐਲਾਨ ਕਿਸ ਗਵਰਨਰ ਜਨਰਲ ਨੇ ਕੀਤਾ ?

ੳ. ਹਿਊਗ ਗਫ਼	ਅ. ਸਰ ਚਾਰਲਸ ਨੇਪੀਅਰ

ੲ. ਲਾਰਡ ਡਲਹੌਜ਼ੀ	ਸ. ਲਾਰਡ ਹਾਰਡਿੰਗ

ਉੱਤਰ:- ਲਾਰਡ ਡਲਹੌਜ਼ੀ

(172) ਲਾਹੌਰ ਰਾਜ ਦਾ ਆਖਰੀ ਸਿੱਖ ਰਾਜਾ .................... ਸੀ।

ੳ. ਰਣਜੀਤ ਸਿੰਘ	ਅ. ਚਤਰ ਸਿੰਘ	ੲ. ਲਾਲ ਸਿੰਘ	ਸ. ਦਲੀਪ ਸਿੰਘ

ਉੱਤਰ:- ਦਲੀਪ ਸਿੰਘ

(173) ਪੰਜਾਬ ਦੀਆਂ ਦੇਸੀ ਰਿਆਸਤਾਂ ਨਾਲ ਅੰਗਰੇਜ਼ਾਂ ਦੇ ਸੰਬੰਧ.....................ਸਨ।

ੳ. ਦੁਸ਼ਮਣੀ ਵਾਲੇ	ਅ. ਮਿੱਤਰਤਾ ਵਾਲੇ	ੲ. ਰਾਜਨੀਤਿਕ	ਸ. ਕਿਸੇ ਤਰ੍ਹਾਂ ਦੇ ਨਹੀਂ

ਉੱਤਰ:- ਮਿੱਤਰਤਾ ਵਾਲੇ

(174) ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਕੋਹੇਨੂਰ ਹੀਰਾ ਕਿੱਥੇ ਭੇਜ ਦਿੱਤਾ ਗਿਆ ?

ੳ. ਫਰਾਂਸ	ਅ. ਇੰਗਲੈਂਡ	ੲ. ਜਾਪਾਨ	ਸ. ਅਮਰੀਕਾ

ਉੱਤਰ:- ਇੰਗਲੈਂਡ

(175) ਅੰਗਰੇਜ਼ ਵਪਾਰੀ ਦੇ ਰੂਪ ਵਿੱਚ ਭਾਰਤ ਵਿੱਚ ਆਏ ਸਨ ਅਤੇ ਹੌਲੀ-ਹੌਲੀ ਸਾਰੇ ਭਾਰਤ 'ਤੇ ਕਬਜ਼ਾ ਕਰ ਲਿਆ। ਵਪਾਰੀ ਦੇ ਰੂਪ ਵਿੱਚ ਅੰਗਰੇਜ਼ ਕਿਹੜੀ ਈਸਵੀ ਵਿੱਚ ਭਾਰਤ ਆਏ ਸਨ ?

ੳ. 1700 ਈ. ਵਿੱਚ	ਅ. 1800 ਈ. ਵਿੱਚ	ੲ. 1600 ਈ. ਵਿੱਚ	ਸ. 1500 ਈ. ਵਿੱਚ

ਉੱਤਰ:- 1600 ਈ. ਵਿੱਚ

(176) ਸਾਡਾ ਭਾਰਤ ਅੰਗਰੇਜ਼ਾਂ ਦੀ ਗੁਲਾਮੀ ਤੋਂ 15 ਅਗਸਤ 1947 ਈ. ਨੂੰ ਆਜ਼ਾਦ ਹੋਇਆ। ਇਸ ਆਜ਼ਾਦੀ ਵਾਸਤੇ ਪਹਿਲੀ ਲੜਾਈ ਮੇਰਠ ਤੋਂ ਸ਼ੁਰੂ ਹੋਈ ਸੀ। ਮੇਰਠ ਤੋਂ ਇਹ ਪਹਿਲੀ ਲੜਾਈ ਕਦੋਂ ਸ਼ੁਰੂ ਹੋਈ ?

ੳ. 20 ਜੁਲਾਈ 1857 ਈ.	ਅ. 10 ਮਈ 1857 ਈ.

ੲ. 15 ਅਗਸਤ 1857 ਈ.	ਸ. 26 ਜਨਵਰੀ 1857 ਈ.

ਉੱਤਰ:- 10 ਮਈ 1857 ਈ.

(177) 1857 ਈ. ਦੀ ਬਗਾਵਤ ਪੰਜਾਬ ਵਿੱਚ ਕਾਮਯਾਬ ਨਾ ਹੋਣ ਦਾ ਕਾਰਨ ..................ਸੀ।

ੳ. ਉੱਚ ਕੋਟੀ ਦਾ ਨੇਤਾ ਨਹੀਂ ਸੀ	ਅ. ਲੋਕਾਂ ਨੇ ਸਾਥ ਨਹੀਂ ਦਿੱਤਾ

ੲ. ਸਾਧਨ ਘੱਟ ਸਨ	ਸ. ਉਪਰੋਕਤ ਸਾਰੇ

ਉੱਤਰ:- ਉੱਚ ਕੋਟੀ ਦਾ ਨੇਤਾ ਨਹੀਂ ਸੀ

(178) ਅੰਗਰੇਜ਼ੀ ਰਾਜ ਨੂੰ ਮਾਲੀਆ ਨਾ ਦੇ ਕੇ ਇਸ ਨੇ ਬਗਾਵਤ ਕੀਤੀ ਅਤੇ ਕਈ ਅੰਗਰੇਜ਼ ਫੌਜੀਆਂ ਦਾ ਕਤਲ ਕੀਤਾ ਅਤੇ ਪਾਕਪਟਨ ਦੇ ਨੇੜੇ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ। ਦੱਸੋ ਉਹ ਕੌਣ ਸੀ ?

ੳ. ਸ. ਭਗਤ ਸਿੰਘ	ਅ. ਲਾਲਾ ਲਾਜਪਤ ਰਾਏ

ੲ. ਸਰਦਾਰ ਅਹਮਿਦ ਖਾਂ ਖਰਲ	ਸ. ਮੰਗਲ ਪਾਂਡੇ

ਉੱਤਰ:- ਸਰਦਾਰ ਅਹਮਿਦ ਖਾਂ ਖਰਲ

(179) 12 ਅਪਰੈਲ 1857 ਈ. ਨੂੰ ਵਿਸਾਖੀ ਵਾਲੇ ਦਿਨ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਨਵੀਂ ਜੱਥੇਬੰਦੀ ਦੀ ਨੀਂਹ ਰੱਖੀ ਜਿਸ ਨੂੰ ਨਾਮਧਾਰੀ ਲਹਿਰ ਆਖਿਆ ਜਾਂਦਾ ਹੈ। ਇਹ ਨੀਂਹ ਕਿਸ ਨੇ ਰੱਖੀ ?

ੳ. ਸੋਹਨ ਸਿੰਘ ਭਕਨਾ ਅ. ਸਤਿਗੁਰੂ ਰਾਮ ਸਿੰਘ

ੲ. ਲਾਲਾ ਹਰਦਿਆਲ ਸ. ਕਰਤਾਰ ਸਿੰਘ ਸਰਾਭਾ

ਉੱਤਰ:- ਸਤਿਗੁਰੂ ਰਾਮ ਸਿੰਘ

(180) ਭਾਰਤੀ ਨਾਗਰਿਕਾਂ ਦੇ ਕਰਤੱਵਾਂ ਨੂੰ ਸੰਵਿਧਾਨ ਵਿੱਚ ਕਦੋਂ ਸ਼ਾਮਿਲ ਕੀਤਾ ਗਿਆ?

(ੳ) 1973 ਈ. (ਅ) 1947 ਈ. (ੲ) 1976 ਈ. (ਸ) 1996 ਈ.

ਉੱਤਰ:- 1976 ਈ.

(181) ਭਾਰਤੀ ਸੰਵਿਧਾਨ ਵਿੱਚ ਧਰਮ ਨਿਰਪੱਖ ਸ਼ਬਦ ਕਿਸ ਸੋਧ ਰਾਹੀਂ ਜੋੜਿਆ ਗਿਆ?

(ੳ) 43 ਵੀਂ ਸੋਧ (ਅ) 42ਵੀਂ ਸੋਧ (ੲ) 46ਵੀਂ ਸੋਧ (ਸ) 44ਵੀਂ ਸੋਧ

ਉੱਤਰ:- 42ਵੀਂ ਸੋਧ

(182) ਭਾਰਤੀ ਸੰਵਿਧਾਨ ਵਿੱਚ ਕਿੰਨ੍ਹੇ ਅਨੁਛੇਦ ਹਨ?

(ੳ) 395 (ਅ) 296 (ੲ) 550 (ਸ) 250

ਉੱਤਰ:- 395

(183) ਸੰਵਿਧਾਨ ਦੇ ਕਿਸ ਅਨੁਛੇਦ ਅਨੁਸਾਰ ਭਾਰਤੀ ਨਾਗਰਿਕਾਂ ਨੂੰ ਕਈ ਤਰ੍ਹਾਂ ਦੀਆਂ ਸੁਤੰਤਰਤਾਵਾਂ ਪ੍ਰਾਪਤ ਹਨ?

(ੳ) 9ਵੇਂ (ਅ) 19ਵੇਂ (ੲ) 29ਵੇਂ (ਸ) 39ਵੇਂ

ਉੱਤਰ:- 19ਵੇਂ

(184) ਰਾਜਪਾਲ ਦੀ ਨਿਯੁਕਤੀ ਕੌਣ ਕਰਦਾ ਹੈ ?

(ੳ) ਮੁੱਖ ਮੰਤਰੀ (ਅ) ਪ੍ਰਧਾਨ ਮੰਤਰੀ (ੲ) ਰਾਸ਼ਟਰਪਤੀ (ਸ) ਉਪ-ਰਾਸ਼ਟਰਪਤੀ

ਉੱਤਰ:- ਰਾਸ਼ਟਰਪਤੀ

(185) ਸੰਵਿਧਾਨ ਇੱਕ ਮੌਲਿਕ...................ਦਸਤਾਵੇਜ਼ ਹੁੰਦਾ ਹੈ।

ੳ. ਰਸਮੀ ਅ. ਜਰੂਰੀ ੲ. ਕਾਨੂੰਨੀ ਸ. ਗੈਰ-ਜ਼ਰੂਰੀ

ਉੱਤਰ:- ਕਾਨੂੰਨੀ

(186) ਦੇਸ਼ ਦੀ ਸਰਕਾਰ ਦਾ ਸੰਚਾਲਣ.......................ਅਨੁਸਾਰ ਕੀਤਾ ਜਾਂਦਾ ਹੈ।

ੳ. ਪੁਲਿਸ ਅ. ਸੰਵਿਧਾਨ ੲ. ਪੰਚਾਇਤ ਸ. ਹਾਈਕੋਰਟ

ਉੱਤਰ:- ਸੰਵਿਧਾਨ

(187) ਭਾਰਤ ਦਾ ਸੰਵਿਧਾਨ ਕਦੋਂ ਬਣਨਾ ਆਰੰਭ ਹੋਇਆ ?

ੳ. 9 ਦਸੰਬਰ 1946 ਈ. ਅ. 9 ਨਵੰਬਰ 1946 ਈ.

ੲ. 26 ਜਨਵਰੀ 1946 ਈ. ਸ. 9 ਦਸੰਬਰ 1947 ਈ.

ਉੱਤਰ:- 9 ਦਸੰਬਰ 1946 ਈ.

(188) ਸੰਵਿਧਾਨ ਸਭਾ ਨੇ ਸੰਵਿਧਾਨ ਕਦੋਂ ਪਾਸ ਕੀਤਾ ?

ੳ. 26 ਜਨਵਰੀ 1950 ਈ. ਅ. 26 ਨਵੰਬਰ 1949 ਈ.

ੲ. 26 ਜਨਵਰੀ 1949 ਈ. ਸ. 26 ਨਵੰਬਰ 1950 ਈ.

ਉੱਤਰ:- 26 ਨਵੰਬਰ 1949 ਈ.

(189) ਭਾਰਤੀ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ ?

ੳ. 26 ਨਵੰਬਰ 1949 ਈ. ਅ. 26 ਜਨਵਰੀ 1949 ਈ.

ੲ. 26 ਨਵੰਬਰ 1950 ਈ. ਸ. 26 ਜਨਵਰੀ 1950 ਈ.

ਉੱਤਰ:- 26 ਜਨਵਰੀ 1950 ਈ.

(190) ਭਾਰਤੀ ਗਣਰਾਜ ਅਨੁਸਾਰ ਦੇਸ਼ ਦਾ ਮੁਖੀ ਕੌਣ ਹੁੰਦਾ ਹੈ ?

ੳ. ਮੁੱਖ ਮੰਤਰੀ ਅ. ਪ੍ਰਧਾਨ ਮੰਤਰੀ ੲ. ਰਾਸ਼ਟਰਪਤੀ ਸ. ਹਾਈ ਕੋਰਟ ਦਾ ਜੱਜ

ਉੱਤਰ:- ਰਾਸ਼ਟਰਪਤੀ

(191) ਭਾਰਤੀ ਗਣਰਾਜ ਵਿੱਚ ਸ਼ਾਸ਼ਨ ਕਰਨ ਦੀ ਸਰਵਸ੍ਰੇਸ਼ਠ ਸ਼ਕਤੀ ਕਿਸ ਕੋਲ ਹੁੰਦੀ ਹੈ ?

ੳ. ਲੋਕਾਂ ਦੇ ਸਮੂਹ ਕੋਲ ਅ. ਰਾਸ਼ਟਰਪਤੀ ਕੋਲ ੲ. ਪੁਲਿਸ ਕੋਲ ਸ. ਪ੍ਰਧਾਨ ਮੰਤਰੀ ਕੋਲ

ਉੱਤਰ:- ਲੋਕਾਂ ਦੇ ਸਮੂਹ ਕੋਲ

(192)ਧਰਮ ਨਿਰਪੱਖਤਾ ਸ਼ਬਦ ਪ੍ਰਸ਼ਤਾਵਨਾ ਵਿੱਚ ਕਦੋਂ ਅਤੇ ਕਿਵੇਂ ਜੋੜਿਆ ਗਿਆ ?

ੳ. 1976 ਈ. ਵਿੱਚ 43ਵੀਂ ਸੋਧ ਦੁਆਰਾ ਅ. 1976 ਈ. ਵਿੱਚ 42ਵੀਂ ਸੋਧ ਦੁਆਰਾ

ੲ. 1975 ਈ. ਵਿੱਚ 42ਵੀਂ ਸੋਧ ਦੁਆਰਾ ਸ. 1974 ਈ. ਵਿੱਚ 44ਵੀਂ ਸੋਧ ਦੁਆਰਾ

ਉੱਤਰ:- 1976 ਈ. ਵਿੱਚ 42ਵੀਂ ਸੋਧ ਦੁਆਰਾ

(193) ਪ੍ਰਸਤਾਵਨਾ ਵਿੱਚ ਸਮਾਜਵਾਦੀ ਸ਼ਬਦ ਕਿਹੜੀ ਸੋਧ ਰਾਹੀਂ ਜੋੜਿਆ ਗਿਆ ?

ੳ. 44ਵੀਂ ਸੋਧ ਵਿੱਚ ਅ. 43ਵੀਂ ਸੋਧ ਵਿੱਚ ੲ. 42ਵੀਂ ਸੋਧ ਵਿੱਚ ਸ. 48ਵੀਂ ਸੋਧ ਵਿੱਚ

ਉੱਤਰ:- 42ਵੀਂ ਸੋਧ ਵਿੱਚ

(194) ਇੰਗਲੈਂਡ ਦਾ ਸੰਵਿਧਾਨ ਕਿਹੋ ਜਿਹਾ ਹੈ ?

ੳ. ਕਠੋਰ ਅ. ਲਚਕੀਲਾ ੲ. ਕਠੋਰ ਅਤੇ ਲਚਕੀਲਾ ਸ. ਇਹਨਾਂ ਵਿੱਚੋਂ ਕੋਈ ਵੀ ਨਹੀਂ

ਉੱਤਰ:- ਲਚਕੀਲਾ

(195) ਸੰਸਦੀ ਸ਼ਾਸਨ ਪ੍ਰਣਾਲੀ ਅਨੁਸਾਰ ਅਸਲੀ ਸ਼ਕਤੀ ਕਿਸ ਕੋਲ ਹੁੰਦੀ ਹੈ ?

ੳ. ਰਾਸ਼ਟਰਪਤੀ ਕੋਲ ਅ. ਜੱਜ ਕੋਲ ੲ. ਲੋਕ ਸਭਾ ਕੋਲ ਸ. ਮੰਤਰੀ ਮੰਡਲ ਕੋਲ

ਉੱਤਰ:- ਮੰਤਰੀ ਮੰਡਲ ਕੋਲ

(196) ਮੰਤਰੀ ਮੰਡਲ ਦੀ ਅਗਵਾਈ ਕੌਣ ਕਰਦਾ ਹੈ ?

ੳ. ਪ੍ਰਧਾਨ ਮੰਤਰੀ ਅ. ਰਾਸ਼ਟਰਪਤੀ ੲ. ਸਪੀਕਰ ਸ. ਗ੍ਰਹਿ ਮੰਤਰੀ

ਉੱਤਰ:- ਪ੍ਰਧਾਨ ਮੰਤਰੀ

(197) ਸੰਸਦੀ ਸਰਕਾਰ ਦਾ ਨਮੂਨਾ ਭਾਰਤ ਨੇ ਕਿੱਥੋਂ ਲਿਆ ?

ੳ. ਆਇਰਲੈਂਡ ਤੋਂ ਅ. ਆਸਟ੍ਰੇਲੀਆ ਤੋਂ ੲ. ਅਮਰੀਕਾ ਤੋਂ ਸ. ਇੰਗਲੈਂਡ ਤੋਂ

ਉੱਤਰ:- ਇੰਗਲੈਂਡ ਤੋਂ

(198) ਭਾਰਤੀ ਸੰਵਿਧਾਨ ਅਨੁਸਾਰ ਵੋਟਰ ਬਣਨ ਲਈ ਘੱਟੋ-ਘੱਟ ਉਮਰ ਕਿੰਨ੍ਹੀ ਚਾਹੀਦੀ ਹੈ ?

ੳ. 21 ਸਾਲ ਅ. 19 ਸਾਲ ੲ. 18 ਸਾਲ ਸ. 25 ਸਾਲ

ਉੱਤਰ:- 18 ਸਾਲ

(199) ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਸੰਵਿਧਾਨ ਵਿੱਚ ਕਿੱਥੇ ਦਰਜ ਹਨ ?

ੳ. ਚੌਥੇ ਅਧਿਆਇ ਵਿੱਚ ਅ. ਪਹਿਲੇ ਅਧਿਆਇ ਵਿੱਚ ੲ .ਤੀਜੇ ਅਧਿਆਇ ਵਿੱਚ ਸ. ਪੰਜਵੇ ਅਧਿਆਇ ਵਿੱਚ

ਉੱਤਰ:- ਚੌਥੇ ਅਧਿਆਇ ਵਿੱਚ

(200) ਸ਼ੋਸ਼ਣ ਵਿਰੁੱਧ ਅਧਿਕਾਰ ਅਨੁਸਾਰ ..........................ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਕਾਰਖਾਨੇ ਵਿੱਚ ਵਿਕਾਸ ਰੋਕੂ ਕੰਮ ਤੇ ਨਹੀਂ ਲਗਾਇਆ ਜਾ ਸਕਦਾ।

ੳ. 18 ਸਾਲ ਅ. 12 ਸਾਲ ੲ. 14 ਸਾਲ ਸ. 15 ਸਾਲ

ਉੱਤਰ:- 14 ਸਾਲ

(201) ਰਾਜ ਵਿਧਾਨ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ ਕਿੰਨ੍ਹੀ ਹੋਣੀ ਚਾਹੀਦੀ ਹੈ?

(1) 35 ਸਾਲ (ਅ) 25 ਸਾਲ (ੲ) 18 ਸਾਲ (ਸ) 21 ਸਾਲ

ਉੱਤਰ:- 25 ਸਾਲ

(202) ਸਮਵਰਤੀ ਸੂਚੀ ਦਾ ਕੋਈ ਇੱਕ ਵਿਸ਼ਾ ਦੱਸੋ:-

(ੳ) ਰੇਲਵੇ ਅਤੇ ਰੱਖਿਆ (ਅ) ਸਰਵਜਨਕ ਸਿਹਤ (ੲ) ਮਜ਼ਦੂਰ ਕਲਿਆਣ (ਸ) ਕਾਨੂੰਨ ਬਣਾਉਣਾ

ਉੱਤਰ:- ਮਜ਼ਦੂਰ ਕਲਿਆਣ

(203) ਰਾਜ ਦਾ ਸੰਵਿਧਾਨਕ ਮੁਖੀ ਹੁੰਦਾ ਹੈ:-

(ੳ) ਮੁੱਖ ਮੰਤਰੀ (ਅ) ਰਾਜਪਾਲ (ੲ) ਪ੍ਰਧਾਨ ਮੰਤਰੀ (ਸ) ਰਾਸ਼ਟਰਪਤੀ

ਉੱਤਰ:- ਰਾਜਪਾਲ

(204) ਰਾਜ ਦੀ ਸਭ ਤੋਂ ਵੱਡੀ ਅਦਾਲਤ ਹੁੰਦੀ ਹੈ:-

(ੳ) ਜਿਲ੍ਹਾ ਅਦਾਲਤ (ਅ) ਸ਼ੈਸਨ ਕੋਰਟ (ੲ) ਉੱਚ ਅਦਾਲਤ (ਸ) ਸੁਪਰੀਮ ਕੋਰਟ

ਉੱਤਰ:- ਉੱਚ ਅਦਾਲਤ

(205) ਗਰੀਬ/ਸ਼ੋਸ਼ਿਤ ਲੋਕਾਂ ਨੂੰ ਜਲਦੀ ਨਿਆਂ ਦਵਾਉਣ ਲਈ ਜੋ ਅਦਾਲਤਾਂ ਕਾਇਮ ਕੀਤੀਆਂ ਗਈਆਂ ਹਨ, ਨੂੰ ਕੀ________ਆਖਦੇ ਹਨ।

(ੳ) ਸ਼ੈਸ਼ਨ ਕੋਰਟ (ਅ) ਕੰਜ਼ਿਊਮਰ ਕੋਰਟ (ੲ) ਹਾਈਕੋਰਟ (ਸ) ਲੋਕ ਅਦਾਲਤ

ਉੱਤਰ:- ਲੋਕ ਅਦਾਲਤ

(206) ਸੰਵਿਧਾਨ ਅਨੁਸਾਰ ਰਾਜ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਵੱਧ ਤੋਂ ਵੱਧ ਕਿੰਨ੍ਹੀ ਹੋ ਸਕਦੀ ਹੈ?

(ੳ) 545 (ਅ) 500 (ੲ) 250 (ਸ) 117

ਉੱਤਰ:- 500

(207) ਡੈਮੋਕਰੇਸੀ ਸ਼ਬਦ ਕਿਸ ਭਾਸ਼ਾ ਤੋਂ ਬਣਿਆਂ ਹੈ ?

(ੳ) ਅੰਗਰੇਜੀ (ਅ) ਲੈਟਿਨ (ੲ) ਫਰੈਂਚ (ਸ) ਗਰੀਕ

ਉੱਤਰ:- ਗਰੀਕ

(208) ਲੋਕਤੰਤਰ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸ਼ਾਸ਼ਨ ਹੁੰਦਾ ਹੈ, ਇਹ ਕਥਨ ਕਿਸ ਦਾ ਹੈ ?

(ੳ) ਲੈਨਿਨ (ਅ) ਇਬਰਾਹੀਮ ਲਿੰਕਨ (ੲ) ਅਰਸਤੂ (ਸ) ਮਹਾਤਮਾ ਗਾਂਧੀ

ਉੱਤਰ:- ਇਬਰਾਹੀਮ ਲਿੰਕਨ

(209) ਪਹਿਲੀਆਂ ਲੋਕ ਸਭਾ ਚੋਣਾਂ ਕਦੋਂ ਹੋਈਆਂ ?

(ੳ) 1947 ਈ. (ਅ) 1950 ਈ. (ੲ) 1954 ਈ. (ਸ) 1952 ਈ.

ਉੱਤਰ:- 1952 ਈ.

(210) ਚੋਣ ਨਿਸ਼ਾਨ " ਕਮਲ ਦਾ ਫੁੱਲ" ਕਿਸ ਪਾਰਟੀ ਦਾ ਚੋਣ ਨਿਸ਼ਾਨ ਹੈ ?

(ੳ) ਕਾਂਗਰਸ (ਅ) ਭਾਰਤੀ ਜਨਤਾ ਪਾਰਟੀ (ੲ) ਅਕਾਲੀ ਦਲ (ਸ) ਬਹੁਜਨ ਸਮਾਜ ਪਾਰਟੀ

ਉੱਤਰ:- ਭਾਰਤੀ ਜਨਤਾ ਪਾਰਟੀ

(211) ਵੋਟ ਪਾਉਣ ਲਈ ਘੱਟੋ-ਘੱਟ ਉਮਰ ਕਿੰਨ੍ਹੀ ਹੋਣੀ ਚਾਹੀਦੀ ਹੈ?

(ੳ) 21 ਸਾਲ (ਅ) 18 ਸਾਲ (ੲ) 25 ਸਾਲ (ਸ) 16 ਸਾਲ

ਉੱਤਰ:- 18 ਸਾਲ

(212) 'ਪੰਚਸ਼ੀਲ' ਸਮਝੌਤਾ ਭਾਰਤ ਅਤੇ ਚੀਨ ਦੇ ਵਿਚਕਾਰ ਕਦੋਂ ਹੋਇਆ?

(ੳ) 1947 ਈ. (ਅ) 1954 ਈ. (ੲ) 1962 ਈ. (ਸ) 1971 ਈ.

ਉੱਤਰ:- 1954 ਈ.

(213) ਸੰਯੁਕਤ ਰਾਸ਼ਟਰ ਦਾ ਜਨਮ ਕਦੋਂ ਹੋਇਆ?

(ੳ) 1945 ਈ. (ਅ) 1954 ਈ. (ੲ) 1962 ਈ. (ਸ) 1971 ਈ.

ਉੱਤਰ:- 1945 ਈ.

(214) ਸੰਯੁਕਤ ਰਾਸ਼ਟਰ ਦੀ ਸਥਾਪਨਾ ਸਮੇਂ ਇਸਦੇ ਮੁਢੱਲੇ ਮੈਂਬਰਾਂ ਦੀ ਗਿਣਤੀ ਕਿੰਨ੍ਹੀ ਸੀ ?

(ੳ) 10 (ਅ) 51 (ੲ) 192 (ਸ) 5

ਉੱਤਰ:- 51

(215) 'ਪੰਚਸ਼ੀਲ ਦੇ ਸਿਧਾਂਤ ਨੂੰ ਸੰਯੁਕਤ ਰਾਸ਼ਟਰ ਸ਼ੰਘ ਦੀ ਮਹਾਂ ਸਭਾ ਵਿੱਚ ਮਾਨਤਾ ਕਦੋਂ ਮਿਲੀ ?

(ੳ) 15 ਅਗਸਤ 1947 (ਅ) 14 ਦਸੰਬਰ 1959 (ੲ) 29 ਅਪ੍ਰੈਲ 1954 (ਸ) 24 ਅਕਤੂਬਰ 1945

ਉੱਤਰ:- 14 ਦਸੰਬਰ 1959

(216) ਪੋਖਰਨ ਵਿੱਚ ਪਰਮਾਣੂ ਬੰਬ ਤਜ਼ਰਬੇ ਕਦੋਂ ਕੀਤੇ ਗਏ ?

(ੳ) 1998 ਈ. (ਅ) 1999 ਈ. (ੲ) 1996 ਈ. (ਸ) 1997 ਈ.

ਉੱਤਰ:- 1998 ਈ.

(217) ਭਾਰਤ ਦੀ ਵਰਤਮਾਨ ਵਿਦੇਸ਼ ਨੀਤੀ ਦੇ ਬਾਨੀ ਕਿਸ ਨੂੰ ਮੰਨਿਆ ਜਾਂਦਾ ਹੈ ?

ੳ. ਮਹਾਤਮਾ ਗਾਂਧੀ ਅ. ਵੱਲਭ ਭਾਈ ਪਟੇਲ ੲ. ਜਵਾਹਰ ਲਾਲ ਨਹਿਰੂ ਸ. ਨਰਿੰਦਰ ਮੋਦੀ

ਉੱਤਰ:- ਜਵਾਹਰ ਲਾਲ ਨਹਿਰੂ

(218) ਪੰਚਸ਼ੀਲ ਦਾ ਸਮਝੌਤਾ ਕਦੋਂ ਅਪਣਾਇਆ ਗਿਆ ?

ੳ. 29 ਅਪਰੈਲ 1954 ਈ. ਅ. 29 ਅਪਰੈਲ 1950 ਈ.

ੲ. 29 ਅਪਰੈਲ 1952 ਈ. ਸ. 29 ਅਪਰੈਲ 1947 ਈ.

ਉੱਤਰ:- 29 ਅਪਰੈਲ 1954 ਈ.

(219) ਪੰਚਸ਼ੀਲ ਅਧੀਨ ਕਿੰਨ੍ਹੇ ਸਿਧਾਤਾਂ ਨੂੰ ਅਪਣਾਇਆ ਗਿਆ ?

ੳ. ਚਾਰ ਅ. ਤਿੰਨ ੲ. ਸੱਤ ਸ. ਪੰਜ

ਉੱਤਰ:- ਪੰਜ

(220) ਪੰਚਸ਼ੀਲ ਦਾ ਸਮਝੌਤਾ ਕਿਹੜੇ ਦੋ ਦੇਸ਼ਾਂ ਵਿੱਚਕਾਰ ਹੋਇਆ?

ੳ. ਭਾਰਤ ਅਤੇ ਬੰਗਲਾ ਦੇਸ਼ ਅ. ਭਾਰਤ ਅਤੇ ਚੀਨ ੲ. ਭਾਰਤ ਅਤੇ ਪਾਕਸਿਤਾਨ ਸ. ਭਾਰਤ ਅਤੇ ਨੇਪਾਲ

ਉੱਤਰ:- ਭਾਰਤ ਅਤੇ ਚੀਨ

(221) 14 ਦਸੰਬਰ 1959 ਈ. ਨੂੰ ਸੰਯੁਕਤ ਰਾਸ਼ਟਰ ਦੀ ਮਹਾਂਸਭਾ ਵਿੱਚ ਕਿੰਨ੍ਹੇ ਦੇਸ਼ਾਂ ਨੇ ਪੰਚਸ਼ੀਲ ਨੂੰ ਮਾਨਤਾ ਦਿੱਤੀ ?

ੳ. 82 ਅ. 80 ੲ. 75 ਸ. 70

ਉੱਤਰ:- 82

(222) ਭਾਰਤ ਨੇ ਰਾਸ਼ਟਰਮੰਡਲ ਦੀ ਮੈਂਬਰਸ਼ਿੱਪ ਕਦੋਂ ਲਈ ?

ੳ. 26 ਨਵੰਬਰ 1949 ਈ. ਅ. 17 ਮਈ 1945 ਈ. ੲ. 17 ਜੂਨ 1945 ਈ. ਸ. 26 ਮਈ 1945 ਈ.

ਉੱਤਰ:- 17 ਮਈ 1945 ਈ.

(223) ਵਰਤਮਾਨ ਸਮੇਂ ਸੰਯੁਕਤ ਰਾਸ਼ਟਰ ਸੰਘ ਦੇ ਕੁੱਲ ਕਿੰਨ੍ਹੇ ਮੈਂਬਰ ਹਨ ?

ੳ. 117 ਅ. 250 ੲ. 193 ਸ. 207

ਉੱਤਰ:-193

(224) ਸੁਰੱਖਿਆ ਪ੍ਰੀਸ਼ਦ ਦੇ ਕੁੱਲ ਕਿੰਨ੍ਹੇ ਮੈਂਬਰ ਹਨ ?

ੳ. 17 ਅ. 19 ੲ. 20 ਸ. 15

ਉੱਤਰ:-15

(225) ਭਾਰਤ- ਚੀਨ ਯੁੱਧ ਕਦੋਂ ਹੋਇਆ ?

ੳ. 1950 ਈ. ਅ. 1962 ਈ. ੲ. 1996 ਈ. ਸ. 1971 ਈ.

ਉੱਤਰ:- 1962 ਈ.

## ਇੱਕ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-

**1. ਹੇਠ ਲਿਖੇ ਵਾਕਾਂ ਬਾਰੇ ਇੱਕ ਸ਼ਬਦ ਲਿਖੋ:-**

(i) ਮਿੱਟੀ, ਪਾਣੀ, ਬਨਸਪਤੀ ਅਤੇ ਖਣਿਜ ਪਦਾਰਥ ਬਾਰੇ ਕੁਦਰਤ ਦੀਆਂ ਰਹਿਮਤਾਂ- ਕੁਦਰਤੀ ਸੋਮੇ / ਸਾਧਨ

(ii) ਨਾ-ਨਵਿਆਉਣ ਯੋਗ ਸੋਮੇ ਦੀ ਇੱਕ ਕਿਸਮ- ਖਣਿਜ ਅਤੇ ਖਣਿਜ ਤੇਲ

(iii) ਵੱਧ ਪਾਣੀ ਸੋਖਣ ਦੀ ਸਮਰੱਥਾ ਵਾਲੀ ਮਿੱਟੀ ਦੀ ਕਿਸਮ - ਰੇਤਲੀ ਮਿੱਟੀ

(iv) ਮੌਨਸੂਨੀ ਜਲਵਾਯੂ ਦੀ ਖੁਰੀ ਹੋਈ ਮਿੱਟੀ ਦੀ ਕਿਸਮ: ਲੈਟਰਾਈਟ ਮਿੱਟੀ

(v) ਭੌਂ-ਖੋਰ ਰੋਕਣ ਲਈ ਲਗਾਏ ਜਾਣ ਵਾਲੇ ਜੰਗਲਾਂ ਦੀ ਕਤਾਰ - ਸ਼ੈਲਟਰ ਪੇਟੀਆਂ

(vi) ਭਾਰਤ ਦੇ ਉੱਤਰ ਦੇ ਮੈਦਾਨ ਕਿਸ ਕਿਸਮ ਦੀ ਮਿੱਟੀ ਦੇ ਬਣੇ ਹਨ - ਜਲੌਢੀ ਮਿੱਟੀ

**2. ਉਹਨਾਂ ਤਿੰਨ ਰਾਜਾਂ ਦੇ ਨਾਮ ਦੱਸੋ ਜਿਨ੍ਹਾਂ ਵਿੱਚ ਕਾਲੀ ਮਿੱਟੀ ਮਿਲਦੀ ਹੈ। ਇੱਥੇ ਉਪਜਣ ਵਾਲੀ ਮੁੱਖ ਫ਼ਸਲ ਦਾ ਨਾਮ ਵੀ ਦੱਸੋ?**

ਉੱਤਰ: ਕਾਲੀ ਮਿੱਟੀ ਗੁਜਰਾਤ, ਮਹਾਂਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿੱਚ ਮਿਲਦੀ ਹੈ। ਕਪਾਹ ਅਤੇ ਗੰਨਾ ਇਸ ਮਿੱਟੀ ਵਿੱਚ ਉਪਜਣ ਵਾਲੀਆਂ ਪ੍ਰਮੁੱਖ ਫ਼ਸਲਾਂ ਹਨ।

**3. ਭਾਰਤ ਦੇ ਪੂਰਬੀ ਤੱਟ ਤੇ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਕਿਹੜੀ ਕਿਸਮ ਦੀਆਂ ਮਿੱਟੀਆਂ ਮਿਲਦੀਆਂ ਹਨ?**

ਉੱਤਰ:- ਭਾਰਤ ਦੇ ਪੂਰਬੀ ਤੱਟ ਉੱਤੇ ਲਾਲ ਮਿੱਟੀ ਅਤੇ ਨਦੀਆਂ ਦੇ ਡੈਲਟਾਈ ਭਾਗਾਂ ਵਿੱਚ ਜਲੌਢੀ ਮਿੱਟੀ ਮਿਲਦੀ ਹੈ।

**4. ਆਫ਼ਤਾਂ ਦੇ ਪ੍ਰਬੰਧਨ ਤੋਂ ਕੀ ਭਾਵ ਹੈ?**

ਉੱਤਰ:- ਆਫ਼ਤਾਂ ਦੇ ਪ੍ਰਬੰਧਨ ਤੋਂ ਭਾਵ ਹੈ ਕਿ, ਮੁਲਕ ਅੰਦਰ ਕਿਸੇ ਵੀ ਆਫ਼ਤ ਸਮੇਂ ਉਸਦਾ ਸਾਹਮਣਾ ਕਿਵੇਂ ਕੀਤਾ ਜਾ ਸਕਦਾ ਹੈ। ਇਸ ਯੋਜਨਾ ਤਹਿਤ ਇਨਸਾਨੀ ਜ਼ਿੰਦਗੀਆਂ ਦੇ ਨੁਕਸਾਨ ਅਤੇ ਜਾਨ ਮਾਲ ਦੇ ਨੁਕਸਾਨ ਵਿਚ ਭਾਰੀ ਕਮੀ ਲਿਆਂਦੀ ਜਾ ਸਕਦੀ ਹੈ।

**5. ਜੈਵਿਕ ਭੂਗੋਲ ਕੀ ਹੈ? ਪਰਿਭਾਸ਼ਾ ਦਿਓ?**

ਉੱਤਰ: ਜੈਵਿਕ ਭੂਗੋਲ ਜਾਨਦਾਰ ਧੜਕਦੀਆਂ ਤੇ ਵੱਧਦੀਆਂ ਜ਼ਿੰਦਗੀਆਂ ਦਾ ਅਧਿਐਨ ਹੈ। ਇਸ ਵਿੱਚ ਜੈਵਿਕ ਸੰਸਾਰ ਦੀ ਸਥਾਨਕ ਵੰਡ ਸ਼ਾਮਲ ਹੈ। ਜੈਵਿਕ ਭੂਗੋਲ ਨੂੰ ਭੌਤਿਕ ਸਰੂਪ ਵਿਚ ਜੰਗਲ, ਪਸ਼ੂ-ਪੰਛੀ, ਜੀਵ-ਜੰਤੂ, ਜ਼ਮੀਨ, ਪਾਣੀ ਅਤੇ ਹਵਾ ਦੇ ਇਲਾਵਾ ਸਾਡੀ ਭੋਜਨ ਲੜੀ ਅਤੇ ਭੋਜਨ ਵੈੱਬ ਤੰਤਰ ਦੇ ਵਿਸਥਾਰਤ ਵਿਗਿਆਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।

**6. ਪਰਿਭਾਸ਼ਿਤ ਕਰੋ:**

**(ੳ) ਜੈਵਿਕ ਸੂਬਾ**: ਜੈਵਿਕ ਸੂਬਾ, ਜੈਵ ਭੂਗੋਲਿਕ ਜ਼ੋਨ ਦੀ ਗੌਣ ਜਾਂ ਦੂਸਰੀ ਇਕਾਈ ਹੈ, ਜਿਸ ਵਿੱਚ ਵਾਤਾਵਰਨ ਦੇ ਬਦਲਾਅ ਕਾਰਨ ਕਿਸੇ ਖਾਸ ਪ੍ਰਜਾਤੀ ਨੂੰ ਤਰਜੀਹ ਦੇ ਆਧਾਰ 'ਤੇ ਅਧਿਐਨ ਦਾ ਹਿੱਸਾ ਬਣਾਇਆ ਜਾਂਦਾ ਹੈ। ਉਦਾਹਰਣ ਲਈ ਉੱਤਰ-ਪੱਛਮੀ ਹਿਮਾਲਿਆ 'ਤੇ ਸਤਲੁਜ ਦਰਿਆ ਦੇ ਦੋਹੇ ਪਾਸਿਆਂ ਵਿੱਚ ਵਖਰੇਵਾਂ।

**(ਅ) ਈਕੋਟੋਨ:** ਈਕੋਟੋਨ ਦੋ ਅਲੱਗ-ਅਲੱਗ ਕਿਸਮ ਦੀਆਂ ਪ੍ਰਜਾਤੀਆਂ ਦਰਮਿਆਨ ਤਬਦੀਲੀ ਦੇ ਜ਼ੋਨ ਨੂੰ ਈਕੋਟੋਨ ਕਿਹਾ ਜਾਂਦਾ ਹੈ। ਜਿਵੇਂ ਐਲਪਾਈਨ ਤੇ ਸ਼ੀਤ-ਊਸਣ ਘਾਹ ਦੇ ਮੈਦਾਨਾਂ ਵਿਚ ਤੇ ਜੰਗਲਾਂ ਵਿੱਚ ਤਬਦੀਲੀ ਵਾਲਾ ਹਿੱਸਾ ਜਾਂ ਜ਼ੋਨਾਂ 'ਤੇ ਉੱਚਾਈ ਵਾਲੇ ਠੰਡੇ ਰੇਗਿਸਤਾਨ ਈਕੋਟੋਨ ਬਣਾਉਂਦੇ ਹਨ।

**(ੲ) ਬਾਇਓਮ**: ਬਾਇਓਮ ਪਾਰਿਸਥਿਤ ਤੰਤਰ ਦੀ ਸਭ ਤੋਂ ਛੋਟੀ ਇਕਾਈ ਹੈ ਪਰ ਇਹ ਜੈਵ-ਭੂਗੋਲਿਕ ਖੇਤਰ ਦੀ ਇਕਾਈ ਨਹੀਂ ਹੈਂ। ਜਿਵੇਂ, ਦਲਦਲ, ਜਲਗਾਹਾਂ, ਚੌੜੇ ਪੱਤਿਆਂ ਵਾਲੇ ਸ਼ੀਤ ਖੰਡੀ ਜੰਗਲ। ਇਹ ਕਈ ਜੈਵ-ਭੂਗੋਲਿਕ ਜ਼ੋਨਾਂ ਅਤੇ ਸੂਬਿਆਂ ਵਿੱਚ ਵੰਡੇ ਹੋ ਸਕਦੇ ਹਨ।

**7. ਡੈਮ ਕੀ ਹੁੰਦਾ ਹੈ?**

ਉੱਤਰ:- ਡੈਮ ਦਾ ਅਰਥ 'ਝੀਲ' ਹੁੰਦਾ ਹੈ। ਡੈਮ, ਉਹ ਬੰਨ੍ਹ ਹੁੰਦਾ ਹੈ ਜੋ ਵਗਦੇ ਦਰਿਆ ਦੇ ਪਾਣੀ ਦੇ ਵਹਿਣ ਨੂੰ ਰੋਕ ਕੇ ਉਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦਾ ਹੈ ਤੇ ਇਸਦੇ ਪਿੱਛੇ ਆਮ ਤੌਰ 'ਤੇ ਵੱਡੀ ਝੀਲ ਪਾਣੀ ਨੂੰ ਸੰਭਾਲ ਕੇ ਰੱਖਦੀ ਹੈ।

**8. ਗਲੋਬਲ ਹੰਗਰ ਇੰਡੈਕਸ ਤੋਂ ਕੀ ਭਾਵ ਹੈ?**

ਉੱਤਰ:- ਗਲੋਬਲ ਹੰਗਰ ਇੰਡੈਕਸ ਨੂੰ ਸੰਸਾਰ ਭੁੱਖਮਰੀ ਦਾ ਸੂਚਕ ਅੰਕ ਕਿਹਾ ਗਿਆ ਹੈ।ਜੇਕਰ ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਆਲੋਚਨਾਤਮਕ ਅਧਿਐਨ ਕਰਨਾ ਹੋਵੇ ਤਾਂ ਭੁੱਖਮਰੀ ਸਭ ਤੋਂ ਵਧੀਆ ਮਾਪਦੰਡ ਹੋ ਸਕਦਾ ਹੈ।

**9. ਸਾਉਣੀ ਦੀਆਂ ਫ਼ਸਲਾਂ ਸੰਬੰਧੀ ਲਿਖੋ?**

ਉੱਤਰ:- ਸਾਉਣੀ ਜਾਂ ਖ਼ਰੀਫ਼ ਦੀਆਂ ਫ਼ਸਲਾਂ ਵਿੱਚ ਮੁੱਖ ਤੌਰ 'ਤੇ ਝੋਨਾ, ਅਰਹਰ, ਮੂੰਗੀ, ਮਾਂਹ, ਗੰਨਾ, ਸੋਇਆਬੀਨ, ਜਵਾਰ, ਬਾਜਰਾ, ਮੂੰਗਫਲੀ, ਪਟਸਨ, ਤੇਲ ਆਦਿ ਮੁੱਖ ਫਸਲਾਂ ਨੂੰ ਸ਼ਾਮਲ ਕੀਤਾ ਗਿਆ ਹੈ।

**10. ਧਾਤਵੇਂ ਖਣਿਜ ਕੀ ਹੁੰਦੇ ਹਨ?**

ਉੱਤਰ:- ਇਨ੍ਹਾ ਖਣਿਜਾਂ ਵਿੱਚ ਧਾਤਾਂ ਜਿਵੇਂ ਕਿ ਤਾਂਬਾ, ਸੋਨਾ, ਮੈਂਗਨੀਜ਼, ਬਾਕਸਾਈਟ ਆਦਿ ਤੱਤ ਸ਼ਾਮਲ ਹੁੰਦੇ ਹਨ। ਧਾਤਵੇਂ ਖਣਿਜ ਦੋ ਤਰ੍ਹਾਂ ਦੇ ਹੁੰਦੇ ਹਨ:-

1. ਲੋਹ ਧਾਤਵੇਂ ਖਣਿਜ:- ਇਹ ਉਹ ਖਣਿਜ ਹਨ, ਜਿਨ੍ਹਾਂ ਵਿੱਚ ਧਾਤਾਂ ਵਿੱਚ ਵੀ ਲੋਹ ਧਾਤਾਂ, ਜਿਵੇਂ ਕਿ ਲੋਹਾ, ਮੈਂਗਨੀਜ਼,ਨਿੱਕਲ ਆਦਿ ਤੱਤਾਂ ਵਜੋਂ ਸ਼ਾਮਲ ਹੁੰਦੀਆਂ ਹਨ।
2. ਲੋਹ- ਰਹਿਤ ਧਾਤਵੇਂ ਖਣਿਜ:- ਇਹ ਉਹ ਖਣਿਜ ਹਨ, ਜਿਨ੍ਹਾਂ ਦੇ ਤੱਤਾਂ ਵਿੱਚ ਲੋਹ ਧਾਤਾਂ ਤੋਂ ਇਲਾਵਾ ਧਾਤਾਂ ਜਿਵੇਂ ਕਿ ਸੋਨਾ, ਚਾਂਦੀ ਅਤੇ ਤਾਂਬਾ ਆਦਿ ਸ਼ਾਮਲ ਹੁੰਦੀਆਂ ਹਨ।

11. ਭਾਰਤ ਦੇ ਕੋਈ ਪੰਜ ਕੋਲਾ ਉਤਪਾਦਕ ਰਾਜਾਂ ਦੇ ਨਾਮ ਲਿਖੋ?

ਉੱਤਰ:-ਜੰਮੂ ਤੇ ਕਸ਼ਮੀਰ, ਝਾਰਖੰਡ, ਉੜੀਸਾ, ਪੱਛਮੀ ਬੰਗਾਲ, ਛੱਤੀਸਗੜ੍ਹ, ਮੱਧ ਪ੍ਰਦੇਸ਼।

**12. ਕੱਚੇ ਕੋਲੇ ਦੀਆਂ ਕਿਸਮਾਂ ਤੇ ਉਨ੍ਹਾਂ ਵਿੱਚ ਲੋਹ-ਧਾਤ ਅੰਸ਼ ਲਿਖੋ?**

ਉੱਤਰ:-

| ਕਿਸਮ | ਲੋਹ-ਧਾਤ ਅੰਸ਼ |
|---|---|
| ਮੈਗਨੇਟਾਈਟ | 70% ਲੋਹ ਤੱਤ ਜਾਂ ਵੱਧ |
| ਹੇਮੇਟਾਈਟ | 60% ਤੋਂ 70% ਲੋਹ ਤੱਤ |
| ਲਿਮੋਨਾਇਟ | 50% ਤੋਂ 60% ਲੋਹ ਤੱਤ |
| ਸੀਡਰਾਈਟ | 50% ਤੋਂ ਘੱਟ ਲੋਹ ਤੱਤ |

**13. 'ਭਾਰਤ ਦੀ ਰੂਹਰ' ਕਿਹੜਾ ਇਲਾਕਾ ਹੈ?**

ਉੱਤਰ:- ਦਮੋਦਰ ਘਾਟੀ

**14. ਪਥਰਾਟ ਬਾਲਣ ਕੀ ਹੁੰਦੇ ਹਨ?**

ਉੱਤਰ:- ਪਥਰਾਟ ਬਾਲਣ ਅਸਲ ਵਿੱਚ ਹਾਈਡਰੋਕਾਰਬਨ ਹੁੰਦੇ ਹਨ ਜਿਵੇਂ ਕਿ ਕੋਲਾ, ਪੈਟਰੋਲੀਅਮ ਅਤੇ ਕੁਦਰਤੀ ਗੈਸ। ਇਹ ਨਾਮ ਦਫ਼ਨ ਹੋਏ ਜੈਵਿਕ ਪਦਾਰਥਾਂ ਨੂੰ ਦਿੱਤਾ ਜਾਂਦਾ ਹੈ ਜੋ ਜਾਨਵਰਾਂ ਦੇ ਗਲਣ-ਸੜਨ ਤੋਂ ਕੱਚੇ ਤੇਲ, ਕੋਲੇ, ਕੁਦਰਤੀ ਗੈਸਾਂ ਜਾਂ ਭਾਰੀ ਤੇਲ ਵਿਚ ਤਬਦੀਲ ਹੋ ਜਾਂਦੀ ਹੈ। ਇਹ ਤਬਦੀਲੀ ਕਰੋੜਾਂ ਸਾਲ ਧਰਤੀ ਦੀ ਪੇਪੜੀ ਹੇਠ ਦੱਬੇ ਰਹਿ ਕੇ ਦਬਾਅ ਤੇ ਤਾਪ ਕਾਰਨ, ਆਈ ਹੋਣ ਕਾਰਨ ਇਨ੍ਹਾਂ ਨੂੰ ਖਣਿਜ ਬਾਲਣ ਵੀ ਕਿਹਾ ਜਾਂਦਾ ਹੈ।

**15. ਨਿਰਮਾਣ ਤੋਂ ਕੀ ਭਾਵ ਹੈ?**

ਉੱਤਰ:- ਜੋ ਸਨਅਤਾਂ ਕਿਸੇ ਵੀ ਤਰ੍ਹਾਂ ਦੇ ਕੱਚੇ ਮਾਲ ਨੂੰ ਵਧੇਰੇ ਕੀਮਤੀ ਤੇ ਨਿਵੇਕਲੇ ਪੱਖ ਤੋਂ ਵਰਤੋਂ ਯੋਗ ਵਸਤੂ ਵਿਚ ਤਬਦੀਲ ਕਰਦੀਆਂ ਹਨ, ਨਿਰਮਾਣ ਸਨਅਤਾਂ ਕਹਾਉਂਦੀਆਂ ਹਨ।

**16. ਕਿਸੇ ਸਨਅਤ ਦੇ ਸਥਾਈਕਰਨ ਲਈ ਕੰਮ ਕਰਦੇ ਕੋਈ ਤਿੰਨ ਭੌਤਿਕ ਤੱਤਾਂ ਦੇ ਨਾਂ ਲਿਖੋ?**

ਉੱਤਰ:- ਕਿਸੇ ਸਨਅਤ ਦੇ ਸਥਾਈਕਰਨ ਲਈ ਕਈ ਤੱਤ ਆਧਾਰ ਮੰਨੇ ਜਾਂਦੇ ਹਨ। ਜਿਵੇਂ ਕਿ:-

1. ਕੱਚਾ ਮਾਲ 2. ਭੂਮੀ 3. ਊਰਜਾ ਦੇ ਸਾਧਨ

**17. ਕਿਸੇ ਸਨਅਤ ਦੀ ਸਥਾਪਨਾ ਲਈ ਕੋਈ ਤਿੰਨ ਮਨੁੱਖੀ ਤੱਤਾਂ ਦੇ ਨਾਂ ਲਿਖੋ?**

ਉੱਤਰ:- ਕਿਸੇ ਸਨਅਤ ਦੀ ਸਥਾਪਨਾ ਲਈ ਤਿੰਨ ਮਨੁੱਖੀ ਤੱਤ ਹੇਠ ਲਿਖੇ ਅਨੁਸਾਰ ਹਨ:-

1. ਨਿਪੁੰਨ ਅਤੇ ਸਿੱਖਿਅਤ ਕਾਮੇ 2. ਪੂੰਜੀਕਾਰੀ 3.ਮੰਡੀ

**18. ਸੜਕ ਮਾਰਗਾਂ (ਰੋਡਵੇਜ਼) ਦੇ ਕੋਈ ਤਿੰਨ ਗੁਣ ਲਿਖੋ?**

ਉੱਤਰ:- 1. ਸੜਕਾਂ ਦਾ ਨਿਰਮਾਣ ਖ਼ਰਚਾ, ਰੇਲ ਮਾਰਗਾਂ ਦੇ ਨਿਰਮਾਣ ਖਰਚੇ ਤੋਂ ਕਾਫੀ ਘੱਟ ਹੈ।

2. ਸੜਕਾਂ, ਹਿਮਾਲਿਆ ਦੀਆਂ ਉੱਚਾਈਆਂ ਤੇ ਢਲਾਣਾਂ ਵਰਗੀਆਂ ਥਾਵਾਂ ਉੱਤੇ ਵੀ ਉਸਾਰੀਆਂ ਜਾ ਸਕਦੀਆਂ ਹਨ।

3. ਸੜਕੀ ਆਵਾਜਾਈ ਕੁਝ ਵਿਅਕਤੀਆਂ ਦੇ ਥੋੜ੍ਹੇ ਮਾਲ ਸਮੇਤ ਘੱਟ ਦੂਰੀਆਂ ਤੈਅ ਕਰਨ ਵਿੱਚ ਸਸਤੀ ਪੈਂਦੀ ਹੈ।

4. ਸੜਕਾਂ ਰੇਲਾਂ ਦੇ ਮੁਕਾਬਲੇ ਵਧੇਰੇ ਅੱਗੜ੍ਹ-ਦੁੱਘੜ੍ਹ ਧਰਾਤਲ ਉੱਤੇ ਉਸਾਰੀਆਂ ਜਾ ਸਕਦੀਆਂ ਹਨ।

**19. ਵਪਾਰ ਤੋਂ ਕੀ ਭਾਵ ਹੈ? ਕੌਮਾਂਤਰੀ ਤੇ ਸਥਾਨਕ ਵਪਾਰ ਵਿੱਚ ਕੀ ਅੰਤਰ ਹੈ?**

ਉੱਤਰ:- ਲੋਕਾਂ, ਰਾਜਾਂ ਅਤੇ ਦੇਸ਼ਾਂ ਵਿਚਾਲੇ ਸਮਾਨ-ਅਸਬਾਬ ਦੇ ਵਟਾਂਦਰੇ ਨੂੰ ਵਪਾਰ ਕਿਹਾ ਜਾਂਦਾ ਹੈ।

ਕੌਮਾਂਤਰੀ ਵਪਾਰ:- ਦੋ ਦੇਸ਼ਾਂ ਵਿਚਾਲੇ ਵਪਾਰ ਨੂੰ ਕੌਮਾਂਤਰੀ ਵਪਾਰ ਕਿਹਾ ਜਾਂਦਾ ਹੈ। ਜੋ ਧਰਾਤਲੀ, ਸਾਗਰੀ ਜਾਂ ਹਵਾਈ ਮਾਰਗਾਂ ਰਾਹੀਂ ਕੀਤਾ ਜਾ ਸਕਦਾ ਹੈ।

ਸਥਾਨਕ ਵਪਾਰ:- ਜਦ ਕਿ ਸਥਾਨਕ ਵਪਾਰ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿਚਾਲੇ ਹੁੰਦਾ ਹੈ।

**20. ਜਲ ਆਵਾਜਾਈ ਦੇ ਕੋਈ ਚਾਰ ਲਾਭ ਦੱਸੋ?**

ਉੱਤਰ:-1. ਜਲ ਮਾਰਗਾਂ ਦੇ ਨਿਰਮਾਣ ਤੇ ਸਾਂਭ-ਸੰਭਾਲ ਦਾ ਖਰਚਾ ਲਗਭਗ ਨਾਂਹ ਦੇ ਬਰਾਬਰ ਹੁੰਦਾ ਹੈ।

2. ਰੇਲ ਤੇ ਸੜਕੀ ਆਵਾਜਾਈ ਸਾਧਨਾਂ ਦੇ ਮੁਕਾਬਲੇ ਜਲ ਆਵਾਜਾਈ ਸਾਧਨ ਬਹੁਤ ਸਸਤੇ ਪੈਂਦੇ ਹਨ।

3. ਜਲ ਆਵਾਜਾਈ ਰਾਹੀਂ ਭਾਰੀਆਂ ਵਸਤੂਆਂ ਦੀ ਢੋਆ-ਢੁਆਈ ਕਾਫੀ ਸੌਖੀ ਤੇ ਹੋਰ ਸਾਧਨਾਂ ਦੇ ਮੁਕਾਬਲੇ ਵਧੇਰੇ ਲਾਹੇਵੰਦ ਰਹਿੰਦੀ ਹੈ।

4. ਵਿਦੇਸ਼ੀ ਵਪਾਰ ਵੀ ਜ਼ਿਆਦਾਤਰ ਸਮੁੰਦਰੀ ਜ਼ਹਾਜ਼ਰਾਨੀ ਤੇ ਨਿਰਭਰ ਕਰਦਾ ਹੈ।

**21. ਭਾਰਤ ਦੀਆਂ ਪ੍ਰਮੁੱਖ ਹਵਾਈ ਆਵਾਜਾਈ ਕੰਪਨੀਆਂ ਦੇ ਨਾਮ ਲਿਖੋ?**

ਉੱਤਰ:-ਭਾਰਤ ਵਿੱਚ ਇਸ ਸਮੇਂ ਹੇਠ ਲਿਖੀਆਂ ਹਵਾਈ ਕੰਪਨੀਆਂ ਹਵਾਈ ਸੇਵਾਵਾਂ ਨਿਭਾ ਰਹੀਆਂ ਹਨ:-

1.ਵਿਸਤਰਾ 2.ਇੰਡੀਗੋ 3.ਏਅਰ ਇੰਡੀਆ 4.ਸਪਾਈਸ ਜੈੱਟ

5.ਗੋ ਏਅਰ 6. ਏਅਰ ਏਸ਼ੀਆ 7. ਏਅਰ ਐਕਸਪ੍ਰੈੱਸ 8.ਐਲਾਇੰਸ ਏਅਰ

9.ਇੰਡੀਅਨ ਏਅਰ ਐਕਸਪ੍ਰੈਸ

**22. ਅਰਥਸ਼ਾਸਤਰ ਤੋਂ ਕੀ ਭਾਵ ਹੈ?**

ਉੱਤਰ:- ਅਰਥ ਸ਼ਾਸਤਰ ਤੋਂ ਭਾਵ ਘਰੇਲੂ ਪ੍ਰਬੰਧ ਤੋਂ ਹੈ ਕਿ ਇੱਕ ਵਿਅਕਤੀ ਅਤੇ ਸਰਕਾਰ ਆਪਣੇ ਸੀਮਤ ਸਾਧਨਾਂ, ਜਿਹਨਾਂ ਦੇ ਵਿਕਲਪਿਕ ਪ੍ਰਯੋਗ ਹੁੰਦੇ ਹਨ, ਦੀ ਕਿਸ ਤਰ੍ਹਾਂ ਕੁਸ਼ਲ ਵਰਤੋਂ ਕਰਦੇ ਹਨ ਜਿਸ ਨਾਲ ਵਿਅਕਤੀਗਤ ਅਤੇ ਸਮਾਜਿਕ ਕਲਿਆਣ ਨੂੰ ਅਧਿਕਤਮ ਕੀਤਾ ਜਾ ਸਕੇ।

**23.ਦੁਰਲੱਭਤਾ ਤੋਂ ਕੀ ਭਾਵ ਹੈ?**

ਉੱਤਰ:- ਦੁਰਲੱਭਤਾ ਤੋਂ ਭਾਵ ਹੈ ਕਿ ਕਿਸੇ ਵਸਤੂ ਜਾਂ ਸੇਵਾ ਦੀ ਮੰਗ, ਉਸਦੀ ਉਪਲੱਬਧਤਾ ਨਾਲੋਂ ਵੱਧ ਹੋਣਾ।

**24. ਵਿਅਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ?**

ਉੱਤਰ:- ਵਿਅਸ਼ਟੀ ਅਰਥਸ਼ਾਸਤਰ, ਆਰਥਿਕ ਕਿਰਿਆਵਾਂ ਦਾ ਅਧਿਐਨ ਛੋਟੇ ਪੱਧਰ ਭਾਵ ਇੱਕ ਵਿਅਕਤੀ, ਇੱਕ ਪਰਿਵਾਰ, ਇੱਕ ਫ਼ਰਮ, ਆਦਿ 'ਤੇ ਕਰਦਾ ਹੈ।

**25. ਸਮੱਸ਼ਟੀ ਅਰਥਸ਼ਾਸਤਰ ਤੋਂ ਕੀ ਭਾਵ ਹੈ?**

ਉੱਤਰ:- ਸਮੱਸ਼ਟੀ ਅਰਥਸ਼ਾਸਤਰ, ਆਰਥਿਕ ਕਿਰਿਆਵਾਂ ਦਾ ਅਧਿਐਨ ਵੱਡੇ ਪੱਧਰ ਭਾਵ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਪੱਧਰ ਤੇ ਕਰਦਾ ਹੈ।

**26. ਉਪਭੋਗ ਤੋ ਕੀ ਭਾਵ ਹੈ ?**

ਉੱਤਰ:-ਉਪਭੋਗ ਤੋਂ ਭਾਵ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਕਰਨ ਨਾਲ ਹੈ, ਜਿਸ ਤੋਂ ਪ੍ਰਤੱਖ ਸੰਤੁਸ਼ਟੀ ਪ੍ਰਾਪਤ ਕੀਤੀ ਜਾ ਸਕੇ।

**27. ਉਪਭੋਗਤਾ ਤੋਂ ਕੀ ਭਾਵ ਹੈ?**

ਉੱਤਰ:- ਉਪਭੋਗਤਾ ਤੋਂ ਭਾਵ ਉਹ ਖਪਤਕਾਰ ਜਾਂ ਉਹ ਲੋਕ, ਜੋ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਚੀਜ਼ਾਂ ਅਤੇ ਸੇਵਾਵਾਂ ਖਰੀਦਦੇ ਜਾਂ ਵਰਤਦੇ ਹਨ।

**28. ਨਿਵੇਸ਼ ਤੋਂ ਕੀ ਭਾਵ ਹੈ?**

ਉੱਤਰ:-ਨਿਵੇਸ਼ ਤੋਂ ਭਾਵ ਇਕ ਨਿਸ਼ਚਿਤ ਸਮੇਂ ਭਾਵ ਇੱਕ ਸਾਲ ਦੀ ਸਮਾਂ ਅਵਧੀ ਦੇ ਦੌਰਾਨ ਪੂੰਜੀ ਭੰਡਾਰ ਵਿੱਚ ਹੋਣ ਵਾਲੇ ਵਾਧੇ ਤੋਂ ਹੈ।

**29. ਬੱਚਤ ਤੋ ਕੀ ਭਾਵ ਹੈ?**

ਉੱਤਰ:- ਬਚਤ ਤੋ ਭਾਵ ਆਮਦਨ ਦੇ ਉਸ ਭਾਗ ਤੋਂ ਹੈ, ਜਿਸ ਨੂੰ ਖਰਚ ਨਹੀਂ ਕੀਤਾ ਜਾਂਦਾ।

**30. ਮੁਦਰਾ ਸਫੀਤੀ ਤੋਂ ਕੀ ਭਾਵ ਹੈ?**

ਉੱਤਰ:- ਮੁਦਰਾ ਸਫੀਤੀ ਤੋਂ ਭਾਵ ਕਿਸੇ ਅਰਥਵਿਵਸਥਾ ਵਿਚ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਅਤੇ ਲੰਬੇ ਸਮੇਂ ਵਿਚ ਹੋਣ ਵਾਲਾ ਵਾਧਾ ਹੈ।

**31. ਮੁਦਰਾ ਦੀ ਪੂਰਤੀ ਤੋਂ ਕੀ ਭਾਵ ਹੈ ?**

ਉੱਤਰ:-ਮੁਦਰਾ ਪੂਰਤੀ ਤੋਂ ਭਾਵ ਕਿਸੇ ਅਰਥਵਿਵਸਥਾ ਵਿਚ ਲੋਕਾਂ ਕੋਲ ਸਮੇਂ ਦੇ ਇਕ ਨਿਸ਼ਚਿਤ ਬਿੰਦੂ ਤੇ ਮੁਦਰਾ ਦੇ ਕੁੱਲ ਸਟਾਕ(ਕਰੰਸੀ ਨੋਟਾਂ ਅਤੇ ਸਿੱਕਿਆਂ ਦੇ ਰੂਪ ਵਿੱਚ) ਤੋਂ ਹੈ।

**32. ਸਰਕਾਰੀ ਬਜਟ ਤੋ ਕੀ ਭਾਵ ਹੈ?**

ਉੱਤਰ:- ਸਰਕਾਰੀ ਬਜਟ ਤੋ ਭਾਵ ਇੱਕ ਵਿੱਤੀ ਸਾਲ ਦੇ ਦੌਰਾਨ ਸਰਕਾਰ ਦੀ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖਰਚ ਦੇ ਵਿੱਤੀ ਬਿਉਰੇ ਤੋਂ ਹੈ।

**33. ਸਰਕਾਰੀ ਆਮਦਨ ਦੀਆਂ ਕੁਝ ਮਦਾਂ ਦਾ ਵਰਣਨ ਕਰੋ ?**

ਉੱਤਰ:-ਸਰਕਾਰੀ ਆਮਦਨ ਦੀਆਂ ਮੁੱਖ ਮਦਾਂ ਵਿਚ ਵਸਤੂ ਅਤੇ ਸੇਵਾ ਕਰ, ਆਮਦਨ ਕਰ, ਅਬਕਾਰੀ ਕਰ ਆਦਿ ਹਨ । ਸਰਕਾਰ ਦੇ ਗੈਰ ਕਰ ਸਾਧਨਾਂ ਵਿਚ ਮੁੱਖ ਤੌਰ ਤੇ ਸਰਕਾਰ ਨੂੰ ਪ੍ਰਾਪਤ ਹੋਣ ਵਾਲੀਆਂ ਵੱਖ ਵੱਖ ਤਰ੍ਹਾਂ ਦੀਆਂ ਫੀਸਾਂ, ਜੁਰਮਾਨੇ, ਦਾਨ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

**34. ਸਰਕਾਰੀ ਖ਼ਰਚ ਦੀਆਂ ਕੁਝ ਮੱਦਾਂ ਦਾ ਵਰਣਨ ਕਰੋ?**

ਉੱਤਰ:- ਸਰਕਾਰੀ ਖ਼ਰਚ ਦੀਆਂ ਮੱਦਾਂ ਵਿੱਚ ਦੇਸ਼ ਦੀ ਸੁਰੱਖਿਆ, ਪੁਲਿਸ, ਸਕੂਲ, ਹਸਪਤਾਲ, ਸੜਕ, ਬਿਜਲੀ ਪ੍ਰਸ਼ਾਸ਼ਨ, ਵੱਖ-ਵੱਖ ਖੇਤਰਾਂ ਜਿਵੇਂ ਕਿ ਖੇਤੀਬਾੜੀ, ਉਦਯੋਗ, ਸੇਵਾ ਖੇਤਰ ਦੇ ਵਿਕਾਸ ਅਤੇ ਸਮਾਜਿਕ ਕਲਿਆਣ ਨੂੰ ਸ਼ਾਮਲ ਕੀਤਾ ਜਾਂਦਾ ਹੈ।

**35. ਘਾਟੇ ਦੀ ਵਿੱਤ ਵਿਵਸਥਾ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਘਾਟੇ ਦੀ ਵਿੱਤ ਵਿਵਸਥਾ ਤੋਂ ਭਾਵ ਕੇਂਦਰੀ ਬੈਂਕ ਦੁਆਰਾ ਸਰਕਾਰ ਨੂੰ ਨਵੇਂ ਨੋਟ ਛਾਪ ਕੇ ਮੁਦਰਾ ਪ੍ਰਦਾਨ ਕਰਵਾਉਣ ਦੀ ਪ੍ਰਕਿਰਿਆ ਤੋਂ ਹੈ, ਤਾਂ ਕਿ ਸਰਕਾਰ, ਬਜਟ ਵਿੱਚ ਪੈਣ ਵਾਲੇ ਘਾਟੇ ਦੀ ਸਮੱਸਿਆ ਦਾ ਹੱਲ ਕਰ ਸਕੇ।

**36. ਸਰਵਜਨਕ ਵਿੱਤ ਤੋਂ ਕੀ ਭਾਵ ਹੈ?**

ਉੱਤਰ:- ਸਰਵਜਨਕ ਵਿੱਤ ਤੋਂ ਭਾਵ ਸਰਕਾਰ ਦੇ ਵਿੱਤੀ ਸਾਧਨਾਂ ਭਾਵ ਸਰਕਾਰ ਦੀ ਆਮਦਨ ਅਤੇ ਖਰਚ ਨਾਲ ਸੰਬੰਧਿਤ ਸਾਰੇ ਸਾਧਨਾਂ ਤੋਂ ਹੈ।

**37.ਸਰਵਜਨਕ ਕਰਜ਼ ਤੋਂ ਕੀ ਭਾਵ ਹੈ?**

ਉੱਤਰ:-ਸਰਵਜਨਕ ਕਰਜ਼ ਤੋਂ ਭਾਵ ਸਰਕਾਰ ਦੁਆਰਾ ਆਪਣੀਆਂ ਵਿੱਤੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹਰੇਕ ਤਰ੍ਹਾਂ ਦੇ ਅੰਦਰੂਨੀ ਅਤੇ ਬਾਹਰੀ ਸਾਧਨਾਂ ਤੋਂ ਲਏ ਗਏ ਕਰਜ਼ੇ ਤੋਂ ਹੈ।

**38. ਵਿਕਾਸ ਦਰ ਤੋਂ ਕੀ ਭਾਵ ਹੈ?**

ਉੱਤਰ:- ਵਿਕਾਸ ਦਰ ਤੋਂ ਭਾਵ ਕਿਸੇ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਚਾਲੂ ਸਾਲ ਵਿਚ ਹੋਣ ਵਾਲੇ ਪ੍ਰਤੀਸ਼ਤ ਬਦਲਾਵ ਤੋਂ ਹੈ।

**39. ਭੁਗਤਾਨ ਬਾਕੀ ਤੋਂ ਕੀ ਭਾਵ ਹੈ?**

ਉੱਤਰ:- ਭੁਗਤਾਨ ਬਾਕੀ ਤੋਂ ਭਾਵ ਇੱਕ ਨਿਸ਼ਚਿਤ ਸਮੇਂ ਦੌਰਾਨ ਇੱਕ ਦੇਸ਼ ਦੁਆਰਾ ਬਾਕੀ ਦੇਸ਼ਾਂ ਨਾਲ ਕੀਤੇ ਜਾਣ ਵਾਲੇ ਹਰੇਕ ਤਰ੍ਹਾਂ ਦੇ ਭੁਗਤਾਨ ਅਤੇ ਪ੍ਰਾਪਤੀਆਂ ਦੇ ਵਿਵਸਥਿਤ ਰਿਕਾਰਡ ਤੋਂ ਹੈ।

**40. ਮੌਦਰਿਕ ਨੀਤੀ ਤੋਂ ਕੀ ਭਾਵ ਹੈ?**

ਉੱਤਰ:- ਮੌਦਰਿਕ ਨੀਤੀ ਤੋਂ ਭਾਵ ਕਿਸੇ ਦੇਸ਼ ਦੇ ਕੇਂਦਰੀ ਬੈਂਕ ਅਤੇ ਸਰਕਾਰ ਦੁਆਰਾ ਅਪਣਾਈ ਜਾਣ ਵਾਲੀ ਉਸ ਨੀਤੀ ਤੋਂ ਹੈ, ਜਿਸ ਵਿੱਚ ਮੁਦਰਾ ਦੀ ਮੰਗ, ਮੁਦਰਾ ਦੀ ਪੂਰਤੀ, ਅਤੇ ਇਸ ਨਾਲ ਸੰਬੰਧਿਤ ਸਾਰੇ ਪੱਖਾਂ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ।

**41. ਸਰਕਾਰ ਦੀ ਰਾਜਕੋਸ਼ੀ ਨੀਤੀ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਰਾਜਕੋਸ਼ੀ ਨੀਤੀ ਸਰਕਾਰ ਦੀ ਆਮਦਨ ਅਤੇ ਖਰਚੇ ਨਾਲ ਸੰਬੰਧਿਤ ਨੀਤੀ ਹੁੰਦੀ ਹੈ।

**42. ਆਰਥਿਕ ਵਿਕਾਸ ਤੋਂ ਕੀ ਭਾਵ ਹੈ?**

ਉੱਤਰ:- ਆਰਥਿਕ ਵਿਕਾਸ ਤੋਂ ਭਾਵ ਇਕ ਦੇਸ਼ ਦੀ ਅਰਥਵਿਵਸਥਾ ਵਿੱਚ ਹੋਣ ਵਾਲੇ ਮਾਤਰਾਤਮਕ ਅਤੇ ਗੁਣਾਤਮਕ ਦੋਵਾਂ ਤਰ੍ਹਾਂ ਦੇ ਬਦਲਾਵਾਂ ਤੋਂ ਹੈ, ਜਿਸ ਵਿਚ ਗੁਣਾਤਮਕ ਬਦਲਾਅ ਵਿਚ ਕਿਸੇ ਦੇਸ਼ ਵਿੱਚ ਆਉਣ ਵਾਲੇ ਸਮਾਜਿਕ, ਨੈਤਿਕ, ਧਾਰਮਿਕ ਅਤੇ ਰਾਜਨੀਤਿਕ ਬਦਲਾਅ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

**43. ਆਰਥਿਕ ਵਾਧੇ ਤੋਂ ਕੀ ਭਾਵ ਹੈ?**

ਉੱਤਰ:- ਆਰਥਿਕ ਵਾਧੇ ਤੋਂ ਭਾਵ ਇੱਕ ਦੇਸ਼ ਦੀ ਅਰਥਵਿਵਸਥਾ ਵਿੱਚ ਹੋਣ ਵਾਲੇ ਸਿਰਫ਼ ਮਾਤਰਾਤਮਕ ਬਦਲਾਵ ਭਾਵ ਇੱਕ ਦੇਸ਼ ਵਿੱਚ ਸਿਰਫ਼ ਵਸਤੂਆਂ ਅਤੇ ਸੇਵਾਵਾਂ ਦੀ ਵੱਧ ਮਾਤਰਾ ਦਾ ਉਤਪਾਦਨ ਹੋਣ ਤੋਂ ਹੈ।

**44. ਟਿਕਾਊ ਵਿਕਾਸ ਤੋਂ ਕੀ ਭਾਵ ਹੈ?**

ਉੱਤਰ:- ਟਿਕਾਊ ਵਿਕਾਸ ਤੋਂ ਭਾਵ ਇੱਕ ਅਜਿਹੀ ਵਿਕਾਸ ਪ੍ਰਕਿਰਿਆ ਤੋਂ ਹੈ, ਜੋ ਵਾਤਾਵਰਣ ਦੀ ਸੁਰੱਖਿਆ ਦੇ ਨਾਲ-ਨਾਲ ਵਰਤਮਾਨ ਅਤੇ ਭਵਿੱਖ ਦੀਆਂ ਦੋਹਾਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੀ ਹੈ।

**45. ਰਾਸ਼ਟਰੀ ਆਮਦਨ ਤੋਂ ਕੀ ਭਾਵ ਹੈ?**

ਉੱਤਰ:-ਰਾਸ਼ਟਰੀ ਆਮਦਨ ਦਾ ਅਰਥ ਇੱਕ ਦੇਸ਼ ਦੇ ਨਿਵਾਸੀਆਂ ਨੂੰ ਕਿਸੇ ਖਾਸ ਅਵਧੀ ਦੌਰਾਨ ਉਹਨਾਂ ਦੀਆਂ ਉਤਪਾਦਿਕ ਸੇਵਾਵਾਂ ਦੇ ਬਦਲੇ ਪ੍ਰਾਪਤ ਹੋਣ ਵਾਲੀ ਕੁੱਲ ਆਮਦਨ ਭਾਵ ਮਜ਼ਦੂਰੀ, ਵਿਆਜ਼, ਲਗਾਨ ਅਤੇ ਲਾਭ ਦੇ ਕੁੱਲ ਜੋੜ ਤੋਂ ਹੈ।

**46. ਪ੍ਰਤੀ ਵਿਅਕਤੀ ਆਮਦਨ ਤੋਂ ਕੀ ਭਾਵ ਹੈ?**

ਉੱਤਰ:- ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਇਕ ਵਿਅਕਤੀ ਦੀ ਔਸਤ ਆਮਦਨ ਤੋਂ ਹੈ। ਇਸ ਦਾ ਪਤਾ ਇੱਕ ਦੇਸ਼ ਦੀ ਰਾਸ਼ਟਰੀ ਆਮਦਨ ਨੂੰ ਉਸ ਦੇਸ਼ ਦੀ ਜਨਸੰਖਿਆ ਨਾਲ ਭਾਗ ਕਰਕੇ ਲਗਾਇਆ ਜਾਂਦਾ ਹੈ ।

**47. ਸ਼ਿਸ਼ੂ ਮੌਤ ਦਰ ਤੋਂ ਕੀ ਭਾਵ ਹੈ?**

ਉੱਤਰ:- ਸ਼ਿਸ਼ੂ ਮੌਤ ਦਰ ਤੋਂ ਭਾਵ ਇੱਕ (1) ਸਾਲ ਦੀ ਜੀਵਨ ਅਵਧੀ ਪੂਰੀ ਹੋਣ ਤੋਂ ਪਹਿਲਾਂ ਪ੍ਰਤੀ 1000 ਨਵੇਂ ਜੰਮੇ ਬੱਚਿਆਂ ਦੇ ਪਿੱਛੇ ਮਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਤੋਂ ਹੁੰਦਾ ਹੈ।

**48. ਲਿੰਗ ਅਨੁਪਾਤ ਤੋਂ ਕੀ ਭਾਵ ਹੈ?**

ਉੱਤਰ:- ਲਿੰਗ ਅਨੁਪਾਤ ਤੋਂ ਭਾਵ ਪ੍ਰਤੀ 1000 ਪੁਰਸ਼ਾਂ ਦੇ ਪਿੱਛੇ ਇਸਤਰੀਆਂ ਦੀ ਸੰਖਿਆ ਤੋਂ ਹੈ।

**49. ਲੋਕਾਂ ਦੇ ਜੀਵਨ ਪੱਧਰ ਤੋਂ ਕੀ ਭਾਵ ਹੈ?**

ਉੱਤਰ:- ਲੋਕਾਂ ਦੇ ਉੱਚੇ ਜੀਵਨ-ਪੱਧਰ ਤੋਂ ਭਾਵ ਕਿ ਉਹਨਾਂ ਨੂੰ ਚੰਗੀਆਂ ਸਿਹਤ ਸੁਵਿਧਾਵਾਂ, ਸਾਰਿਆਂ ਲਈ ਸਿੱਖਿਆ, ਪੂਰਨ ਰੋਜ਼ਗਾਰ ਅਤੇ ਯਾਤਾਯਾਤ ਦੀਆਂ ਸੁੱਖ ਸੁਵਿਧਾਵਾਂ ਮਿਲਣ ਤੋਂ ਹੈ।

**50. PQLI ਦਾ ਪੂਰਾ ਨਾਂ ਕੀ ਹੈ?**

ਉੱਤਰ:-Physical Quality of Life Index.(ਜੀਵਨ ਦਾ ਭੌਤਿਕ ਗੁਣਵੱਤਾ ਸੂਚਕ ਅੰਕ)

**51. ਜੀਵਨ ਦੀ ਔਸਤ ਅਵਧੀ ਤੋਂ ਕੀ ਭਾਵ ਹੈ?**

ਉੱਤਰ:- ਜੀਵਨ ਦੀ ਔਸਤ ਅਵਧੀ ਤੋਂ ਭਾਵ ਜਨਮ ਦੇ ਸਮੇਂ ਤੇ ਜੀਵਨ ਦੀ ਸੰਭਾਵਨਾ ਤੋਂ ਹੈ। ਇਸ ਤੋਂ ਭਾਵ ਹੈ ਕਿ ਇੱਕ ਨਵੇਂ ਜੰਮੇ ਬੱਚੇ ਦੇ ਕਿੰਨ੍ਹੇ ਸਾਲ ਜ਼ਿੰਦਾ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ।

**52. ਸਾਖ਼ਰਤਾ ਦਰ ਤੋਂ ਕੀ ਭਾਵ ਹੈ?**

ਉੱਤਰ:- ਸਾਖ਼ਰਤਾ ਦਰ ਤੋਂ ਭਾਵ ਹੈ ਜਨਸੰਖਿਆ ਦੇ ਉਸ ਭਾਗ ਤੋਂ ਹੁੰਦਾ ਹੈ, ਜੋ ਕਿ ਸਮਝਣ,ਪੜ੍ਹਣ ਤੇ ਲਿਖਣ ਦੀ ਯੋਗਤਾ ਰੱਖਦੇ ਹਨ। ਇਸ ਤੋਂ ਕਿਸੇ ਵੀ ਖੇਤਰ ਦੇ ਲੋਕਾਂ ਦੇ ਸਿੱਖਿਆ ਪ੍ਰਾਪਤੀ ਦੇ ਪੱਧਰ ਦਾ ਪਤਾ ਲੱਗਦਾ ਹੈ। ਸਾਖਰਤਾ ਦਰ=ਪੜ੍ਹੇ ਲਿਖੇ ਲੋਕਾਂ ਦੀ ਗਿਣਤੀ/ ਕੁੱਲ ਆਬਾਦੀ X 100

**53. HDI ਦਾ ਪੂਰਾ ਨਾਂ ਲਿਖੋ?**

ਉੱਤਰ:-HUMAN DEVELOPMENT INDEX.(ਮਾਨਵ ਵਿਕਾਸ ਸੂਚਕ ਅੰਕ)

**54. ਗਰੀਬੀ ਰੇਖਾ ਤੋ ਕੀ ਭਾਵ ਹੈ?**

ਉੱਤਰ:-ਗਰੀਬੀ ਰੇਖਾ ਤੋਂ ਭਾਵ ਕਿਸੇ ਦੇਸ਼ ਦੀ ਜਨਸੰਖਿਆ ਦੇ ਉਸ ਭਾਗ ਤੋਂ ਹੁੰਦਾ ਹੈ, ਜੋ ਆਪਣੀਆਂ ਮੂਲਭੂਤ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ ਅਤੇ ਘੋਰ ਗ਼ਰੀਬੀ ਵਿਚ ਰਹਿੰਦੇ ਹਨ।

**55. ਭਾਰਤ ਵਿਚ ਗਰੀਬੀ ਰੇਖਾ ਦਾ ਨਿਰਧਾਰਨ ਕਿਵੇਂ ਹੁੰਦਾ ਹੈ?**

ਉੱਤਰ:- ਭਾਰਤ ਵਿੱਚ ਗਰੀਬੀ ਰੇਖਾ ਦਾ ਨਿਰਧਾਰਣ ਪ੍ਰਤੀ ਮਹੀਨਾ ਕੀਤੇ ਜਾਣ ਵਾਲੇ ਖਰਚ ਦੇ ਰੂਪ ਵਿਚ ਲਗਾਇਆ ਜਾਂਦਾ ਹੈ।

**56. 2011 ਦੀ ਜਨਗਣਨਾ ਦੇ ਅਨੁਸਾਰ ਭਾਰਤ ਦੀ ਕਿੰਨ੍ਹੇ ਪ੍ਰਤੀਸ਼ਤ ਜਨਸੰਖਿਆ ਗਰੀਬੀ ਰੇਖਾ ਦੇ ਹੇਠਾਂ ਰਹਿੰਦੀ ਹੈ?**

ਉੱਤਰ:- 2011 ਦੀ ਜਨਗਣਨਾ ਦੇ ਅਨੁਸਾਰ ਭਾਰਤ ਦੀ 21.9% ਜਨਸੰਖਿਆ ਗਰੀਬੀ ਰੇਖਾ ਦੇ ਹੇਠਾਂ ਰਹਿੰਦੀ ਹੈ।

**57. ਭਾਰਤ ਵਿੱਚ ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ ਗਰੀਬੀ ਰੇਖਾ ਦਾ ਨਿਰਧਾਰਨ ਕਰਨ ਲਈ, ਕਿਹੜੇ ਪ੍ਰਤੀ ਵਿਅਕਤੀ ਉਪਭੋਗ ਖ਼ਰਚ ਦੇ ਪੱਧਰਾਂ ਨੂੰ ਨਿਰਧਾਰਨ ਕੀਤਾ ਜਾਂਦਾ ਹੈ ?**

ਉੱਤਰ:- ਯੋਜਨਾ ਆਯੋਗ (1962) ਦੁਆਰਾ ਪੇਂਡੂ ਅਤੇ ਸ਼ਹਿਰੀ ਖੇਤਰਾਂ ਲਈ ਵੱਖਰੀ-ਵੱਖਰੀ ਗਰੀਬੀ ਰੇਖਾ ਦਾ ਨਿਰਧਾਰਨ ਕੀਤਾ ਗਿਆ ਹੈ। ਕ੍ਰਮਵਾਰ ₹20 ਅਤੇ ₹25 ਪ੍ਰਤੀ ਵਿਅਕਤੀ ਪ੍ਰਤੀ ਸਾਲ।

**58.ਪ੍ਰਤੀ ਵਿਅਕਤੀ ਆਮਦਨ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਜਨਸੰਖਿਆ ਦੇ ਅਧਾਰ ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ?**

ਉੱਤਰ:- ਕੇਰਲ ।

**59. ਲਿੰਗ ਅਨੁਪਾਤ ਅਤੇ ਸਾਖ਼ਰਤਾ ਦਰ ਦੇ ਆਧਾਰ 'ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ?**

ਉੱਤਰ:-ਕੇਰਲ।

**60. ਸ਼ਿਸ਼ੂ ਮੌਤ ਦਰ ਦੇ ਅਧਾਰ 'ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ ?**

ਉੱਤਰ:- ਕੇਰਲ।

**61. ਮਾਤਾ ਮੌਤ ਦਰ ਦੇ ਅਧਾਰ 'ਤੇ ਕੇਰਲ, ਪੰਜਾਬ ਅਤੇ ਬਿਹਾਰ ਵਿੱਚੋਂ ਕਿਹੜੇ ਰਾਜ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਹੈ?**

ਉੱਤਰ:-ਕੇਰਲ।

**62.ਵਸਤੂ ਵਟਾਂਦਰਾ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਵਸਤੂ ਵਟਾਂਦਰਾ ਪ੍ਰਣਾਲੀ ਉਹ ਪ੍ਰਣਾਲੀ ਹੈ, ਜਿਸ ਵਿੱਚ ਵਸਤੂਆਂ ਦਾ ਵਟਾਂਦਰਾ ਵਸਤੂਆਂ ਨਾਲ ਹੁੰਦਾ ਹੈ। ਇਸ ਨੂੰ ਸੀ-ਸੀ ਸਿਸਟਮ ਅਰਥਾਤ ਵਸਤੂ-ਵਸਤੂ ਪ੍ਰਣਾਲੀ ਵੀ ਕਿਹਾ ਜਾਂਦਾ ਹੈ।

**63. ਲੋੜਾਂ ਦੇ ਦੋਹਰੇ ਸੰਜੋਗ ਦਾ ਕੀ ਅਰਥ ਹੈ?**

ਉੱਤਰ:- ਲੋੜਾਂ ਦੇ ਦੋਹਰੇ ਸੰਜੋਗ ਦਾ ਅਰਥ ਹੈ ਕਿ ਇੱਕ ਵਿਅਕਤੀ ਜੋ ਵਸਤੂ ਵੇਚਣਾ ਚਾਹੁੰਦਾ ਹੈ, ਬਿਲਕੁਲ ਉਹੀ ਵਸਤੂ ਜੋ ਦੂਜਾ ਖਰੀਦਣਾ ਚਾਹੁੰਦਾ ਹੈ ਅਤੇ ਇਸ ਦੇ ਉਲਟ ਦੂਜਾ ਵਿਅਕਤੀ ਵੀ ਜੋ ਵੇਚਣਾ ਚਾਹੁੰਦਾ ਹੈ ਪਹਿਲਾ ਵਿਅਕਤੀ ਉਹ ਖਰੀਦਣਾ ਚਾਹੁੰਦਾ ਹੈ।

**64. ਸਿੱਕਿਆਂ ਦੀ ਸ਼ੁਰੂਆਤ ਤੋਂ ਪਹਿਲਾਂ ਕਿਹੜੀਆਂ ਕਿਸਮਾਂ ਦੀਆਂ ਵਸਤੂਆਂ ਮੁਦਰਾ ਵਜੋਂ ਵਰਤੀਆਂ ਜਾਂਦੀਆਂ ਸਨ?**

ਉੱਤਰ:- ਸਿੱਕਿਆਂ ਦੀ ਸ਼ੁਰੂਆਤ ਤੋਂ ਪਹਿਲਾਂ ਅਨਾਜ, ਪਸ਼ੂ ਅਤੇ ਸੰਦ ਆਦਿ ਵਸਤੂਆਂ ਨੂੰ ਮੁਦਰਾ ਵਜੋਂ ਵਰਤਿਆਂ ਜਾਂਦਾ ਸੀ।

**65. ਉਧਾਰ ਦੇ ਰਸਮੀ ਸਰੋਤ ਕਿਹੜੇ ਹਨ?**

ਉੱਤਰ:- ਉਧਾਰ ਦੇ ਰਸਮੀ ਸਰੋਤਾਂ ਵਿੱਚ ਬੈਂਕ ਅਤੇ ਸਹਿਕਾਰੀ ਸਭਾਵਾਂ ਸ਼ਾਮਲ ਹੁੰਦੀਆਂ ਹਨ।

**66. ਉਧਾਰ ਦੇ ਗੈਰ- ਰਸਮੀ ਸਰੋਤ ਕਿਹੜੇ ਹਨ?**

ਉੱਤਰ:- ਉਧਾਰ ਦੇ ਗ਼ੈਰ-ਰਸਮੀ ਸਰੋਤਾਂ ਵਿਚ ਸ਼ਾਹੂਕਾਰ, ਵਪਾਰੀ, ਮਾਲਕ, ਰਿਸ਼ਤੇਦਾਰ ਅਤੇ ਦੋਸਤ ਸ਼ਾਮਲ ਹੁੰਦੇ ਹਨ।

**67. ਅਰਥਵਿਵਸਥਾ ਤੋਂ ਕੀ ਭਾਵ ਹੈ?**

ਉੱਤਰ:- ਅਰਥਵਿਵਸਥਾ ਤੋ ਭਾਵ ਉਸ ਪ੍ਰਬੰਧ ਤੋਂ ਹੈ ਜਿਸ ਦੇ ਮੁਤਾਬਿਕ ਆਰਥਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਇਸ ਤੋਂ ਸਾਨੂੰ ਆਰਥਿਕ ਕਿਰਿਆਵਾਂ ਦੇ ਸੁਭਾਅ ਅਤੇ ਪੱਧਰ ਬਾਰੇ ਜਾਣਕਾਰੀ ਮਿਲਦੀ ਹੈ। ਅਰਥਵਿਵਸਥਾ ਨੂੰ ਕਿਸੇ ਵਿਸ਼ੇਸ਼ ਖੇਤਰ ਜਾਂ ਸੀਮਾ ਤੱਕ ਸੀਮਿਤ ਨਹੀਂ ਕੀਤਾ ਜਾਣਾ ਚਾਹੀਦਾ।

**68. ਸਰਵਜਨਕ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਸਰਵਜਨਕ ਖੇਤਰ ਨੂੰ ਸਰਕਾਰੀ ਖੇਤਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਉਹਨਾਂ ਸਾਰੇ ਖੇਤਰਾਂ ਦੀ ਮਲਕੀਅਤ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਨ੍ਹਾਂ ਤੇ ਸਰਕਾਰ ਜਾਂ ਸਰਕਾਰ ਦੁਆਰਾ ਨਿਯੁਕਤ ਕੀਤੀ ਗਈ ਕਿਸੇ ਏਜੰਸੀ ਦਾ ਅਧਿਕਾਰ ਹੁੰਦਾ ਹੈ।

**69. ਸਰਵਜਨਕ ਖੇਤਰ ਅਧੀਨ ਆਉਣ ਵਾਲੇ ਕਿਸੇ ਦੋ ਉਤਪਾਦਨ ਖੇਤਰਾਂ ਦਾ ਨਾਂ ਦੱਸੋ?**

ਉੱਤਰ:- ਪਰਮਾਣੂ ਊਰਜਾ, ਰੇਲਵੇ, ਸਿੱਖਿਆ, ਸਿਹਤ ਅਤੇ ਊਰਜਾ ਖੇਤਰ।

**70. ਨਿੱਜੀ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਨਿੱਜੀ ਖੇਤਰ ਨੂੰ ਪੂੰਜੀਵਾਦੀ ਖੇਤਰ ਵੀ ਕਿਹਾ ਜਾਂਦਾ ਹੈ। ਇਸ ਵਿੱਚ ਉਹਨਾਂ ਸਾਰੇ ਖੇਤਰਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ,ਜਿਹਨਾਂ ਤੇ ਨਿੱਜੀ ਖੇਤਰ ਦਾ ਪੂਰਾ ਅਧਿਕਾਰ ਹੁੰਦਾ ਹੈ। ਇਹ ਖੇਤਰ ਸਿਰਫ਼ ਅਧਿਕਤਮ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੰਮ ਕਰਦਾ ਹੈ।

**71. ਸੰਗਠਿਤ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਇਹ ਉਹ ਖੇਤਰ ਹੁੰਦਾ ਹੈ ਜੋ ਕੇ ਪੂਰੀ ਤਰ੍ਹਾਂ ਸੰਗਠਿਤ ਹੁੰਦਾ ਹੈ ਭਾਵ ਇਸ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਵਿਸ਼ੇਸ਼ ਨਿਯਮਾਂ ਅਤੇ ਕਾਨੂੰਨਾਂ ਅਧੀਨ ਹੇਠ ਕੰਮ ਕਰਦੇ ਹਨ। ਇਸ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਨਿਸ਼ਚਿਤ ਤਨਖਾਹਾਂ,ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ, ਪੈਨਸ਼ਨ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮ ਹੁੰਦੇ ਹਨ।

**72. ਅਸੰਗਠਿਤ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਇਸ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਤਨਖਾਹਾਂ, ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮਾਂ ਦੇ ਪੱਖੋਂ ਕੋਈ ਵੀ ਨਿਯਮ ਅਤੇ ਕਾਨੂੰਨ ਨਹੀਂ ਹੁੰਦੇ।

**73. ਅਸੰਗਠਿਤ ਖੇਤਰ ਵਿੱਚ ਕਿਸ ਤਰ੍ਹਾਂ ਦੇ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ?**

ਉੱਤਰ:- ਛੋਟੇ ਅਤੇ ਸੀਮਾਂਤ ਮਜ਼ਦੂਰ, ਭੂਮੀਹੀਣ ਕਿਸਾਨ, ਠੇਕੇ ਤੇ ਰੱਖੇ ਮਜ਼ਦੂਰ ਅਤੇ ਕੱਚੇ ਮਜ਼ਦੂਰ,ਘਰੇਲੂ ਨੌਕਰ, ਮੱਛੀਆਂ ਫੜਨ ਵਾਲੇ, ਸਬਜੀਆਂ ਤੇ ਫਲ ਵੇਚਣ ਵਾਲੇ ਅਤੇ ਅਖ਼ਬਾਰ ਵੰਡਣ ਵਾਲੇ ਲੋਕਾਂ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

**74. ਪ੍ਰਾਥਮਿਕ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਪ੍ਰਾਥਮਿਕ ਖੇਤਰ ਤੋਂ ਭਾਵ ਇੱਕ ਅਜਿਹੇ ਖੇਤਰ ਤੋਂ ਹੈ ਜਿਸਦਾ ਸੰਬੰਧ ਉਹਨਾਂ ਕਿਰਿਆਵਾਂ ਦੇ ਨਾਲ ਹੈ ਜੋ ਕਿ ਸਿੱਧੇ ਤੌਰ ਤੇ ਕੁਦਰਤ 'ਤੇ ਨਿਰਭਰ ਕਰਦੀਆਂ ਹਨ ਕਿਉਂਕਿ ਇਨ੍ਹਾਂ ਕਿਰਿਆਵਾਂ ਵਿੱਚ ਕੁਦਰਤ ਦੁਆਰਾ ਦਿੱਤੇ ਗਏ ਸਾਧਨ ਜਿਵੇਂ ਕਿ ਭੂਮੀ, ਪਾਣੀ ਬਨਸਪਤੀ ਅਤੇ ਖਣਿਜ ਪਦਾਰਥਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

**75. ਪ੍ਰਾਥਮਿਕ ਖੇਤਰ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਕਿਰਿਆਵਾਂ ਦਾ ਵਰਨਣ ਕਰੋ?**

ਉੱਤਰ:- ਮੱਛੀ ਪਾਲਣ, ਡੇਅਰੀ ਫਾਰਮਿੰਗ ।

**76. ਗੌਣ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਗੌਣ ਖੇਤਰ ਨੂੰ ਨਿਰਮਾਣ ਖੇਤਰ ਵੀ ਕਿਹਾ ਜਾਂਦਾ ਹੈ। ਇਹ ਖੇਤਰ ਪ੍ਰਾਥਮਿਕ ਖੇਤਰ ਦੁਆਰਾ ਪ੍ਰਦਾਨ ਕਰਵਾਏ ਗਏ ਸਾਧਨਾਂ ਦੀ ਕੱਚੇ ਮਾਲ ਦੇ ਤੌਰ 'ਤੇ ਵਰਤੋਂ ਕਰਦਾ ਹੈ ਅਤੇ ਇੱਕ ਉਤਪਾਦਨ ਕਿਰਿਆ ਦੇ ਦੁਆਰਾ ਇਸ ਕੱਚੇ ਮਾਲ ਨੂੰ ਅੰਤਿਮ ਵਸਤੂਆਂ ਵਿੱਚ ਬਦਲਦਾ ਹੈ।

**77. ਗੌਣ ਖੇਤਰ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਕਿਰਿਆਵਾਂ ਦਾ ਵਰਨਣ ਕਰੋ?**

ਉੱਤਰ:- ਗੌਣ ਖੇਤਰ ਵਿੱਚ ਮਿੱਟੀ ਦੇ ਬਰਤਨ ਬਣਾਉਣ ਵਾਲੇ ਘੁਮਿਆਰ, ਕੱਪੜਾ ਰੰਗਣ ਵਾਲੇ, ਲੋਹਾ -ਇਸਪਾਤ, ਪਲਾਸਟਿਕ, ਕਾਰਾਂ ਬਣਾਉਣ ਵਾਲੀਆਂ ਫਰਮਾਂ ਅਤੇ ਫੈਕਟਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

**78. ਸੇਵਾ ਖੇਤਰ ਤੋਂ ਕੀ ਭਾਵ ਹੈ?**

ਉੱਤਰ:- ਸੇਵਾ ਖੇਤਰ ਜਾਂ ਟਰਸ਼ਰੀ ਖੇਤਰ ਅਰਥ ਅਵਸਥਾ ਦਾ ਤੀਜਾ ਸਭ ਤੋਂ ਮਹੱਤਵਪੂਰਨ ਖੇਤਰ ਮੰਨਿਆ ਜਾਂਦਾ ਹੈ। ਇਹ ਖੇਤਰ ਵਸਤੂਆਂ ਦੇ ਪ੍ਰਤੱਖ ਉਤਪਾਦਨ ਦੇ ਨਾਲ ਸੰਬੰਧ ਨਹੀਂ ਰੱਖਦਾ। ਇਹ ਖੇਤਰ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਨੂੰ ਆਪਣੀਆਂ ਵਸਤੂਆਂ ਬਣਾਉਣ ਅਤੇ ਉਨ੍ਹਾਂ ਦੀ ਵੰਡ ਕਰਨ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਵਾਉਂਦਾ ਹੈ।

**79. ਸੇਵਾ ਖੇਤਰ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਕਿਰਿਆਵਾਂ ਦਾ ਵਰਣਨ ਕਰੋ?**

ਉੱਤਰ:- ਇਸ ਖੇਤਰ ਵਿੱਚ ਬੈਂਕਿੰਗ ਸੇਵਾਵਾਂ, ਬੀਮਾ ਸੇਵਾਵਾਂ, ਯਾਤਾਯਾਤ ਦੇ ਸਾਧਨਾਂ ਦੀਆਂ ਸੇਵਾਵਾਂ ਅਤੇ ਸੰਚਾਰ ਦੇ ਸਾਧਨਾਂ ਦੀਆਂ ਸ਼ਾਮਲ ਕੀਤਾ ਜਾਂਦਾ ਹੈ।

**80. ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ?**

ਉੱਤਰ:-ਵਿਦੇਸ਼ੀ ਵਪਾਰ ਉਹ ਵਪਾਰ ਹੈ, ਜੋ ਵੱਖ-ਵੱਖ ਦੇਸ਼ਾਂ ਦੇਸ਼ਾਂ ਦੇ ਵਿਚਕਾਰ ਨਿਰਯਾਤ ਅਤੇ ਆਯਾਤ ਦੇ ਰੂਪ ਵਿੱਚ ਕੀਤਾ ਜਾਂਦਾ ਹੈ ਉਸ ਨੂੰ ਵਿਦੇਸ਼ੀ ਵਪਾਰ ਕਿਹਾ ਜਾਂਦਾ ਹੈ।

**81. ਮਨੁੱਖੀ ਪੂੰਜੀ ਤੋਂ ਕੀ ਕੀ ਭਾਵ ਹੈ ?**

ਉੱਤਰ:-ਮਨੁੱਖੀ ਪੂੰਜੀ ਤੋਂ ਭਾਵ ਕਿਸੇ ਦੇਸ ਵਿਚ ਕੁਸ਼ਲ ਅਤੇ ਯੋਗ ਵਿਅਕਤੀਆਂ ਦੇ ਕੁੱਲ ਭੰਡਾਰ ਤੋਂ ਹੁੰਦਾ ਹੈ।

**82. FDI ਦਾ ਪੂਰਾ ਨਾਮ ਕੀ ਹੈ?**

ਉੱਤਰ:- Foreign Direct Investment.(ਪ੍ਰਤੱਖ ਵਿਦੇਸ਼ੀ ਨਿਵੇਸ਼)

**83. ਸੇਵਾ ਖੇਤਰ ਦਾ ਵਿਕਾਸ ਹੋਣ ਦੇ ਨਾਲ-ਨਾਲ ਅਰਥਵਿਵਸਥਾ ਵਿੱਚ ਕਿਹੜੇ ਨਵੇਂ ਖੇਤਰਾਂ ਦਾ ਵਿਕਾਸ ਹੁੰਦਾ ਹੈ?**

ਉੱਤਰ:- ਹੋਟਲ, ਨਿੱਜੀ ਹਸਪਤਾਲ, ਨਿੱਜੀ ਸਕੂਲ, ਮਨੋਰੰਜਨ, ਪਾਰਕ ਆਦਿ।

**84. ਭਾਰਤ ਦੇ ਦੋ ਅਜਿਹੇ ਰਾਜਾਂ ਦੇ ਨਾਂ ਦੱਸੋ, ਜੋ ਕਿ ਸਿੱਖਿਆ ਅਤੇ ਸਿਹਤ ਦੇ ਪੱਖੋਂ ਵਿਕਸਿਤ ਰਾਜ ਹਨ?**

ਉੱਤਰ:- ਮਹਾਂਰਾਸ਼ਟਰ ਅਤੇ ਪੰਜਾਬ ।

**85. ਭਾਰਤ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ 'ਤੇ ਆਪਣੇ ਕੁੱਲ ਘਰੇਲੂ ਉਤਪਾਦਨ ਦਾ ਕਿੰਨ੍ਹੇ ਪ੍ਰਤੀਸ਼ਤ ਖਰਚ ਕੀਤਾ ਜਾ ਰਿਹਾ ਹੈ ?**

ਉੱਤਰ:- ਭਾਰਤ ਸਰਕਾਰ ਦੁਆਰਾ ਸਿਹਤ ਅਤੇ ਸਿੱਖਿਆ 'ਤੇ ਆਪਣੇ ਕੁੱਲ ਘਰੇਲੂ ਉਤਪਾਦਨ ਦਾ 4 % ਖਰਚ ਕੀਤਾ ਜਾ ਰਿਹਾ ਹੈ।

**86. ਪਿਛਲੇ ਕੁਝ ਸਮੇਂ ਵਿਚ ਪੈਦਾ ਹੋਣ ਵਾਲੀਆਂ ਦੋ ਖਤਰਨਾਕ ਬਿਮਾਰੀਆਂ ਦੇ ਨਾਂ ਦੱਸੋ?**

ਉੱਤਰ:- ਕਰੋਨਾ,ਕੈਂਸਰ ਅਤੇ ਏਡਜ਼।

**87. ਵਿਸ਼ਵੀਕਰਨ ਤੋ ਤੁਸੀਂ ਕੀ ਸਮਝਦੇ ਹੋ?**

ਉੱਤਰ:- ਵਿਸ਼ਵੀਕਰਨ ਨੂੰ ਅੰਗਰੇਜ਼ੀ ਵਿੱਚ Globalisation ਕਿਹਾ ਜਾਂਦਾ ਹੈ। ਵਿਸ਼ਵੀਕਰਨ ਘਰੇਲੂ / ਦੇਸੀ ਅਰਥਵਿਵਸਥਾ ਨੂੰ ਬਹੁ-ਰਾਸ਼ਟਰੀ ਨਿਗਮਾਂ ਦੁਆਰਾ ਕੀਤੇ ਜਾਣ ਵਾਲੇ ਵਿਦੇਸ਼ੀ ਵਪਾਰ ਅਤੇ ਨਿਵੇਸ਼ ਲਈ ਸਮੁੱਚੇ ਵਿਸ਼ਵ ਲਈ ਖੋਲ੍ਹਣਾ ਹੈ।

**88. ਉਦਾਰਵਾਦ ਦਾ ਕੀ ਅਰਥ ਹੈ?**

ਉੱਤਰ:- ਉਦਾਰਵਾਦ ਤੋ ਭਾਵ ਸਰਕਾਰ ਦੁਆਰਾ ਵਪਾਰ ਉੱਪਰ ਲਗਾਏ ਗਏ ਹਰ ਤਰ੍ਹਾਂ ਦੇ ਪ੍ਰਤਿਬੰਧਾਂ ਨੂੰ ਘਟਾਉਣਾ ਹੈ।

**89. ਵਿਦੇਸ਼ੀ ਵਪਾਰ ਤੋਂ ਕੀ ਭਾਵ ਹੈ?**

ਉੱਤਰ:- ਉਹ ਵਪਾਰ ਜੋ ਵੱਖ-ਵੱਖ ਦੇਸ਼ਾਂ ਦੇ ਵਿਚਕਾਰ ਹੁੰਦਾ ਹੈ ਉਸ ਨੂੰ ਵਿਦੇਸ਼ੀ ਵਪਾਰ ਕਿਹਾ ਜਾਂਦਾ ਹੈ।

**90. ਕੋਪਰਾ (COPRA) ਦਾ ਪੂਰਾ ਨਾਮ ਲਿਖੋ?**

ਉੱਤਰ:- ਉਪਭੋਗਤਾ ਸਰੰਖਣ ਐਕਟ, 1986 (Consumer Protection Act, 1986)

**91. ਉਪਭੋਗਤਾ ਤੋਂ ਕੀ ਭਾਵ ਹੈ?**

ਉੱਤਰ:-ਉਪਭੋਗਤਾ ਉਹ ਵਿਅਕਤੀ ਹੈ ਜੋ ਆਪਣੀਆਂ ਇੱਛਾਵਾਂ ਨੂੰ ਸਿੱਧੇ ਤੌਰ ਤੇ ਸੰਤੁਸ਼ਟ ਕਰਨ ਲਈ ਕਈ ਕਿਸਮ ਦੀਆਂ ਵਸਤੂਆਂ ਅਤੇ ਸੇਵਾਵਾਂ ਦੀ ਵਰਤੋਂ ਜਾਂ ਉਪਭੋਗ ਕਰਦਾ ਹੈ।

**92. ਉਪਭੋਗਤਾ ਸੁਰੱਖਿਆ ਐਕਟ ਕਦੋਂ ਬਣਾਇਆ ਗਿਆ ਸੀ?**

ਉੱਤਰ:- ਉਪਭੋਗਤਾ ਸੁਰੱਖਿਆ ਐਕਟ 24 ਦਸੰਬਰ, 1986 ਵਿਚ ਬਣਾਇਆ ਗਿਆ ਸੀ।

**93. ਜੇ ਕੁੱਝ ਜਾਣਕਾਰੀ ਦੀ ਭਾਲ ਲਈ ਤੁਸੀਂ ਕੰਪਿਊਟਰ ਦੀ ਵਰਤੋਂ ਕਰਦੇ ਹੋ, ਤਾਂ ਤੁਸੀਂ ਕਿਸ ਦਾ ਉਪਭੋਗ ਕਰ ਰਹੇ ਹੋ?**

ਉੱਤਰ:- ਇੰਟਰਨੈੱਟ ਸੇਵਾਵਾਂ ਅਤੇ ਵਸਤੂ ਕੰਪਿਊਟਰ ਦਾ।

**94. ਸਟਾਕ ਐਕਸਚੇਂਜ ਬਜ਼ਾਰ ਤੋਂ ਕੀ ਭਾਵ ਹੈ?**

ਉੱਤਰ:- ਸਟਾਕ ਐਕਸਚੇਂਜ ਬਜ਼ਾਰ ਤੋਂ ਭਾਵ ਉਸ ਬਜ਼ਾਰ ਤੋਂ ਹੈ, ਜਿਸ ਵਿਚ ਸ਼ੇਅਰਾਂ ਦੀ ਖ਼ਰੀਦ-ਵੇਚ ਕੀਤੀ ਜਾਂਦੀ ਹੈ।

**95. ਭਾਰਤ ਦੇ ਦੋ ਮੁੱਖ ਸਟਾਕ ਐਕਸਚੇਂਜ ਬਜ਼ਾਰਾਂ ਦੇ ਨਾਂ ਲਿਖੋ?**

ਉੱਤਰ:- ਬੰਬੇ ਸਟਾਕ ਐਕਸਚੇਂਜ ਬਜ਼ਾਰ ਅਤੇ ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ ।

**96. SENSEX ਦਾ ਪੂਰਾ ਨਾਂ ਲਿਖੋ?**

ਉੱਤਰ:-Stock Exchange Sensitive Index.

**97. NIFTI ਦਾ ਪੂਰਾ ਨਾਂ ਲਿਖੋ?**

ਉੱਤਰ:-National Stock Exchange Fifty.

**98. ਪੰਜਾਬ ਕਿਸ ਭਾਸ਼ਾ ਦੇ ਸ਼ਬਦ ਜੋੜਾਂ ਨਾਲ ਬਣਿਆ ਹੈ ?**

ਉੱਤਰ- ਪੰਜਾਬ ਫਾਰਸੀ ਭਾਸ਼ਾ ਦੇ ਦੋ ਸ਼ਬਦਾ – ਪੰਜ ਅਤੇ ਆਬ ਦੇ ਸੁਮੇਲ ਤੋਂ ਬਣਿਆ ਹੈ। ਇਸ ਦਾ ਅਰਥ ਹੈ ਪੰਜ ਪਾਣੀ ਅਰਥਾਤ ਪੰਜ ਦਰਿਆਵਾਂ ਦੀ ਧਰਤੀ।

**99. ਭਾਰਤ ਦੀ ਵੰਡ ਦਾ ਪੰਜਾਬ 'ਤੇ ਕੀ ਅਸਰ ਹੋਇਆ ?**

ਉੱਤਰ- ਭਾਰਤ ਦੀ ਵੰਡ ਹੋਣ ਕਾਰਨ ਪੰਜਾਬ ਦੋ ਭਾਗਾਂ- ਪੂਰਬੀ ਪੰਜਾਬ ਤੇ ਪੱਛਮੀ ਪੰਜਾਬ ਵਿੱਚ ਵੰਡਿਆ ਗਿਆ। ਪੂਰਬੀ ਪੰਜਾਬ ਭਾਰਤ ਦੇ ਹਿੱਸੇ ਆਇਆ ਤੇ ਪੱਛਮੀ ਪੰਜਾਬ ਪਾਕਿਸਤਾਨ ਦੇ ਹਿੱਸੇ ਆ ਗਿਆ ।

**100. ਪੰਜਾਬ ਨੂੰ ਸਪਤ-ਸਿੰਧੂ ਕਿਸ ਕਾਲ ਵਿੱਚ ਕਿਹਾ ਜਾਂਦਾ ਸੀ ਅਤੇ ਕਿਉਂ ?**

ਉੱਤਰ- ਪੰਜਾਬ ਨੂੰ ਵੈਦਿਕ ਕਾਲ ਵਿੱਚ ਸਪਤ-ਸਿੰਧੂ ਕਿਹਾ ਜਾਂਦਾ ਸੀ ਕਿਉਂਕਿ ਉਸ ਸਮੇਂ ਇਹ ਸੱਤ ਨਦੀਆਂ ਦਾ ਪ੍ਰਦੇਸ਼ ਸੀ।

**101. ਹਿਮਾਲਿਆ ਦੀਆ ਪੱਛਮੀ ਪਹਾੜੀ ਲੜੀਆਂ ਵਿੱਚ ਸਥਿੱਤ ਚਾਰ ਦੱਰੇ ਕਿਹੜੇ-ਕਿਹੜੇ ਹਨ ਦੇ ਨਾਂ ਲਿਖੋ?**

ਉੱਤਰ- ਖੈਬਰ, ਟੋਚੀ, ਕੁੱਰਮ ਅਤੇ ਬੋਲਾਨ।

**102 . ਜੇਕਰ ਪੰਜਾਬ ਦੇ ਉੱਤਰ ਵਿੱਚ ਹਿਮਾਲਾ ਨਾ ਹੁੰਦਾ, ਤਾਂ ਇਹ ਕਿਸ ਤਰ੍ਹਾਂ ਦਾ ਇਲਾਕਾ ਹੁੰਦਾ?**

ਉੱਤਰ- ਜੇਕਰ ਪੰਜਾਬ ਦੇ ਉੱਤਰ ਵਿੱਚ ਹਿਮਾਲਾ ਨਾ ਹੁੰਦਾ ਤਾਂ ਇਹ ਇਲਾਕਾ ਖੁਸ਼ਕ ਤੇ ਠੰਢਾ ਹੁੰਦਾ ਅਤੇ ਇੱਥੇ ਸਿਰਫ ਨਾ-ਮਾਤਰ ਦੀ ਹੀ ਖੇਤੀ ਹੁੰਦੀ।

**103. ਦੁਆਬਾ ਸ਼ਬਦ ਤੋਂ ਕੀ ਭਾਵ ਹੈ ?**

ਉੱਤਰ- ਦੋ ਦਰਿਆਵਾਂ ਦੇ ਵਿਚਕਾਰਲੇ ਭਾਗ ਨੂੰ ਦੁਆਬਾ ਕਿਹਾ ਜਾਂਦਾ ਹੈ।

**104. ਦਰਿਆ ਸਤਲੁਜ ਅਤੇ ਦਰਿਆ ਘੱਗਰ ਵਿਚਕਾਰਲੇ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ ਅਤੇ ਇਸ ਦੇ ਵਸਨੀਕਾਂ ਨੂੰ ਕੀ ਕਹਿੰਦੇ ਹਨ?**

ਉੱਤਰ-ਦਰਿਆ ਸਤਲੁਜ ਅਤੇ ਦਰਿਆ ਘੱਗਰ ਵਿਚਕਾਰਲੇ ਇਲਾਕੇ ਨੂੰ 'ਮਾਲਵਾ' ਅਤੇ ਇਸ ਦੇ ਵਸਨੀਕਾਂ ਨੂੰ 'ਮਲਵਈ' ਕਿਹਾ ਜਾਂਦਾ ਹੈ।

**105. ਦੁਆਬਾ ਬਿਸਤ ਦਾ ਇਹ ਨਾਂ ਕਿਉਂ ਪਿਆ?ਇਸ ਦੇ ਦੋ ਪ੍ਰਸਿੱਧ ਸ਼ਹਿਰਾਂ ਦੇ ਨਾਂ ਲਿਖੋ?**

ਉੱਤਰ- ਦੁਆਬਾ ਬਿਸਤ ਬਿਆਸ ਅਤੇ ਸਤਲੁਜ ਨਦੀਆਂ ਦੇ ਵਿਚਕਾਰਲਾ ਪ੍ਰਦੇਸ਼ ਹੈ। ਜਲੰਧਰ ਅਤੇ ਹੁਸ਼ਿਆਰਪੁਰ ਇਸ ਦੁਆਬੇ ਦੇ ਪ੍ਰਸਿੱਧ ਸ਼ਹਿਰ ਹਨ।

**106. ਦੁਆਬ ਬਾਰੀ ਨੂੰ ਮਾਝਾ ਕਿਉਂ ਕਿਹਾ ਜਾਂਦਾ ਹੈ ਤੇ ਇਸ ਦੇ ਵਸਨੀਕਾਂ ਨੂੰ ਕੀ ਕਹਿੰਦੇ ਹਨ?**

ਉੱਤਰ- ਦੁਆਬ ਬਾਰੀ ਨੂੰ ਮਾਝਾ, ਪੰਜਾਬ ਦੇ ਮੱਧ ਵਿੱਚ ਹੋਣ ਕਾਰਨ ਕਹਿੰਦੇ ਹਨ ਤੇ ਇਸ ਦੇ ਵਸਨੀਕਾਂ ਨੂੰ 'ਮਝੈਲ' ਕਹਿੰਦੇ ਹਨ।

**107 .ਬਹਿਲੋਲ ਖਾਂ ਲੋਧੀ ਕੌਣ ਸੀ ?**

ਉੱਤਰ- 1450 ਤੋਂ 1489 ਈਸਵੀ ਤੱਕ ਦਿੱਲੀ ਦਾ ਸੁਲਤਾਨ ਸੀ।

**108 .ਇਬਰਾਹੀਮ ਲੋਧੀ ਦਾ ਇੱਕ ਗੁਣ ਦੱਸੋ।**

ਉੱਤਰ- ਇਕ ਬਹਾਦਰ ਸਿਪਾਹੀ ਤੇ ਸਫ਼ਲ ਜਰਨੈਲ ਸੀ।

**109 .ਇਬਰਾਹੀਮ ਲੋਧੀ ਦੇ ਦੋ ਔਗੁਣਾਂ ਦਾ ਵਰਣਨ ਕਰੋ।**

ਉੱਤਰ -1.ਉਹ ਪਠਾਣਾਂ ਦੇ ਸੁਭਾਅ ਨੂੰ ਨਹੀਂ ਸਮਝ ਸਕਿਆ।

2.ਉਹ ਪਠਾਣਾਂ ਵਿੱਚ ਅਨੁਸ਼ਾਸਨ ਕਾਇਮ ਨਹੀਂ ਰੱਖ ਸਕਿਆ।

**110 .ਬਾਬਰ ਨੂੰ ਪੰਜਾਬ ਉੱਤੇ ਜਿੱਤ ਕਦੋਂ ਪ੍ਰਾਪਤ ਹੋਈ ਅਤੇ ਇਸ ਲੜਾਈ ਵਿੱਚ ਉਸ ਨੇ ਕਿਸ ਨੂੰ ਹਰਾਇਆ ?**

ਉੱਤਰ - ਬਾਬਰ ਨੂੰ ਪੰਜਾਬ 'ਤੇ ਜਿੱਤ 21 ਅਪ੍ਰੈਲ 1526 ਈਸਵੀ ਨੂੰ ਪ੍ਰਾਪਤ ਹੋਈ ਅਤੇ ਉਸ ਨੇ ਇਸ ਲੜਾਈ ਵਿੱਚ ਇਬਰਾਹੀਮ ਲੋਧੀ ਨੂੰ ਹਰਾਇਆ।

**111 .ਮੁਸਲਿਮ ਸਮਾਜ ਕਿਹੜੀਆਂ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ ?**

ਉੱਤਰ- ਅਮੀਰ ਅਤੇ ਸਰਦਾਰ, ਉਲਮਾ ਅਤੇ ਸੱਯਦ, ਮੱਧ ਸ਼੍ਰੇਣੀ, ਗੁਲਾਮ ਜਾਂ ਦਾਸ।

**112. ਉਲਮਾ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ – ਉਹ ਮੁਸਲਿਮ ਧਾਰਮਿਕ ਸ਼੍ਰੇਣੀ ਦੇ ਨੇਤਾ ਸਨ ਜੋ ਅਰਬੀ ਅਤੇ ਧਾਰਮਿਕ ਸਾਹਿਤ ਦੇ ਵਿਦਵਾਨ ਸਨ।

**113. ਮੁਸਲਿਮ ਅਤੇ ਹਿੰਦੂ ਸਮਾਜ ਦੇ ਭੋਜਨ ਵਿੱਚ ਕੀ ਫ਼ਰਕ ਸੀ ?**

ਉੱਤਰ-ਮੁਸਲਿਮ ਮਾਸਾਹਾਰੀ ਸਨ। ਮਿਰਚ ਮਸਾਲੇ ਵਾਲਾ ਭੋਜਨ , ਪੁਲਾਓ ਤੇ ਕੋਰਮਾ ਉਨ੍ਹਾਂ ਦਾ ਮਨਭਾਉਂਦਾ ਖਾਣਾ ਸੀ। ਹਿੰਦੂਆਂ ਦਾ ਭੋਜਨ ਸਾਦਾ ਤੇ ਵੈਸ਼ਨੋ ਸੀ। ਭੋਜਨ ਵਿੱਚ ਦਾਲਾਂ, ਸਬਜ਼ੀਆਂ, ਕਣਕ, ਚੌਲ ,ਦੁੱਧ, ਦਹੀਂ ਅਤੇ ਘਿਓ ਪ੍ਰਚਲਿਤ ਸੀ ।

**114 .ਸੱਯਦ ਕੌਣ ਸਨ ?**

ਉੱਤਰ- ਸੱਯਦ ਆਪਣੇ ਆਪ ਨੂੰ ਹਜ਼ਰਤ ਮੁਹੰਮਦ ਦੀ ਪੁੱਤਰੀ ਬੀਬੀ ਫਾਤਮਾ ਦੀ ਔਲਾਦ ਮੰਨਦੇ ਸਨ। ਮੁਸਲਿਮ ਸਮਾਜ ਵਿੱਚ ਇਨ੍ਹਾਂ ਦੀ ਕਾਫੀ ਇੱਜ਼ਤ ਸੀ।

**115 .ਮੁਸਲਿਮ ਮੱਧ ਸ਼੍ਰੇਣੀ ਦਾ ਵਰਣਨ ਕਰੋ।**

ਉੱਤਰ-ਇਸ ਸ਼੍ਰੇਣੀ ਵਿਚ ਸਰਕਾਰੀ ਕਰਮਚਾਰੀ, ਸਿਪਾਹੀ, ਵਪਾਰੀ ਅਤੇ ਕਿਸਾਨ ਆਉਂਦੇ ਸਨ। ਇਨ੍ਹਾਂ ਦੀ ਆਰਥਿਕ ਹਾਲਤ ਚੰਗੀ ਸੀ।ਸਰਕਾਰੀ ਅਹੁਦਿਆਂ ਤੇ ਲੱਗੇ ਲੋਕਾਂ ਦਾ ਸਮਾਜਿਕ ਪੱਧਰ ਉੱਚਾ ਮੰਨਿਆ ਜਾਂਦਾ ਸੀ ।

**116. ਮੁਸਲਮਾਨ ਇਸਤਰੀਆਂ ਦੇ ਪਹਿਰਾਵੇ ਦਾ ਵਰਣਨ ਕਰੋ ।**

ਉੱਤਰ-ਮੁਸਲਮਾਨ ਔਰਤਾਂ ਜੰਪਰ ,ਘੱਗਰਾ ,ਤੰਗ ਪਜਾਮਾ ਅਤੇ ਪਰਦੇ ਲਈ ਬੁਰਕਾ ਪਹਿਨਦੀਆਂ ਸਨ ।

**117 .ਮੁਸਲਮਾਨਾਂ ਦੇ ਮਨ -ਪਰਚਾਵੇ ਦੇ ਸਾਧਨਾਂ ਦਾ ਵਰਣਨ ਕਰੋ।**

ਉੱਤਰ- ਮੁਸਲਮਾਨ ਸਰਦਾਰਾਂ ਦੇ ਮਨ ਪ੍ਰਚਾਵੇ ਦੇ ਮੁੱਖ ਸਾਧਨ ਚੌਗਾਨ, ਘੋੜਸਵਾਰੀ, ਘੋੜ-ਦੌੜ, ਨਾਚ ਦੇਖਣਾ ਤੇ ਸੰਗੀਤ ਸੁਣਨਾ ਸੀ। ਚੌਪੜ ਦੀ ਖੇਡ ਅਮੀਰ ਤੇ ਗ਼ਰੀਬ ਦੋਹਾਂ ਵਿੱਚ ਪ੍ਰਚਲਿਤ ਸੀ ।

**118 .ਗੁਰੂ ਨਾਨਕ ਦੇਵ ਜੀ ਦੀਆਂ ਰਚੀਆਂ ਚਾਰ ਬਾਣੀਆਂ ਦੇ ਨਾਂ ਲਿਖੋ ।**

ਉੱਤਰ- ਵਾਰ ਆਸਾ, ਵਾਰ ਮਲ੍ਹਾਰ,ਵਾਰ ਮਾਝ ਅਤੇ ਜਪੁਜੀ ਸਾਹਿਬ ।

**119 .ਲੰਗਰ ਪ੍ਰਥਾ ਤੋਂ ਕੀ ਭਾਵ ਹੈ ?**

ਉੱਤਰ-ਉਹ ਪ੍ਰਥਾ ਜਿਸ ਅਨੁਸਾਰ ਸਾਰੀਆਂ ਜਾਤਾਂ ਅਤੇ ਧਰਮਾਂ ਦੇ ਲੋਕ ਬਿਨਾਂ ਕਿਸੇ ਭੇਦਭਾਵ ਦੇ ਇੱਕ ਹੀ ਪੰਗਤ ਵਿੱਚ ਇਕੱਠੇ ਬੈਠ ਕੇ ਲੰਗਰ ਛੱਕਦੇ ਹਨ ।

**120 .ਗੋਇੰਦਵਾਲ ਵਿੱਚ ਬਾਉਲੀ ਦੀ ਨੀਂਹ ਕਿਸ ਗੁਰੂ ਜੀ ਨੇ ਰੱਖੀ ਸੀ ?**

ਉੱਤਰ-ਸ੍ਰੀ ਗੁਰੂ ਅੰਗਦ ਦੇਵ ਜੀ ਨੇ ।

**121 .ਅਕਬਰ ਕਿਹੜੇ ਗੁਰੂ ਸਾਹਿਬ ਨੂੰ ਮਿਲਣ ਗੋਇੰਦਵਾਲ ਆਇਆ ਸੀ ?**

ਉੱਤਰ -ਸ੍ਰੀ ਗੁਰੂ ਅਮਰਦਾਸ ਜੀ ਨੂੰ ।

**122 .ਮਸੰਦ ਪ੍ਰਥਾ ਦੇ ਉਦੇਸ਼ ਲਿਖੋ ।**

ਉੱਤਰ -ਸਿੱਖ ਧਰਮ ਦੇ ਵਿਕਾਸ ਲਈ ਧਨ ਇਕੱਠਾ ਕਰਨਾ ਅਤੇ ਸਿੱਖਾਂ ਨੂੰ ਸੰਗਠਿਤ ਕਰਨਾ ।

**123. ਭੰਗਾਣੀ ਦੀ ਜਿੱਤ ਤੋਂ ਬਾਅਦ ਗੁਰੂ ਗੋਬਿੰਦ ਰਾਏ ਜੀ ਨੇ ਕਿਹੜੇ ਕਿਹੜੇ ਕਿਲ੍ਹੇ ਉਸਾਰੇ** ?

ਉੱਤਰ-ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ ਅਤੇ ਫਤਿਹਗੜ੍ਹ ।

**124. ਪੰਜ ਪਿਆਰਿਆਂ ਦੇ ਨਾਂ ਲਿਖੋ ।**

ਉੱਤਰ- ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਹਿੰਮਤ ਸਿੰਘ।

**125. ਬੰਦਾ ਸਿੰਘ ਬਹਾਦਰ ਦੱਖਣ ਤੋਂ ਪੰਜਾਬ ਵੱਲ ਕਿਉਂ ਆਇਆ ?**

ਉੱਤਰ-ਮੁਗਲਾਂ ਵਿਰੁੱਧ ਸੈਨਿਕ ਕਾਰਵਾਈ ਕਰਨ ਲਈ ।

**126.ਕਰੋੜਸਿੰਘੀਆ ਮਿਸਲ ਦਾ ਨਾਂ ਕਿਵੇਂ ਪਿਆ ।**

ਉੱਤਰ-ਇਸ ਮਿਸਲ ਦੇ ਬਾਨੀ ਕਰੋੜਾ ਸਿੰਘ ਦੇ ਨਾਮ ਤੇ।

**127.ਮਹਿਤਾਬ ਕੌਰ ਕੌਣ ਸੀ ?**

ਉੱਤਰ-ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ।

**128.ਸਦਾ ਕੌਰ ਕੌਣ ਸੀ ?**

ਉੱਤਰ-ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਅਤੇ ਕਨ੍ਹੱਈਆ ਮਿਸਲ ਦੀ ਨੇਤਾ ਸੀ ।

**129.ਤਿੱਕੜੀ ਦੀ ਸਰਪ੍ਰਸਤੀ' ਦਾ ਕਾਲ ਕਿਸ ਨੂੰ ਕਿਹਾ ਜਾਂਦਾ ਹੈ ?**

ਉੱਤਰ-1792 ਤੋਂ 1797 ਈਸਵੀ ਤੱਕ ਜਦੋਂ ਮਹਾਰਾਜਾ ਰਣਜੀਤ ਸਿੰਘ ਨਾਬਾਲਗ ਸੀ, ਸ਼ੁੱਕਰਚੱਕੀਆ ਮਿਸਲ ਦਾ ਰਾਜ ਪ੍ਰਬੰਧ ਰਾਜ ਕੌਰ, ਦੀਵਾਨ ਲਖਪਤ ਰਾਏ ਅਤੇ ਸਦਾ ਕੌਰ ਦੇ ਹੱਥਾਂ ਵਿੱਚ ਰਿਹਾ । ਜਿਸਨੂੰ 'ਤਿੱਕੜੀ ਦੀ ਸਰਪ੍ਰਸਤੀ' ਦਾ ਕਾਲ ਕਿਹਾ ਜਾਂਦਾ ਹੈ ।

**130.ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਸ ਦਾ ਉੱਤਰਾਧਿਕਾਰੀ ਕੌਣ ਬਣਿਆ?**

ਉੱਤਰ: ਖੜਕ ਸਿੰਘ

**131.ਮੁਦਕੀ ਦੀ ਲੜਾਈ ਵਿੱਚ ਸਿੱਖਾਂ ਦੀ ਕਿਉਂ ਹਾਰ ਹੋਈ?**

ਉੱਤਰ: ਸਿੱਖ ਸੈਨਾ ਦੀ ਘੱਟ ਗਿਣਤੀ ਹੋਣ ਕਾਰਨ ਅਤੇ ਲਾਲ ਸਿੰਘ ਦੀ ਗੱਦਾਰੀ ਕਾਰਨ ਸਿੱਖਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

**132.ਸਭਰਾਉਂ ਦੀ ਲੜਾਈ ਕਦੋਂ ਹੋਈ ਅਤੇ ਇਸ ਦਾ ਕੀ ਸਿੱਟਾ ਨਿਕਲਿਆ?**

ਉੱਤਰ: ਸਭਰਾਉਂ ਦੀ ਲੜਾਈ 10 ਫਰਵਰੀ 1846 ਈ:ਨੂੰ ਹੋਈ। ਸਭਰਾਉਂ ਦੀ ਜਿੱਤ ਪਿੱਛੋਂ ਅੰਗਰੇਜ਼ ਸੈਨਾ ਨੇ ਸਤਲੁਜ ਨਦੀ ਨੂੰ ਬਿਨਾਂ ਕਿਸੇ ਵਿਰੋਧ ਦੇ ਪਾਰ ਕਰ ਲਿਆ।

**133.ਗਊਆਂ ਸੰਬੰਧੀ ਝਗੜੇ ਬਾਰੇ ਜਾਣਕਾਰੀ ਦਿਓ।**

ਉੱਤਰ: 21 ਅਪ੍ਰੈਲ 1846 ਈ: ਨੂੰ ਇੱਕ ਯੂਰਪੀਅਨ ਤੋਪਚੀ ਦਾ ਰਸਤਾ ਗਊਆਂ ਦੇ ਵੱਗ ਨੇ ਰੋਕ ਲਿਆ ਅਤੇ ਉਸ ਤੋਪਚੀ ਨੇ ਗਊਆਂ ਉੱਤੇ ਤਲਵਾਰ ਚਲਾ ਦਿੱਤੀ। ਇਹ ਖ਼ਬਰ ਸੁਣ ਕੇ ਹਿੰਦੂ ਅਤੇ ਸਿੱਖ ਭੜਕ ਉੱਠੇ।

**134.ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਕਦੋਂ ਸ਼ਾਮਲ ਕੀਤਾ ਗਿਆ ਅਤੇ ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਕੌਣ ਸੀ?**

ਉੱਤਰ:ਪੰਜਾਬ ਨੂੰ 1849 ਈ: ਵਿੱਚ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕੀਤਾ ਗਿਆ। ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਲਾਰਡ ਡਲਹੌਜ਼ੀ ਸੀ।

**135.ਚਤਰ ਸਿੰਘ ਨੇ ਅੰਗਰੇਜ਼ਾਂ ਖ਼ਿਲਾਫ਼ ਕੀ ਕਦਮ ਚੁੱਕੇ?**

ਉੱਤਰ:ਚਤਰ ਸਿੰਘ ਨੇ ਅੰਗਰੇਜ਼ਾਂ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ।

**136. ਗੁਰੂ ਕਾ ਬਾਗ ਮੋਰਚਾ ਦੇ ਕਾਰਨ ਦੱਸੋ ?**

ਉੱਤਰ: ਸਿੱਖਾਂ ਨੇ ਗੁਰੂ ਕਾ ਬਾਗ ਨੂੰ ਮਹੰਤ ਸੁੰਦਰ ਦਾਸ ਦੇ ਅਧਿਕਾਰ ਤੋਂ ਮੁਕਤ ਕਰਵਾਉਣ ਲਈ ਗੁਰੂ ਕਾ ਬਾਗ ਮੋਰਚਾ ਲਗਾਇਆ।

**137.ਸਾਇਮਨ ਕਮਿਸ਼ਨ ਭਾਰਤ ਕਦੋਂ ਆਇਆ ਅਤੇ ਇਸ ਦਾ ਬਾਈਕਾਟ ਕਿਉਂ ਕੀਤਾ ਗਿਆ ?**

ਉੱਤਰ: ਸਾਈਮਨ ਕਮਿਸ਼ਨ 1928 ਵਿੱਚ ਭਾਰਤ ਆਇਆ। ਇਸ ਵਿਚ ਇਕ ਵੀ ਭਾਰਤੀ ਮੈਂਬਰ ਸ਼ਾਮਲ ਨਹੀਂ ਸੀ, ਇਸ ਕਰਕੇ ਭਾਰਤ ਵਿੱਚ ਇਸਦਾ ਵਿਰੋਧ ਕੀਤਾ ਗਿਆ।

**138. ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ- ਸੰਵਿਧਾਨ ਇੱਕ ਮੌਲਿਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ,ਜਿਸ ਦੇ ਅਨੁਸਾਰ ਦੇਸ਼ ਦੀ ਸਰਕਾਰ ਦਾ ਸੰਚਾਲਨ ਕੀਤਾ ਜਾਂਦਾ ਹੈ।

**139: ਪ੍ਰਸਤਾਵਨਾ ਦਾ ਆਰੰਭ ਕਿੰਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ?**

ਉੱਤਰ: ਪ੍ਰਸਤਾਵਨਾ ਦੇ ਮੁੱਢਲੇ ਸ਼ਬਦ ਹਨ: ,"ਅਸੀਂ ਭਾਰਤ ਦੇ ਲੋਕ ਭਾਰਤ ਨੂੰ ਇਕ ਸੰਪੂਰਨ ਪ੍ਰਭੂਸੱਤਾ ਸੰਪੰਨ,ਸਮਾਜਵਾਦੀ,ਧਰਮ-ਨਿਰਪੱਖ ਅਤੇ ਲੋਕਤੰਤਰੀ ਗਣਰਾਜ ਐਲਾਨ ਕਰਦੇ ਹਾਂ"।

**140. ਭਾਰਤੀ ਸੰਵਿਧਾਨ ਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਦੱਸੋ।**

ਉੱਤਰ- ਲੰਬਾ ਅਤੇ ਵਿਸਤ੍ਰਿਤ ਸੰਵਿਧਾਨ ।

**141. ਸੰਘਾਤਮਕ ਸੰਵਿਧਾਨ ਦੀ ਇੱਕ ਵਿਸ਼ੇਸ਼ਤਾ ਦੱਸੋ।**

ਉੱਤਰ- ਕੇਂਦਰ ਅਤੇ ਰਾਜਾਂ ਵਿਚਕਾਰ ਸ਼ਕਤੀਆਂ ਦੀ ਵੰਡ।

**142. ਭਾਰਤੀ ਨਾਗਰਿਕਾਂ ਦਾ ਕੋਈ ਇੱਕ ਮੌਲਿਕ ਅਧਿਕਾਰ ਲਿਖੋ।**

ਉੱਤਰ- ਸਮਾਨਤਾ ਦਾ ਅਧਿਕਾਰ

**143. ਭਾਰਤੀ ਨਾਗਰਿਕਾਂ ਦਾ ਕੋਈ ਇੱਕ ਮੌਲਿਕ ਫਰਜ਼ ਦੱਸੋ।**

ਉੱਤਰ- ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨੀ ।

**144. ਲੋਕ ਸਭਾ ਦੇ ਕੁੱਲ ਕਿੰਨ੍ਹੇ ਮੈਂਬਰ ਹੁੰਦੇ ਹਨ?**

ਉੱਤਰ-550 ਮੈਂਬਰ

**145.ਲੋਕ ਸਭਾ ਦੇ ਸਪੀਕਰ ਦੀ ਨਿਯੁੱਕਤੀ ਕਿਵੇਂ ਹੁੰਦੀ ਹੈ?**

ਉੱਤਰ-ਲੋਕ ਸਭਾ ਦੇ ਮੈਂਬਰ ਆਪਣੇ ਮੈਬਰਾਂ ਵਿੱਚੋਂ ਹੀ ਸਪੀਕਰ ਦੀ ਚੋਣ ਕਰਦੇ ਹਨ।

**146. ਲੋਕ ਸਭਾ ਦੇ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਕਿੰਨ੍ਹੇ ਮੈਂਬਰ ਹੋ ਸਕਦੇ ਹਨ?**

ਉੱਤਰ-ਘੱਟ ਤੋਂ ਘੱਟ 60 ਅਤੇ ਵੱਧ ਤੋਂ ਵੱਧ 500 ਮੈਂਬਰ ।

**147. ਵਿਧਾਨ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ ਕਿੰਨੀ ਹੈ?**

ਉੱਤਰ- 25 ਸਾਲ

**148.ਵਿਧਾਨ ਪ੍ਰੀਸ਼ਦ ਦੇ ਮੈਂਬਰ ਕਿੰਨ੍ਹੇ ਹੋ ਸਕਦੇ ਹਨ?**

ਉੱਤਰ- ਵਿਧਾਨ ਪਰੀਸ਼ਦ ਦੇ ਮੈਂਬਰਾਂ ਦੀ ਘੱਟ ਤੋਂ ਘੱਟ ਸੰਖਿਆ 40 ਨਿਸ਼ਚਤ ਕੀਤੀ ਗਈ ਹੈ। ਇਸਦੇ ਮੈਂਬਰਾਂ ਦੀ ਸੰਖਿਆ ਵਿਧਾਨ ਸਭਾ ਦੇ ਇੱਕ ਤਿਹਾਈ ਮੈਬਰਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ।

**149. ਚੋਣ ਵਿਧੀਆਂ ਕਿੰਨ੍ਹੇ ਪ੍ਰਕਾਰ ਦੀਆਂ ਹੁੰਦੀਆਂ ਹਨ?**

ਉੱਤਰ:ਚੋਣ ਵਿਧੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ :-

1.ਪ੍ਰਤੱਖ ਚੋਣ ਪ੍ਰਣਾਲੀ 2.ਅਪ੍ਰਤੱਖ ਚੋਣ ਪ੍ਰਣਾਲੀ

**150.ਲੋਕ ਮੱਤ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:ਲੋਕ ਮੱਤ ਤੋਂ ਭਾਵ ਆਮ ਜਨਤਾ ਦੀ ਰਾਇ ਜਾਂ ਮੱਤ ਤੋਂ ਹੈ।

**151. ਭਾਰਤੀ ਵਿਦੇਸ਼ ਨੀਤੀ ਦੇ ਚਾਰ ਬੁਨਿਆਦੀ ਸਿਧਾਂਤ ਲਿਖੋ।**

ਉੱਤਰ: 1.ਗੁੱਟ ਨਿਰਲੇਪਤਾ 2. ਪੰਚਸ਼ੀਲ ਵਿੱਚ ਵਿਸ਼ਵਾਸ

3.ਸੰਯੁਕਤ ਰਾਸ਼ਟਰ ਵਿੱਚ ਪੂਰਨ ਵਿਸਵਾਸ਼ 4.ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦੀ ਵਿਰੋਧਤਾ

**152. ਪੰਚਸ਼ੀਲ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:-ਭਾਰਤ ਦੇ ਪ੍ਰਧਾਨ ਮੰਤਰੀ, ਪੰਡਿਤ ਨਹਿਰੂ ਅਤੇ ਚੀਨ ਦੇ ਪ੍ਰਧਾਨ ਮੰਤਰੀ ਚਾਉ-ਏਨ-ਲਾਈ ਨੇ ਤਿੱਬਤ ਦੇ ਖੇਤਰ ਸੰਬੰਧੀ ਸਮਝੌਤੇ ਦੇ ਆਧਾਰ' ਤੇ 29 ਅਪ੍ਰੈਲ 1954 ਨੂੰ ਪੰਜ ਸਿਧਾਂਤਾਂ ਨੂੰ ਅਪਣਾਇਆ। ਇਨ੍ਹਾਂ ਸਿਧਾਂਤਾਂ ਨੂੰ ਪੰਚਸ਼ੀਲ ਦਾ ਨਾਂ ਦਿੱਤਾ ਗਿਆ।

**153. ਗੁੱਟ ਨਿਰਲੇਪ ਨੀਤੀ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:-ਗੁੱਟ ਨਿਰਲੇਪਤਾ ਦੀ ਨੀਤੀ ਤੋਂ ਭਾਵ ਸੈਨਿਕ ਗੁੱਟਾਂ ਨਾਲੋਂ ਅਲੱਗ ਰਹਿਣ ਦੀ ਨੀਤੀ ਹੈ।

**154. ਭਾਰਤ ਦੀ ਪਰਮਾਣੂ ਨੀਤੀ ਕੀ ਹੈ?**

ਉੱਤਰ-:ਭਾਰਤ ਦੀ ਪਰਮਾਣੂ ਨੀਤੀ ਦਾ ਅਧਾਰ ਸ਼ੁਰੂ ਤੋਂ ਹੀ ਪਰਮਾਣੂ ਸ਼ਕਤੀ ਦੀ ਵਰਤੋਂ ਰਚਨਾਤਮਕ ਕੰਮਾਂ ਅਤੇ ਸ਼ਾਂਤੀਪੂਰਨ ਉਦੇਸ਼ਾਂ ਦੀ ਪ੍ਰਾਪਤੀ ਲਈ ਕਰਨਾ,ਰਿਹਾ ਹੈ। ਭਾਰਤ ਨੇ ਪ੍ਰਮਾਣੂ ਸ਼ਕਤੀ ਦੀ ਵਰਤੋਂ ਦਾ ਵਿਨਾਸ਼ਕਾਰੀ ਮੰਤਵਾਂ ਲਈ ਹਮੇਸ਼ਾਂ ਵਿਰੋਧ ਕੀਤਾ ਹੈ।

**155. ਸੁਰੱਖਿਆ ਪ੍ਰੀਸ਼ਦ ਵਿੱਚ ਕਿੰਨ੍ਹੇ ਸਥਾਈ ਅਤੇ ਕਿੰਨ੍ਹੇ ਅਸਥਾਈ ਮੈਂਬਰ ਹਨ?**

ਉੱਤਰ:-ਸੁਰੱਖਿਆ ਪ੍ਰੀਸ਼ਦ ਦੇ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ।

**156. ਸੰਯੁਕਤ ਰਾਸ਼ਟਰ ਦਾ ਜਨਮ ਕਦੋਂ ਹੋਇਆ ਅਤੇ ਕਿਨ੍ਹੇ ਦੇਸ਼ ਇਸ ਦੇ ਮੂਲ ਮੈਂਬਰ ਸਨ?**

ਉੱਤਰ:-ਸੰਯੁਕਤ ਰਾਸ਼ਟਰ ਦਾ ਜਨਮ 24 ਅਕਤੂਬਰ 1945 ਨੂੰ ਹੋਇਆ। ਇਸਦੇ ਮੂਲ ਮੈਂਬਰ 51 ਸਨ।

## ਮਹੱਤਵਪੂਰਨ ਖਾਲੀ ਥਾਵਾਂ :-

(1) ਅਰਥਸ਼ਾਸਤਰ ਸ਼ਬਦ **ਯੂਨਾਨੀ** ਭਾਸ਼ਾ ਤੋਂ ਲਿਆ ਗਿਆ ਹੈ।

(2) ਵਿਅਸ਼ਟੀ ਅਰਥਸ਼ਾਸਤਰ ਯੂਨਾਨੀ ਭਾਸ਼ਾ ਦੇ **MICROS ਸ਼**ਬਦ ਤੋਂ ਲਿਆ ਗਿਆ ਹੈ ।

(3) ਉਪਭੋਗ ਦਾ ਸੰਬੰਧ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੀ **ਵਰਤੋਂ** ਕਰਨ ਨਾਲ ਹੈ।

(4) ਮੁਦਰਾ ਸਫੀਤੀ ਸ਼ਬਦ **ਫੈਲਣਾ (INFLATE)** ਸ਼ਬਦ ਤੋਂ ਲਿਆ ਗਿਆ ਹੈ।

(5)ਸਰਕਾਰ ਦੁਆਰਾ ਆਪਣਾ ਬਜਟ ਹਰ ਸਾਲ **ਇੱਕ ਫ਼ਰਵਰੀ** ਨੂੰ ਸੰਸਦ ਵਿਚ ਪੇਸ਼ ਕੀਤਾ ਜਾਂਦਾ ਹੈ।

(6) ਰਾਜਕੋਸ਼ੀ ਨੀਤੀ ਦਾ ਸੰਬੰਧ ਸਰਕਾਰ ਦੀ **ਆਮਦਨ** ਅਤੇ **ਖਰਚ** ਨਾਲ ਹੈ।

(7) ਟਿਕਾਊ ਵਿਕਾਸ ਦੀ ਧਾਰਨਾ ਦੀ ਵਰਤੋਂ ਸਭ ਤੋਂ ਪਹਿਲਾਂ **1980 ਦੇ** ਸਾਲ ਵਿੱਚ ਕੀਤੀ ਗਈ ਸੀ।

(8) ਆਰਥਿਕ ਵਿਕਾਸ ਲਈ ਰਾਸ਼ਟਰੀ ਆਮਦਨ ਵਿਚ **ਲੰਬੇ** ਸਮੇਂ ਲਈ ਵਾਧਾ ਹੋਣਾ ਚਾਹੀਦਾ ਹੈ!

(9) ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਇੱਕ ਵਿਅਕਤੀ ਦੀ **ਔਸਤ** ਆਮਦਨ ਤੋਂ ਹੁੰਦਾ ਹੈ।

(10) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਤ ਸ਼ਿਸ਼ੂ ਮੌਤ ਦਰ **44** ਸੀ।

(11) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ ਲਿੰਗ ਅਨੁਪਾਤ 943 ਸੀ ।

(12)2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ ਸਾਖ਼ਰਤਾ ਦਰ **74.04%** ਸੀ।

(13)ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ **ਮੌਰਿਸ.ਡੀ.ਮੌਰਿਸ** ਦੁਆਰਾ ਕੀਤਾ ਗਿਆ।

(14)ਜੀਵਨ ਦਾ ਭੌਤਿਕ ਗੁਣਵੱਤਾ ਸੂਚਕ ਅੰਕ ਵਿਕਾਸ ਦੇ **(ਜੀਵਨ ਔਸਤ ਅਵਧੀ, ਸ਼ਿਸ਼ੂ ਮੌਤ ਦਰ, ਮੂਲਭੂਤ ਸਾਖ਼ਰਤਾ ਸੂਚਕ ਅੰਕ) 3** ਮਾਪਕਾਂ ਦੀ ਵਰਤੋਂ ਕਰਦਾ ਹੈ।

(15)ਮਾਨਵ ਵਿਕਾਸ ਸੂਚਕ ਅੰਕ ਦਾ ਨਿਰਮਾਣ **1990 ਵਿੱਚ ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ** ਦੁਆਰਾ ਕੀਤਾ ਗਿਆ।

(16) ਮਾਨਵ ਵਿਕਾਸ ਸੂਚਕ ਅੰਕ ਵਿਕਾਸ ਦੇ **(ਜੀਵਨ ਦੀ ਔਸਤ ਅਵਧੀ, ਸਿੱਖਿਆ ਪ੍ਰਾਪਤੀ ਸੂਚਕ ਅੰਕ, ਵਾਸਤਵਿਕ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ) 3** ਮਾਪਕਾਂ ਦੀ ਵਰਤੋਂ ਕਰਦਾ ਹੈ।

(17)ਮਲਕੀਅਤ ਦੇ ਆਧਾਰ 'ਤੇ ਅਰਥ ਵਿਵਸਥਾ **ਤਿੰਨ** (ਸਰਵਜਨਕ ਖੇਤਰ, ਨਿੱਜੀ ਖੇਤਰ ਅਤੇ ਮਿਸ਼ਰਿਤ ਖੇਤਰ) ਤਰ੍ਹਾਂ ਦੀ ਹੁੰਦੀ ਹੈ।

(18) ਆਰਥਿਕ ਕਿਰਿਆਵਾਂ ਦੇ ਸੁਭਾਅ ਦੇ ਅਧਾਰ 'ਤੇ ਅਰਥਵਿਵਸਥਾ **ਤਿੰਨ** (ਪ੍ਰਾਥਮਿਕ ਖੇਤਰ, ਗੌਣ ਖੇਤਰ,ਸੇਵਾ ਖੇਤਰ)ਤਰ੍ਹਾਂ ਦੀ ਹੁੰਦੀ ਹੈ।

(19)ਕੰਮ ਦੀਆਂ ਸਥਿੱਤੀਆਂ ਦੇ ਆਧਾਰ 'ਤੇ ਅਰਥਵਿਵਸਥਾ **ਦੋ** (ਸੰਗਠਿਤ ਅਤੇ ਅਸੰਗਠਿਤ ਖੇਤਰ)ਤਰ੍ਹਾਂ ਦੀ ਹੁੰਦੀ ਹੈ।

(20)**ਸਰਵਜਨਕ** ਖੇਤਰ ਵਿਚ ਸਾਰੀਆਂ ਆਰਥਿਕ ਕਿਰਿਆਵਾਂ ਤੇ ਸਰਕਾਰ ਦਾ ਪੂਰਾ ਨਿਯੰਤਰਣ ਹੁੰਦਾ ਹੈ।

(21) **ਨਿੱਜੀ** ਖੇਤਰ ਸਿਰਫ਼ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੰਮ ਕਰਦਾ ਹੈ।

(22) ਸਾਲ 2018-19 ਵਿੱਚ ਸੇਵਾ ਖੇਤਰ ਦੀ ਵਿਕਾਸ ਦਰ **7.50** ਪ੍ਰਤੀਸ਼ਤ ਸੀ।

(23) ਕਿਸੇ ਦੇਸ਼ ਵਿੱਚ ਮੌਜੂਦ ਅਨੁਭਵੀ ਅਤੇ ਕਾਬਲ ਲੋਕਾਂ ਦੇ ਭੰਡਾਰ ਨੂੰ **ਮਨੁੱਖੀ** ਪੂੰਜੀ ਕਿਹਾ ਜਾਂਦਾ ਹੈ।

(24) 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ **21.9** ਪ੍ਰਤੀਸ਼ਤ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

## ਮਹੱਤਵਪੂਰਨ ਸਹੀ ਗਲਤ:-

(1) ਵਿਅਸ਼ਟੀ ਅਰਥਵਿਵਸਥਾ ਦਾ ਸੰਬੰਧ ਸੰਪੂਰਨ ਅਰਥਵਿਵਸਥਾ ਨਾਲ ਹੈ। **(ਗ਼ਲਤ)**

(2) MICRO ECONOMICS ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ MACROS ਤੋਂ ਲਿਆ ਗਿਆ ਹੈ। **(ਗ਼ਲਤ)**

(3)ਮੁਦਰਾ ਦੀ ਪੂਰਤੀ ਇੱਕ ਸਟਾਕ ਚਰ ਹੈ। **(ਸਹੀ)**

(4) ਘਾਟੇ ਦੀ ਵਿੱਤ ਵਿਵਸਥਾ ਤੋਂ ਭਾਵ ਸਰਕਾਰ ਦੁਆਰਾ ਨਵੇਂ ਨੋਟ ਛਾਪਣ ਦੀ ਪ੍ਰਕਿਰਿਆ ਤੋਂ ਹੈ। **(ਸਹੀ)**

(5)ਬੱਚਤ ਤੋ ਭਾਵ ਆਮਦਨ ਦੇ ਉਸ ਭਾਗ ਤੋਂ ਹੈ, ਜਿਸ ਨੂੰ ਖ਼ਰਚ ਨਹੀਂ ਕੀਤਾ ਜਾਂਦਾ। **(ਸਹੀ)**

(6)ਆਰਥਿਕ ਵਿਕਾਸ ਤੋ ਭਾਵ ਇੱਕ ਦੀਰਘਕਾਲੀਨ ਪ੍ਰਕਿਰਿਆ ਤੋਂ ਹੈ। **(ਸਹੀ)**

(7) ਆਰਥਿਕ ਵਾਧਾ ਅਤੇ ਆਰਥਿਕ ਵਿਕਾਸ ਸਮਾਨਰਥੀ ਸ਼ਬਦ ਹਨ । **(ਗ਼ਲਤ)**

(8) ਕੁੱਲ ਘਰੇਲੂ ਉਤਪਾਦਨ ਆਰਥਿਕ ਵਿਕਾਸ ਦਾ ਇੱਕ ਚੰਗਾ ਮਾਪਕ ਹੈ। **(ਸਹੀ)**

(9) ਟਿਕਾਊ ਵਿਕਾਸ ਦੀ ਧਰਨਾ ਦੀ ਸਭ ਤੋਂ ਪਹਿਲਾਂ ਵਰਤੋਂ World Conservation Strategy ਵਿੱਚ ਕੀਤੀ ਗਈ ਸੀ। **(ਸਹੀ)**

(10) ਪ੍ਰਤੀ ਵਿਅਕਤੀ ਆਮਦਨ ਤੋਂ ਭਾਵ ਕਿਸੇ ਦੇਸ਼ ਦੇ ਸਾਰੇ ਨਿਵਾਸੀਆਂ ਦੀ ਔਸਤ ਆਮਦਨ ਤੋਂ ਹੁੰਦਾ ਹੈ। **(ਸਹੀ)**

(11) ਜੀਵਨ ਦੇ ਭੌਤਿਕ ਗੁਣਵੱਤਾ ਸੂਚਕ ਅੰਕ ਦਾ ਨਿਰਮਾਣ ਸਭ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਵਿਕਾਸ ਕਾਰਜਕ੍ਰਮ ਦੁਆਰਾ ਕੀਤਾ ਗਿਆ ਸੀ । (**ਗ਼ਲਤ**)

(12) ਮਾਨਵ ਵਿਕਾਸ ਸੂਚਕ ਅੰਕ ਵਿੱਚ ਸਿਰਫ਼ ਆਮਦਨ ਆਧਾਰਿਤ ਮਾਪਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। (**ਗ਼ਲਤ**)

(13) ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਜਨਸੰਖਿਆ ਦੇ ਮਾਮਲੇ ਵਿੱਚ ਪੰਜਾਬ ਦਾ ਪ੍ਰਦਰਸ਼ਨ ਬਿਹਾਰ ਨਾਲੋਂ ਚੰਗਾ ਹੈ।**(ਸਹੀ)**

(14) ਬਿਹਾਰ ਵਿੱਚ ਲਿੰਗ ਅਨੁਪਾਤ ਇਸਤਰੀਆਂ ਦੇ ਹੱਕ ਵਿੱਚ ਹੈ । (**ਗ਼ਲਤ**)

(15) ਸਾਖ਼ਰਤਾ ਦਰ ਤੇ ਪੰਜਾਬ ਅਤੇ ਬਿਹਾਰ ਦੇ ਮੁਕਾਬਲੇ ਕੇਰਲ ਦਾ ਪ੍ਰਦਰਸ਼ਨ ਵਧੀਆ ਹੈ।**(ਸਹੀ)**

(16)ਸਰਕਾਰੀ ਖੇਤਰ ਲੋਕਾਂ ਦੇ ਕਲਿਆਣ ਦੇ ਉਦੇਸ਼ ਲਈ ਕੰਮ ਕਰਦਾ ਹੈ।**(ਸਹੀ)**

(17) ਅਸੰਗਠਿਤ ਖੇਤਰ ਵਿਚ ਕੰਮ ਕਰ ਰਹੇ ਕਰਮਚਾਰੀਆਂ ਲਈ ਪੱਕੀਆਂ ਤਨਖਾਹਾਂ ਅਤੇ ਕੰਮ ਕਰਨ ਦੇ ਪੱਕੇ ਨਿਯਮ ਹੁੰਦੇ ਹਨ। **(ਗ਼ਲਤ)**

(18) ਵਿਕਾਸ ਦੇ ਨਾਲ-ਨਾਲ, ਪ੍ਰਾਥਮਿਕ ਖੇਤਰ ਦੀ ਤੁਲਨਾਤਮਕ ਮਹੱਤਤਾ ਵਿਚ ਵਾਧਾ ਹੁੰਦਾ ਹੈ।**(ਸਹੀ)**

(19)ਸੇਵਾ ਖੇਤਰ ਵਿੱਚ ਉਹਨਾਂ ਕਿਰਿਆਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਹੁੰਦੀ ਹੈ।**(ਗ਼ਲਤ)**

(20) ਪ੍ਰਤੱਖ ਵਿਦੇਸ਼ੀ ਨਿਵੇਸ਼ ਇਕ ਦੇਸ਼ ਦੇ ਨਿੱਜੀ ਖੇਤਰ ਦੁਆਰਾ ਕੀਤਾ ਜਾਂਦਾ ਹੈ।**(ਗ਼ਲਤ)**

(21) ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸੁਵਿਧਾਵਾਂ ਸ਼ਹਿਰੀ ਖੇਤਰਾਂ ਵਿੱਚ ਵੱਧ ਕੇਂਦਰਿਤ ਹਨ।**(ਸਹੀ)**

## ਤਿੰਨ ਅੰਕ ਵਾਲੇ ਮਹੱਤਵਪੂਰਨ ਪ੍ਰਸ਼ਨ:-

**1. ਪਹਾੜੀ ਖੇਤਰਾਂ ਵਿੱਚ ਭੋਂ- ਖੋਰ ਨੂੰ ਰੋਕਣ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਸਕਦੇ ਹਨ?**

ਉੱਤਰ:- ਪਹਾੜੀ ਖੇਤਰਾਂ ਵਿੱਚ ਭੋਂ ਖੋਰ ਨੂੰ ਰੋਕਣ ਲਈ ਹੇਠ ਲਿਖੇ ਕਦਮ ਚੁੱਕੇ ਜਾ ਸਕਦੇ ਹਨ:-

1. ਪੌੜੀ-ਨੁਮਾ ਖੇਤ ਬਣਾਏ ਜਾਣੇ ਚਾਹੀਦੇ ਹਨ।
2. ਖੇਤਾਂ ਨੂੰ ਛੋਟੇ-ਛੋਟੇ ਟੁੱਕੜਿਆਂ ਜਾਂ ਕਿਆਰੀਆਂ ਬਣਾ ਕੇ ਮਿੱਟੀ ਦੀ ਉੱਪਰਲੀ ਪਰਤ ਨੂੰ ਖੁਰਨੋਂ ਬਚਾਇਆ ਜਾ ਸਕਦਾ ਹੈ।
3. ਕਤਾਰਾਂ ਵਿੱਚ ਦਰੱਖ਼ਤ ਲਗਾਏ ਜਾਣੇ ਚਾਹੀਦੇ ਹਨ।

**2. ਜੈਵਿਕ ਅਤੇ ਅਜੈਵਿਕ ਸੋਮੇ ਕੀ ਹੁੰਦੇ ਹਨ? ਉਦਾਹਰਨਾਂ ਦਿਉ?**

ਉੱਤਰ:- ਜੈਵਿਕ ਸੋਮੇ:- ਜੈਵਿਕ ਸੋਮੇ ਉਹ ਸੋਮੇ ਹਨ, ਜਿਨ੍ਹਾਂ ਦੀ ਪ੍ਰਾਪਤੀ ਸਾਨੂੰ ਜੈਵ-ਮੰਡਲ ਤੋਂ ਹੁੰਦੀ ਹੈ। ਜੈਵ-ਸੋਮਿਆਂ ਵਿੱਚ ਜਾਨ ਹੁੰਦੀ ਹੈ, ਜਿਵੇਂ ਮਨੁੱਖ, ਜੀਵ-ਜੰਤੂ, ਪੰਛੀ, ਮੱਛੀਆਂ ਅਤੇ ਜੰਗਲ ਆਦਿ।

ਅਜੈਵਿਕ ਸੋਮੇ: ਅਜੈਵਿਕ ਸੋਮੇ ਉਹ ਸੋਮੇ ਹੁੰਦੇ ਹਨ, ਜਿਨ੍ਹਾਂ ਵਿੱਚ ਜਾਨ ਨਹੀਂ ਹੁੰਦੀ ਜਿਵੇਂ ਕਿ ਚਟਾਨਾਂ ਅਤੇ ਧਾਤਾਂ ।

**3. ਭੋਂ-ਖੋਰ ਕੀ ਹੁੰਦਾ ਹੈ? ਉਦਾਹਰਨਾਂ ਵੀ ਦਿਓ।**

ਉੱਤਰ:- ਮਿੱਟੀ ਦੀ ਸਭ ਤੋਂ ਉੱਪਰਲੀ ਪਰਤ ਦੇ ਖੁਰਨ ਨੂੰ ਭੋਂ- ਖੋਰ ਕਿਹਾ ਜਾਂਦਾ ਹੈ। ਭੋਂ-ਖੋਰ ਕਈ ਤਰੀਕਿਆਂ ਨਾਲ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਪੌਣਾਂ, ਗਲੇਸ਼ੀਅਰ ਅਤੇ ਪਾਣੀ ਭੋਂ-ਖੋਰ ਲਈ ਜ਼ਿੰਮੇਵਾਰ ਹਨ। ਵਗਦਾ ਪਾਣੀ ਮਿੱਟੀ ਵਿੱਚ ਖੱਡਾਂ ਪਾ ਦਿੰਦਾ ਹੈ ਜਿਨ੍ਹਾਂ ਕਾਰਨ ਡੂੰਘੀਆਂ ਘਾਟੀਆਂ ਬਣ ਜਾਂਦੀਆਂ ਹਨ ਜਿਵੇਂ ਕਿ ਭਾਰਤ ਵਿੱਚ ਚੰਬਲ ਦਾ ਖੇਤਰ।

**4. ਜੈਵਿਕ ਵਿਭਿੰਨਤਾ ਦੀਆਂ ਕਿਸਮਾਂ ਕੀ ਹੋ ਸਕਦੀਆਂ ਹਨ?**

ਉੱਤਰ:-ਜੈਵਿਕ-ਵਿਭਿੰਨਤਾ ਨੂੰ ਅਸੀਂ ਤਿੰਨ ਕਿਸਮਾਂ ਵਿਚ ਵੰਡ ਸਕਦੇ ਹਾਂ:

1. ਜਮਾਂਦਰੂ ਵਿਭਿੰਨਤਾ: ਜੈਵਿਕ-ਵਿਭਿੰਨਤਾ ਤੋਂ ਭਾਵ ਹੈ ਕਿ ਪਰਜਾਤੀਆ ਵਿਚਲਾ ਜੀਨ-ਵਖਰੇਵਾਂ।
2. ਪ੍ਰਜਾਤੀ ਵਿਭਿੰਨਤਾ: ਇਸ ਨੂੰ ਇੱਕ ਖ਼ਾਸ ਖੇਤਰ ਵਿਚ,ਪ੍ਰਜਾਤੀਆਂ ਦੇ ਵਖਰੇਵੇਂ ਵਜੋਂ ਮਾਪਿਆ ਜਾਂਦਾ ਹੈ।
3. ਪਰਿਸਥਿਕ ਤੰਤਰ ਵਿਭਿੰਨਤਾ: ਇਸ ਵਿੱਚ ਵੱਖਰੇ-ਵੱਖਰੇ ਪਾਰਿਸਥਤਿਕ ਤੰਤਰ ਦੇ ਵਖਰੇਵੇਂ, ਉਹਨਾਂ ਦੇ ਨਿਵਾਸ ਅਸਥਾਨਾਂ ਦੇ ਵੱਖਰੇਵੇਂ ਸ਼ਾਮਲ ਹੁੰਦੇ ਹਨ।

**5. ਭਾਰਤ ਵਿੱਚ ਜੈਵਿਕ ਵਿਭਿੰਨਤਾ ਦੇ ਤੀਖਣ ਬਿੰਦੂਆਂ ਤੋਂ ਜਾਣੂ ਕਰਵਾਓ ।**

ਉੱਤਰ:-ਭਾਰਤ ਵਿਚ ਜੈਵ-ਵਿਭਿੰਨਤਾ ਵਾਲੇ ਤੀਖਣ ਬਿੰਦੂ ਸਥਾਨ ਹਨ: ਨੇਪਾਲ ਤੇ ਭੂਟਾਨ ਸਮੇਤ ਸਾਰੀ ਪੱਛਮੀ ਤੇ ਕੇਂਦਰੀ ਹਿਮਾਲਿਆ ਪਰਬਤ ਸ਼੍ਰੇਣੀ, ਭਾਰਤ ਬਰਮਾ, ਜਿਸ ਵਿੱਚ ਸਾਰਾ ਉੱਤਰ-ਪੂਰਬੀ ਖਿੱਤਾ ਅਤੇ ਮਿਆਂਮਾਰ ਦਾ ਪਹਾੜੀ ਇਲਾਕਾ, ਅੰਡੇਮਾਨ-ਨਿਕੋਬਾਰ ਤੇ ਇੰਡੋਨੇਸ਼ੀਆਈ ਦੀਪ-ਸਮੂਹ, ਪੱਛਮੀ ਘਾਟ ਤੇ ਸ੍ਰੀ ਲੰਕਾ, ਤਰਾਈ- ਦੁਆਰ ਸਵਾਨਾ, ਸੁੰਡਾਲੈਂਡ।

**6. ਸੁੰਦਰਬਨ ਉੱਤੇ ਇੱਕ ਨੋਟ ਲਿਖੋ?**

ਉੱਤਰ: ਸੁੰਦਰਬਨ ਦਾ ਗੰਗਾ-ਬ੍ਰਹਮਪੁੱਤਰ ਡੈਲਟਾ ਦੁਨੀਆ ਦਾ ਸਭ ਤੋਂ ਵੱਡਾ ਡੈਲਟਾ ਹੈ। ਇਸ ਨੂੰ ਸੁੰਦਰਬਨ ਡੈਲਟਾ, ਗੰਗਾ ਡੈਲਟਾ, ਬ੍ਰਹਮਪੁੱਤਰ ਡੈਲਟਾ, ਜਾਂ ਬੰਗਾਲ ਡੈਲਟਾ ਵਜੋਂ ਵੀ ਜਾਣਿਆ ਜਾਂਦਾ ਹੈ। ਸੁੰਦਰਬਨ ਡੈਲਟਾ ਵਿਸ਼ਵਵਿਆਪੀ ਮਹੱਤਵ ਰੱਖਦਾ ਹੈ।

ਰਾਇਲ ਬੰਗਾਲ ਟਾਈਗਰ ਇੱਥੇ ਪਾਇਆ ਜਾਣ ਵਾਲਾ ਪ੍ਰਮੁੱਖ ਜਾਨਵਰ ਹੈ। ਇਸ ਦਾ ਖੇਤਰਫ਼ਲ 9630 ਵਰਗ ਕਿਲੋਮੀਟਰ ਹੈ। ਦੁਨੀਆ ਦਾ ਇਹ ਇੱਕੋ ਇੱਕ ਮੈਂਗਰੋਵ ਨਿਵਾਸ ਸਥਾਨ ਹੈ।

**7. ਮੰਨਾਰ ਦੀ ਖਾੜੀ ਉੱਤੇ ਇੱਕ ਨੋਟ ਲਿਖੋ?**

ਉੱਤਰ:-ਮੰਨਾਰ ਦੀ ਖਾੜੀ ਨੂੰ ਸਮੁੰਦਰੀ ਜੈਵ-ਵਿਭਿੰਨਤਾ ਦੇ ਦ੍ਰਿਸ਼ਟੀਕੋਣ ਤੋਂ ਦੁਨੀਆ ਦੇ ਸਭ ਤੋਂ ਅਮੀਰ ਖੇਤਰ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਆਪਣੀ ਇਹ ਵਿਲੱਖਣ ਜੈਵਿਕ ਸੰਪੱਤੀ ਕਰਕੇ ਸਮੁੰਦਰੀ ਵਿਭਿੰਨਤਾ ਦਾ ਭੰਡਾਰ ਹੈ। ਮੰਨਾਰ ਦੀ ਖਾੜੀ ਦਾ ਖੇਤਰਫ਼ਲ 10,500 ਵਰਗ ਕਿਲੋਮੀਟਰ ਹੈ। ਡੁਗੌਂਗ (ਸਮੁੰਦਰੀ ਥਣਧਾਰੀ ਜੀਵ) ਇੱਥੇ ਦਾ ਪ੍ਰਮੁੱਖ ਜਾਨਵਰ ਹੈ। ਮੰਨਾਰ ਦੀ ਖਾੜੀ ਦਾ ਭਾਰਤ ਵਾਲਾ ਹਿੱਸਾ ਕੰਨਿਆਕੁਮਾਰੀ ਦੇ ਉੱਤਰ ਵਿੱਚ ਰਾਮੇਸ਼ਵਰਮ ਟਾਪੂ ਤੋਂ ਤਾਮਿਲਨਾਡੂ ਤੋਂ ਸ੍ਰੀਲੰਕਾ ਦੇ ਦੱਖਣ ਵੱਲ ਹੈ।

**8.ਪਾਣੀ, ਨਵਿਆਉਣ ਯੋਗ ਸਾਧਨ ਕਿਵੇਂ ਬਣਦਾ ਹੈ?**

ਉੱਤਰ:- ਧਰਤੀ ਉੱਤੇ ਪਾਣੀ ਦਾ ਜਲ ਚੱਕਰ ਇਕ ਧਰਮ ਤੰਤਰ (Global Process) ਹੈ ਜਿਸ ਅਧੀਨ ਜਲ ਹਵਾ ਤੋਂ ਧਰਤ ਵੱਲ, ਫਿਰ ਧਰਤ ਤੋਂ ਵਾਪਸ ਵਾਯੂਮੰਡਲ ਵੱਲ ਚੱਲਦਾ ਹੈ।ਇਸ ਚੱਕਰ ਦੇ ਪ੍ਰਮੁੱਖ ਤੱਤਾਂ ਵਿੱਚ ਮਿੱਟੀ ਵਿਚ ਪਾਣੀ ਦਾ ਜਜ਼ਬ ਹੋਣਾ, ਧਰਤੀ ਦੀ ਸਤ੍ਹਾ ਉੱਤੇ ਵਹਿਣਾ, ਸਤਹੀ ਜਲ ਦਾ ਜਮੀਨਦੋਜ਼ ਤੇ ਸਾਗਰੀ ਜਲ ਬਣਨਾ ਅਤੇ ਮਿੱਟੀ ਤੇ ਪੌਦਿਆਂ ਤੋਂ ਵਾਸ਼ਪੀਕਰਨ ਆਦਿ ਦੇ ਹੋਣ ਨਾਲ ਪਾਣੀ ਨਵਿਆਉਣ ਯੋਗ ਸਾਧਨ ਬਣ ਜਾਂਦਾ ਹੈ।

**9. ਪਾਣੀ ਧਰਤੀ ਦਾ ਸਭ ਤੋਂ ਮਹੱਤਵਪੂਰਨ ਤੱਤ ਕਿਵੇਂ ਹੈ?**

ਉੱਤਰ:- ਪਾਣੀ, ਧਰਤੀ ਦੇ ਸਭ ਤੋਂ ਵੱਧ ਮਹੱਤਵਪੂਰਨ ਤੱਤਾਂ ਵਿੱਚੋਂ ਇੱਕ ਹੈ। ਹਰ ਜੀਵ-ਜੰਤੂ ਤੇ ਪੌਦੇ ਨੂੰ ਜਿਉਣ, ਲਈ ਪਾਣੀ ਦੀ ਜ਼ਰੂਰਤ ਹੁੰਦੀ ਹੈ। ਧਰਤੀ ਉੱਤੇ ਜੇਕਰ ਪਾਣੀ ਨਾ ਹੁੰਦਾ ਤਾਂ ਜੀਵਨ ਵੀ ਨਾ ਹੁੰਦਾ। ਜਿਉਂਦੇ ਰਹਿਣ ਲਈ ਪਾਣੀ ਪੀਣ ਤੋਂ ਇਲਾਵਾ, ਪਾਣੀ ਦੀ ਵਰਤੋਂ ਕਈ ਥਾਵਾਂ ਵਿੱਚ ਹੁੰਦੀ ਹੈ। ਜਿਵੇਂ ਕਿ ਭੋਜਨ ਪਕਾਉਣਾ, ਕੱਪੜੇ ਧੋਣਾ, ਭਾਂਡੇ ਮਾਂਜਣਾ, ਸਾਫ਼ ਸਫਾਈ ਕਰਨਾ, ਬਾਗ਼-ਬਗੀਚੇ ਹਰੇ-ਭਰੇ ਰੱਖਣਾ, ਪਸ਼ੂਆਂ ਅਤੇ ਸਨਅਤੀ ਉਤਪਾਦਨਾਂ ਲਈ ਅਤੇ ਫ਼ਸਲਾਂ ਦੀ ਸਿੰਚਾਈ ਆਦਿ ਲਈ ਪਾਣੀ ਦੀ ਵਰਤੋਂ ਹੁੰਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਪਾਣੀ ਧਰਤੀ ਦਾ ਸਭ ਤੋਂ ਮਹੱਤਵਪੂਰਨ ਤੱਤ ਹੈ।

**10.ਭਾਰਤ ਦਾ ਕਿਹੜਾ ਰਾਜ 'ਮਸਾਲਿਆਂ ਦਾ ਬਾਗ਼ ਹੈ' ਤੇ ਕਿਉਂ?**

ਉੱਤਰ:- ਭਾਰਤ ਵਿਚ ਕੇਰਲਾ ਨੂੰ 'ਮਸਾਲਿਆਂ ਦੇ ਬਾਗ' ਦੇ ਨਾਮ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਭਾਰਤ ਦਾ ਕੇਰਲ ਰਾਜ ਨੀਵੇਂ ਅਕਸ਼ਾਸ਼ਾਂ ਵਿੱਚ ਸਥਿੱਤ ਹੋਣ ਕਰਕੇ ਗਰਮ ਅਤੇ ਤਰ ਜਲਵਾਯੂ ਵਾਲਾ ਰਾਜ ਹੈ। ਇਸ ਦੇ ਤੱਟੀ ਮੈਦਾਨਾਂ ਵਿਚ ਨਦੀਆਂ ਦੁਆਰਾ ਲਿਆ ਕੇ ਉਪਜਾਊ ਜਲੋਢੀ ਮਿੱਟੀ, ਮਾਲਾਬਾਰ ਦੇ ਇਲਾਕੇ ਅਤੇ ਪੱਛਮੀ ਘਾਟ ਦੀਆਂ ਮਿੱਟੀਆਂ ਮਸਾਲਿਆਂ ਦੀ ਖੇਤੀ ਲਈ ਸਭ ਤੋਂ ਬੇਹਤਰੀਨ ਹਨ ।ਕੇਰਲ ਵਿੱਚ ਕਾਲੀ ਮਿਰਚ, ਹਲਦੀ, ਛੋਟੀ ਇਲਾਇਚੀ, ਲੌਂਗ, ਵਨੇਲਾ, ਕੈਮਬੋਜ, ਸੁਪਾਰੀ, ਦਾਲਚੀਨੀ ਅਤੇ ਕੈਮੀਆਂ ਆਦਿ ਦੀ ਪੈਦਾਵਰ ਕੀਤੀ ਜਾਂਦੀ ਹੈ।

**11. ਭਾਰਤ ਵਿਚ ਖੇਤੀਬਾੜੀ ਦੇ ਵਿਕਾਸ ਪ੍ਰਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਭੂਮਿਕਾ ਉੱਤੇ ਨੋਟ ਲਿਖੋ?**

ਉੱਤਰ:- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਥਾਪਨਾ, ਸੰਨ 1962 ਵਿਚ ਕੀਤੀ ਗਈ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਪੰਜਾਬ ਵਿਚ ਅਨਾਜ ਦੇ ਉਤਪਾਦਨ ਤੇ ਹਰੀ ਕ੍ਰਾਂਤੀ ਦੀ ਕਾਮਯਾਬੀ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਦੁਧਾਰੂ ਪਸ਼ੂਆਂ ਅਤੇ ਮੁਰਗੀ ਪਾਲਣ ਦੇ ਵਿਕਾਸ ਵਿੱਚ ਵੀ ਖੇਤੀਬਾੜੀ ਯੂਨੀਵਰਸਿਟੀ ਨੇ ਸਾਥ ਦਿੱਤਾ ਹੈ। ਖੇਤੀਬਾੜੀ ਸੰਬੰਧੀ ਖੋਜਾਂ, ਸਿੱਖਿਆ ਵਿੱਚ ਪ੍ਰਾਪਤੀਆਂ ਕਾਰਨ ਸੰਨ 1995 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ 'ਬੈਸਟ ਯੂਨੀਵਰਸਿਟੀ' ਦਾ ਖਿਤਾਬ ਦਿੱਤਾ ਗਿਆ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਖੇਤੀਬਾੜੀ ਕਾਲਜ, ਘਰੇਗੀ ਵਿਗਿਆਨ ਦਾ ਕਾਲਜ, ਬੇਸਿਕ ਸਾਇੰਸਿਜ਼ ਅਤੇ ਹਿਊਮੈਨਟੀਜ਼ ਦੇ ਚਾਰ ਕਾਲਜ ਹਨ। ਇਹਨਾਂ ਦੇ 28 ਵਿਭਾਗ ਹਨ ਜਿਨ੍ਹਾਂ ਨਾਲ 31 ਮਾਸਟਰ ਡਿਗਰੀਆਂ ਤੇ ਪੀ.ਐਚ. ਡੀ ਪ੍ਰੋਗਰਾਮ ਜੁੜੇ ਹੋਏ ਹਨ।

**12. ਸਾਡੇ ਲਈ ਖੇਤੀਬਾੜੀ ਦਾ ਕੀ ਮਹੱਤਵ ਹੈ?**

ਉੱਤਰ:- ਭਾਰਤ ਵਿੱਚ ਸੰਸਾਰ ਦੀ ਸਭ ਤੋਂ ਵੱਧ ਵਾਹੀਯੋਗ ਜ਼ਮੀਨ ਹੈ। ਇਸ ਸਮੇਂ 43% ਜ਼ਮੀਨ ਖੇਤੀਬਾੜੀ ਅਧੀਨ ਹੈ। ਪਿੰਡਾਂ ਵਿੱਚ ਰਹਿਣ ਵਾਲੇ ਲਗਭਗ 88 ਕਰੋੜ ਲੋਕਾਂ ਦੀ ਜ਼ਿੰਦਗੀ ਤੇ ਸੁਰੱਖਿਆ ਖੇਤੀ ਤੇ ਨਿਰਭਰ ਕਰਦੀ ਹੈ। ਭਾਰਤ ਵਿੱਚ ਵੰਨ- ਸਵੰਨੇ

ਜਲਵਾਯੂ ਮਿਲਣ ਕਾਰਨ ਇੱਥੇ ਭਿੰਨ ਭਿੰਨ ਪ੍ਰਕਾਰ ਦੀਆਂ ਫ਼ਸਲਾਂ ਬੀਜੀਆਂ ਜਾ ਸਕਦੀਆਂ ਹਨ। ਵੱਖ-ਵੱਖ ਖਿੱਤਿਆਂ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਜ਼ਰੂਰਤਾਂ ਖੇਤੀਬਾੜੀ ਤੋਂ ਹੀ ਪੂਰੀਆਂ ਹੁੰਦੀਆਂ ਹਨ।

**13. ਬ੍ਰਹਮਪੁੱਤਰ ਘਾਟੀ ਦੇ ਉਪਰੀ ਤੇਲ ਭੰਡਾਰਾਂ 'ਤੇ ਨੋਟ ਲਿਖੋ।**

ਉੱਤਰ:- ਭਾਰਤ ਵਿੱਚ ਸਭ ਤੋਂ ਪਹਿਲਾਂ ਕੱਚਾ ਤੇਲ ਬ੍ਰਹਮਪੁੱਤਰ ਦੀ ਘਾਟੀ ਵਿਚ ਮਿਲਿਆ ਸੀ। ਤੇਲ ਦੀ ਇਹ ਚੱਟਾਨ ਦਿਹਾਂਗ ਬੇਸਿਨ ਤੋਂ ਸੂਰਮਾ ਘਾਟੀ ਤਕ ਪਸਰੀ ਹੋਈ ਹੈ। ਤੇਲ ਦੇ ਮੁਖ ਖੂਹ, ਉਪਰੀ ਅਸਾਮ ਦੇ ਜ਼ਿਲ੍ਹਿਆਂ ਡਿਬਰੂਗੜ੍ਹ ਤੇ ਸਿਬਸਾਗਰ ਵਿੱਚ ਸਥਿੱਤ ਹਨ। ਇਲਾਕੇ ਵਿੱਚ ਹੋਰ ਵੀ ਕਈ ਮਹੱਤਵਪੂਰਨ ਤੇਲ ਉਤਪਾਦਕ ਕੇਂਦਰ ਹਨ।

**14. ਗੈਰ-ਰਵਾਇਤੀ ਊਰਜਾ ਸਰੋਤਾਂ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਊਰਜਾ ਦੀ ਮੰਗ ਵੱਧਣ ਅਤੇ ਰਵਾਇਤੀ ਸਾਧਨਾਂ ਦੇ ਭੰਡਾਰ ਘੱਟਣ ਕਾਰਨ, ਊਰਜਾ ਦੇ ਕਈ ਨਵੇਂ ਗੈਰ-ਰਵਾਇਤੀ ਸਰੋਤਾਂ ਦੇ ਮਹੱਤਵ ਨੇ ਜ਼ੋਰ ਫੜ ਲਿਆ ਹੈ। ਇਹਨਾਂ ਗੈਰ-ਰਵਾਇਤੀ ਸਰੋਤਾਂ ਵਿੱਚ ਸ਼ਾਮਲ ਹਨ: ਸੂਰਜੀ ਊਰਜਾ, ਪੌਣ ਊਰਜਾ, ਭੌਂ-ਤਾਪੀ ਊਰਜਾ, ਜਵਾਰੀ ਊਰਜਾ, ਸਾਗਰੀ ਛੱਲਾ ਊਰਜਾ, ਪਣ ਬਿਜਲਈ ਊਰਜਾ ਤੇ ਜੈਵ ਪੁੰਜ ਊਰਜਾ ਆਦਿ।

**15. ਪਥਰਾਟ ਬਾਲਣ ਕੀ ਹੁੰਦੇ ਹਨ?**

ਉੱਤਰ:- ਪਥਰਾਟ ਬਾਲਣ ਅਸਲ ਵਿੱਚ ਹਾਈਡਰੋਕਾਰਬਨ ਹੁੰਦੇ ਹਨ ਜਿਵੇਂ ਕਿ ਕੋਲਾ, ਪੈਟਰੋਲੀਅਮ ਅਤੇ ਕੁਦਰਤੀ ਗੈਸ। ਇਹ ਨਾਮ ਦਫ਼ਨ ਹੋਏ ਜੈਵਿਕ ਪਦਾਰਥਾਂ ਨੂੰ ਦਿੱਤਾ ਜਾਂਦਾ ਹੈ ਜੋ ਜਾਨਵਰਾਂ ਦੇ ਗਲਣ-ਸੜਨ ਤੋਂ ਕੱਚੇ ਤੇਲ, ਕੋਲੇ, ਕੁਦਰਤੀ ਗੈਸਾਂ ਜਾਂ ਭਾਰੀ ਤੇਲ ਵਿਚ ਤਬਦੀਲ ਹੋ ਜਾਂਦੀ ਹੈ। ਇਹ ਤਬਦੀਲੀ ਕਰੋੜਾਂ ਸਾਲ ਧਰਤੀ ਦੀ ਪੇਪੜੀ ਹੇਠ ਦੱਬੇ ਰਹਿ ਕੇ ਦਬਾਅ ਤੇ ਤਾਪ ਕਾਰਨ, ਆਈ ਹੋਣ ਕਾਰਨ ਇਨ੍ਹਾਂ ਨੂੰ ਖਣਿਜ ਬਾਲਣ ਵੀ ਕਿਹਾ ਜਾਂਦਾ ਹੈ।

**16. ਪੰਜਾਬ ਦੇ ਖਣਿਜ ਸਰਮਾਏ 'ਤੇ ਨੋਟ ਲਿਖੋ?**

ਉੱਤਰ:- ਪੰਜਾਬ ਦੀ ਭੂਗੋਲਿਕ ਤੇ ਭੂ-ਗਰਭੀ ਦੀ ਸਥਾਪਨਾ ਦਰਿਆਵਾਂ ਵੱਲੋਂ ਢੋਏ ਗਏ ਜਲੌਢੀ ਪਦਾਰਥਾਂ ਤੋਂ ਹੋਈ ਹੈ ਤੇ ਇਸ ਲਈ ਇੱਥੇ ਤਲਛੱਟੀ ਚਟਾਨਾਂ ਜਿਵੇਂ ਕਿ ਰੇਤ, ਚੀਕਣੀ ਮਿੱਟੀ, ਪੱਥਰ- ਕੰਕਰ ਤੇ ਗਾਧ ਆਦਿ ਮਿਲਦੇ ਹਨ। ਧਰਤੀ ਉੱਤੇ ਜ਼ਿਆਦਾਤਰ ਖਣਿਜ ਪਦਾਰਥ ਅਗਨੀ ਜਾਂ ਰੂਪਾਂਤਰਿਤ ਚੱਟਾਨਾਂ ਵਿੱਚੋਂ ਮਿਲਦੇ ਹਨ, ਜਿਸ ਕਾਰਨ ਉਸ ਪ੍ਰਕਾਰ ਦੇ ਖਣਿਜਾਂ ਦੀ ਪੰਜਾਬ ਵਿੱਚ ਘਾਟ ਹੈ। ਸੂਬੇ ਦੇ ਕਈ ਭਾਗਾਂ ਵਿਚ ਉਸਾਰੀ ਵਿਚ ਕੰਮ ਆਉਣ ਵਾਲੇ ਪਦਾਰਥ ਰੇਤਾ, ਬਜਰੀ, ਰੇਤਲੇ ਪੱਥਰ ਜ਼ਰੂਰ ਮਿਲਦੇ ਹਨ, ਜਿਨ੍ਹਾਂ 'ਚ ਸ਼ਹੀਦ ਭਗਤ ਸਿੰਘ ਨਗਰ, ਹੁਸ਼ਿਆਰਪੁਰ, ਪਠਾਨਕੋਟ, ਗੁਰਦਾਸਪੁਰ, ਫ਼ਿਰੋਜ਼ਪੁਰ, ਜਲੰਧਰ ਆਦਿ ਪ੍ਰਸਿੱਧ ਹਨ।

**17. ਮੁੱਢਲੀਆਂ ਸਨਅਤਾਂ ਕੀ ਹੁੰਦੀਆਂ ਹਨ? ਉਦਾਹਰਣਾਂ ਦਿਓ ।**

ਉੱਤਰ:-ਜੋ ਸਨਅਤਾਂ ਅਜਿਹੇ ਪਦਾਰਥ ਜਾਂ ਵਸਤੂਆਂ ਤਿਆਰ ਕਰਦੀਆਂ ਹਨ ਜੋ ਹੋਰ ਨਿਰਮਾਣ ਸਨਅਤਾਂ ਵਿਚ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਮੁੱਢਲੀਆਂ ਸਨਅਤਾਂ ਕਿਹਾ ਜਾਂਦਾ ਹੈ। ਜਿਵੇ ਲੋਹੇ ਦੀ ਢਲਾਈ ਸਨਅਤ, ਲੋਹਾ ਤੇ ਇਸਪਾਤ ਸਨਅਤ, ਤਾਂਬਾ ਸ਼ੁੱਧੀਕਰਨ ਸਨਅਤ, ਐਲੂਮੀਨੀਅਮ ਸਨਅਤ ਆਦਿ।

**18. ਸੀਮਿੰਟ ਬਣਾਉਣ ਲਈ ਵਰਤੇ ਜਾਂਦੇ ਜ਼ਰੂਰੀ ਕੱਚੇ ਮਾਲ ਤੋਂ ਜਾਣੂ ਕਰਵਾਓ?**

ਉੱਤਰ:-ਸੀਮਿੰਟ ਬਣਾਉਣ ਲਈ ਚੂਨੇ ਦੇ ਪੱਥਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਚੂਨੇ ਦਾ ਪੱਥਰ ਭਾਰਤ ਵਿੱਚ ਲਗਭਗ ਸਾਰੇ ਹੀ ਰਾਜਾਂ ਵਿੱਚੋਂ ਮਿਲਦਾ ਹੈ। ਮੁੱਖ ਉਤਪਾਦਕ ਖੇਤਰਾਂ ਵਿੱਚ ਮੱਧ ਪ੍ਰਦੇਸ਼, ਰਾਜਸਥਾਨ, ਤਾਮਿਲਨਾਡੂ,ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਆਦਿ ਆਉਂਦੇ ਹਨ।

**19. ਸਨਅਤਾਂ ਦੇ ਵਰਗੀਕਰਨ ਦੇ ਮੁੱਢਲੇ ਆਧਾਰ ਕੀ ਹਨ?**

ਉੱਤਰ:- ਸਨਅਤਾਂ ਦੇ ਵਰਗੀਕਰਨ ਦੇ ਮੁੱਢਲੇ ਆਧਾਰ ਹੇਠ ਲਿਖੇ ਅਨੁਸਾਰ ਹਨ:-

1.ਕਿਰਤ ਅਤੇ ਪੂੰਜੀ ਦੇ ਅਧਾਰ 'ਤੇ 2.ਕੱਚੇ ਮਾਲ ਦੇ ਅਧਾਰ 'ਤੇ

3.ਮਲਕੀਅਤ ਦੇ ਆਧਾਰ 'ਤੇ 4. ਕੱਚਾ ਮਾਲ ਸਰੋਤ ਦੇ ਅਧਾਰ 'ਤੇ

5. ਫੁਟਕਲ

**20. ਭਾਰਤ ਦੇ ਪ੍ਰਮੁੱਖ ਸਨਅਤੀ ਖੇਤਰਾਂ ਦੇ ਨਾਮ ਦੱਸੋ?**

ਉੱਤਰ:- 1.ਮੁੰਬਈ-ਪੁਣੇ ਸਨਅਤੀ ਇਲਾਕਾ 2.ਹੁਗਲੀ ਸਨਅਤੀ ਇਲਾਕਾ

3. ਬੰਗਲੌਰ-ਤਾਮਿਲਨਾਡੂ ਸਨਅਤੀ ਇਲਾਕਾ 4.ਗੁਜਰਾਤ ਸਨਅਤੀ ਇਲਾਕਾ

5. ਛੋਟਾ ਨਾਗਪੁਰ ਸਨਅਤੀ ਇਲਾਕਾ 6.ਵਿਸ਼ਾਖਾਪਟਨਮ-ਗੰਟੂਰ ਸਨਅਤੀ ਇਲਾਕਾ

7.ਗੁੜਗਾਓਂ- ਦਿੱਲੀ- ਮੇਰਠ ਸਨਅਤੀ ਇਲਾਕਾ 8. ਕੋਲੱਮ-ਤਿਰੂਵੰਤਪੁਰਮ ਸਨਅਤੀ ਇਲਾਕਾ

**21. ਫੂਡ ਪ੍ਰੋਸੈਸਿੰਗ ਦੀ ਲੋੜ ਕਿਉਂ ਹੈ?**

ਉੱਤਰ:- ਫੂਡ ਪ੍ਰੋਸੈਸਿੰਗ ਦੀ ਲੋੜ ਦੇ ਹੇਠ ਲਿਖੇ ਕਾਰਨ ਹਨ:-

1.ਭੋਜਨ ਨੂੰ ਦੇਰੀ ਨਾਲ ਵਰਤੋਂ ਹਿੱਤ ਸੰਭਾਲ ਕੇ ਰੱਖਣਾ। 2. ਮਨੁੱਖੀ ਵਰਤੋਂ ਲਈ ਅਯੋਗ ਪਦਾਰਥਾਂ ਨੂੰ ਸਾਫ਼ ਕਰਨ ਲਈ।

3.ਨੁਕਸਾਨਦਾਇਕ ਹਿੱਸਿਆਂ ਨੂੰ ਖਤਮ ਕਰਨ ਲਈ। 4. ਉਪਭੋਗੀ ਦੀ ਇੱਛਾ ਅਨੁਸਾਰ ਰੂਪਾਂਤਰ ਕਰਨ ਲਈ।

5. ਭੋਜਨ ਦੇ ਵੱਖ-ਵੱਖ ਰੂਪਾਂ ਵਿੱਚ ਵੰਡ ਕਰਨ ਲਈ।

**22. ਰੇਲ ਆਵਾਜਾਈ ਕਿੱਥੇ ਤੇ ਕਿਉਂ ਸਭ ਤੋਂ ਸੌਖਾ ਆਵਾਜਾਈ ਦਾ ਸਾਧਨ ਹੈ?**

ਉੱਤਰ:- ਰੇਲਾਂ, ਮਾਲ-ਅਸਬਾਬ ਤੇ ਯਾਤਰੀਆਂ ਨੂੰ ਢੋਣ ਵਾਸਤੇ ਦੇਸ਼ ਵਿਚ ਆਵਾਜਾਈ ਦਾ ਪ੍ਰਮੁੱਖ ਸਾਧਨ ਹੈ। ਰੇਲਾਂ ਕਈ ਕਿਸਮ ਦੇ ਹੋਰ ਕਾਰੋਬਾਰ ਦਾ ਆਧਾਰ ਵੀ ਬਣਦੀਆਂ ਹਨ ਜਿਵੇਂ ਕਿ ਸੈਰ-ਸਪਾਟਾ, ਧਾਰਮਿਕ ਯਾਤਰਾਵਾਂ ਅਤੇ ਸਾਜ਼ੋ-ਸਮਾਨ ਲੰਮੀਆ ਦੂਰੀਆਂ ਤੱਕ ਲੈ ਜਾਣਾ, ਰੇਲ ਆਵਾਜਾਈ ਦੇ ਨਾਲ ਹੀ ਸੰਭਵ ਹੋਇਆ ਹੈ। ਇਸ ਤੋਂ ਇਲਾਵਾ ਰੇਲਾਂ ਦੇਸ਼ ਨੂੰ ਆਪਸ ਵਿੱਚ ਜੋੜ ਕੇ ਰੱਖਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਨ੍ਹਾਂ ਨੇ ਦੇਸ਼ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦਿੱਤਾ ਹੈ।

**23.ਸਰਹੱਦੀ ਸੜਕਾਂ ਦਾ ਕੀ ਮਹੱਤਵ ਹੈ?**

ਉੱਤਰ:- ਭਾਰਤ ਸਰਕਾਰ ਦਾ ਅਦਾਰਾ ਬਾਰਡਰ ਰੋਡਜ਼ ਆਰਗੇਨਾਈਜੇਸ਼ਨ ਦੇਸ਼ ਦੇ ਸਰਹੱਦੀ ਇਲਾਕਿਆਂ ਵਿੱਚ ਸੜਕਾਂ 'ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਦਾ ਹੈ। ਇਹ ਸੰਗਠਨ 1960 ਵਿੱਚ ਸਥਾਪਿਤ ਕੀਤਾ ਗਿਆ ਸੀ। ਇਨ੍ਹਾਂ ਸੜਕਾਂ ਨੇ ਔਖੇ ਮੰਨੇ ਜਾਂਦੇ ਰਾਹਾਂ ਤੱਕ ਪਹੁੰਚ ਬਣਾ ਦਿੱਤੀ ਹੈ ਅਤੇ ਇਲਾਕੇ ਦੇ ਆਰਥਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਪੱਕੀਆਂ ਸੜਕਾਂ ਹਰ ਮੌਸਮ ਅਤੇ ਹਾਲਾਤਾਂ ਵਿਚ ਸਹਾਈ ਹੁੰਦੀਆਂ ਹਨ।

**24.ਆਵਾਜਾਈ ਅਤੇ ਸੰਚਾਰ ਨੈੱਟਵਰਕ ਦੀ ਕੀ ਲੋੜ ਹੈ?**

ਉੱਤਰ:- ਤਕਨਾਲੋਜੀ ਦੇ ਵਿਕਾਸ ਨੇ ਆਵਾਜਾਈ ਅਤੇ ਸੰਚਾਰ ਨੈੱਟਵਰਕ ਦਾ ਪ੍ਰਭਾਵ ਦੂਰ-ਦੂਰ ਤੱਕ ਵਧਾ ਦਿੱਤਾ ਹੈ। ਅਜੋਕਾ ਸੰਸਾਰ ਤਾਂ ਇਕ ਗਲੋਬਲ ਪਿੰਡ ਬਣ ਗਿਆ ਹੈ। ਆਵਾਜਾਈ ਅਤੇ ਸੰਚਾਰ ਦੇ ਸਾਧਨਾਂ: ਸੜਕਾਂ, ਰੇਲਵੇ, ਹਵਾਈ ਰਸਤੇ, ਅਖਬਾਰਾਂ, ਰੇਡੀਓ, ਟੈਲੀਵਿਜ਼ਨ ਸਿਨੇਮਾ, ਇੰਟਰਨੈਟ ਆਦਿ ਨੇ ਦੇਸ਼ ਦੀ ਸਮਾਜਿਕ ਅਤੇ ਆਰਥਿਕ ਤਰੱਕੀ ਵਿੱਚ ਯੋਗਦਾਨ ਪਾਇਆ ਹੈ ਅਤੇ ਹਮੇਸ਼ਾਂ ਪਾਉਂਦੇ ਰਹਿਣਗੇ। ਸਥਾਨਕ ਪੱਧਰ ਤੋਂ ਕੌਮਾਂਤਰੀ ਪੱਧਰ ਤੱਕ ਕੀਤੇ ਜਾਂਦੇ ਵਪਾਰ ਨੇ ਦੇਸ਼ ਦੀ ਆਰਥਿਕਤਾ ਦਾ ਮਹੱਤਵ ਵਧਾਇਆ ਹੈ। ਸਾਡੀਆਂ ਮਨੁੱਖੀ ਜ਼ਿੰਦਗੀਆਂ ਨੂੰ ਆਵਾਜਾਈ ਅਤੇ ਸੰਚਾਰ ਨੈੱਟਵਰਕ ਦੀਆਂ ਸਹੂਲਤਾਂ ਕਾਰਨ ਅਮੀਰੀ ਪ੍ਰਾਪਤ ਹੋਈ ਹੈ।

**25. ਸੁਨਹਿਰੀ ਚਤਰਭੁੱਜ ਉੱਪਰ ਇੱਕ ਨੋਟ ਲਿਖੋ?**

ਉੱਤਰ:- ਸਰਕਾਰ ਨੇ ਦਿੱਲੀ-ਕਲੱਕਤਾ- ਚੇਨੱਈ- ਮੁੰਬਈ-ਦਿੱਲੀ ਸੁਪਰ ਹਾਈਵੇਅ ਨੂੰ ਛੇ ਮਾਰਗੀ ਬਣਾਉਣ ਦਾ ਪ੍ਰੋਜੈਕਟ ਆਰੰਭਿਆ ਹੈ। ਉੱਤਰ-ਦੱਖਣ ਗਲਿਆਰਾ, ਸ੍ਰੀਨਗਰ(ਜੰਮੂ ਤੇ ਕਸ਼ਮੀਰ)ਤੋਂ ਕੰਨਿਆ ਕੁਮਾਰੀ(ਤਾਮਿਲਨਾਡੂ) ਤੱਕ, ਪੂਰਬ-ਪੱਛਮ ਗਲਿਆਰਾ ਸਿਲਚਰ (ਆਸਾਮ) ਤੋਂ ਪੋਰਬੰਦਰ (ਗੁਜਰਾਤ) ਤੱਕ, ਇਸ ਸੁਨਹਿਰੀ ਚਤਰਭੁੱਜ ਪ੍ਰੋਜੈਕਟ ਦਾ ਹਿੱਸਾ ਹਨ। ਇਸ ਉਪਰ ਹਾਈਵੇਅਜ਼ ਪ੍ਰੋਜੈਕਟ ਦਾ ਮਨੋਰਥ ਦੇਸ਼ ਦੇ ਮਹਾਂਨਗਰਾਂ ਵਿਚਲੇ ਸਮਾਂ 'ਤੇ ਫਾਸਲਾ ਘਟਾਉਣਾ ਹੈ। ਇਹ ਹਾਈਵੇਅਜ਼ ਪ੍ਰੋਜੈਕਟ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਵੱਲੋਂ ਲਾਗੂ ਕੀਤੇ ਜਾ ਰਹੇ ਹਨ।

**26. ਜਲ ਆਵਾਜਾਈ ਦੇ ਕੋਈ ਚਾਰ ਲਾਭ ਦੱਸੋ?**

ਉੱਤਰ:-1. ਜਲ ਮਾਰਗਾਂ ਦੇ ਨਿਰਮਾਣ ਤੇ ਸਾਂਭ-ਸੰਭਾਲ ਦਾ ਖਰਚਾ ਲਗਭਗ ਨਾਂਹ ਦੇ ਬਰਾਬਰ ਹੁੰਦਾ ਹੈ।

2. ਰੇਲ ਤੇ ਸੜਕੀ ਆਵਾਜਾਈ ਸਾਧਨਾਂ ਦੇ ਮੁਕਾਬਲੇ ਜਲ ਆਵਾਜਾਈ ਸਾਧਨ ਬਹੁਤ ਸਸਤੇ ਪੈਂਦੇ ਹਨ।

3. ਜਲ ਆਵਾਜਾਈ ਰਾਹੀਂ ਭਾਰੀਆਂ ਵਸਤੂਆਂ ਦੀ ਢੋਆ-ਢੁਆਈ ਕਾਫੀ ਸੌਖੀ ਤੇ ਹੋਰ ਸਾਧਨਾਂ ਦੇ ਮੁਕਾਬਲੇ ਵਧੇਰੇ ਲਾਹੇਵੰਦ ਰਹਿੰਦੀ ਹੈ।

4. ਵਿਦੇਸ਼ੀ ਵਪਾਰ ਵੀ ਜ਼ਿਆਦਾਤਰ ਸਮੁੰਦਰੀ ਜ਼ਹਾਜ਼ਰਾਨੀ ਤੇ ਨਿਰਭਰ ਕਰਦਾ ਹੈ।

**27.ਵਿਅਸ਼ਟੀ ਅਤੇ ਸਮੱਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਸਪਸ਼ਟ ਕਰੋ?**

ਉੱਤਰ:- ਵਿਅਸ਼ਟੀ ਅਰਥਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ MICRO ECONOMICS ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ MICRO, ਯੂਨਾਨੀ ਭਾਸ਼ਾ ਦੇ ਸ਼ਬਦ MIKROS ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ ਛੋਟਾ। ਵਿਅਸ਼ਟੀ ਅਰਥਸ਼ਾਸਤਰ, ਆਰਥਿਕ ਕਿਰਿਆਵਾਂ ਦਾ ਅਧਿਐਨ ਛੋਟੇ ਪੱਧਰ ਭਾਵ ਇੱਕ ਵਿਅਕਤੀ, ਇੱਕ ਪਰਿਵਾਰ, ਇੱਕ ਫ਼ਰਮ, ਆਦਿ ਤੇ ਕਰਦਾ ਹੈ।

ਸ਼ਮੱਸ਼ਟੀ ਅਰਥਸ਼ਾਸਤਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ MACRO ECONOMICS ਕਿਹਾ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦਾ ਸ਼ਬਦ MACRO, ਯੂਨਾਨੀ ਭਾਸ਼ਾ ਦੇ ਸ਼ਬਦ MAKROS ਤੋਂ ਲਿਆ ਗਿਆ ਹੈ, ਜਿਸ ਤੋਂ ਭਾਵ ਹੈ ਵੱਡਾ। ਸਮੱਸ਼ਟੀ ਅਰਥਸ਼ਾਸਤਰ, ਆਰਥਿਕ ਕਿਰਿਆਵਾਂ ਦਾ ਅਧਿਐਨ ਵੱਡੇ ਪੱਧਰ ਭਾਵ ਪੂਰੀ ਦੀ ਪੂਰੀ ਅਰਥਵਿਵਸਥਾ ਦੇ ਪੱਧਰ ਤੇ ਕਰਦਾ ਹੈ।

**28. ਸਰਕਾਰੀ ਬਜਟ ਤੋਂ ਕੀ ਭਾਵ ਹੈ? ਸਰਕਾਰ ਦੀ ਆਮਦਨ ਅਤੇ ਖਰਚ ਦੀਆਂ ਮੱਦਾਂ ਦਾ ਵਰਣਨ ਕਰੋ?**

ਉੱਤਰ:- ਸਰਕਾਰੀ ਬਜਟ ਇੱਕ ਵਿੱਤੀ ਖਾਤਾ ਹੈ, ਜਿਸ ਵਿੱਚ ਸਰਕਾਰ ਦੀਆਂ ਮਦਾਂ ਮੁਤਾਬਕ ਅਗਲੇ ਵਿੱਤੀ ਸਾਲ ਲਈ ਅਨੁਮਾਨਿਤ ਆਮਦਨ ਅਤੇ ਅਨੁਮਾਨਿਤ ਖਰਚ ਦਾ ਵਰਨਣ ਹੁੰਦਾ ਹੈ।

ਸਰਕਾਰੀ ਆਮਦਨ ਦੀਆਂ ਵੱਖ-ਵੱਖ ਮਦਾਂ:- ਸਰਕਾਰ ਦੀਆਂ ਮੁੱਖ ਮਦਾਂ ਵਿਚ ਵਸਤੂ ਅਤੇ ਸੇਵਾ ਕਰ, ਆਮਦਨ ਕਰ, ਅਬਕਾਰੀ ਕਰ ਆਦਿ ਹਨ । ਸਰਕਾਰ ਦੇ ਗੈਰ ਕਰ ਸਾਧਨਾਂ ਵਿਚ ਮੁੱਖ ਤੌਰ ਤੇ ਸਰਕਾਰ ਨੂੰ ਪ੍ਰਾਪਤ ਹੋਣ ਵਾਲੀਆਂ ਵੱਖ ਵੱਖ ਤਰ੍ਹਾਂ ਦੀਆਂ ਫੀਸਾਂ, ਜੁਰਮਾਨੇ, ਦਾਨ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਸਰਕਾਰੀ ਖ਼ਰਚ ਦੀਆਂ ਵੱਖ-ਵੱਖ ਮਦਾਂ ਦਾ :- ਸਰਕਾਰੀ ਖ਼ਰਚ ਦੀਆਂ ਮੱਦਾਂ ਵਿੱਚ ਦੇਸ਼ ਦੀ ਸੁਰੱਖਿਆ, ਪੁਲਿਸ, ਸਕੂਲ, ਹਸਪਤਾਲ, ਸੜਕ, ਬਿਜਲੀ ਪ੍ਰਸ਼ਾਸ਼ਨ, ਵੱਖ-ਵੱਖ ਖੇਤਰਾਂ ਜਿਵੇਂ ਕਿ ਖੇਤੀਬਾੜੀ, ਉਦਯੋਗ, ਸੇਵਾ ਖੇਤਰ ਦੇ ਵਿਕਾਸ ਅਤੇ ਸਮਾਜਿਕ ਕਲਿਆਣ ਨੂੰ ਸ਼ਾਮਲ ਕੀਤਾ ਜਾਂਦਾ ਹੈ।

**29.ਟਿਕਾਊ ਵਿਕਾਸ ਤੋਂ ਕੀ ਭਾਵ ਹੈ? ਇਹ ਕਿਉਂ ਜ਼ਰੂਰੀ ਹੈ ?**

ਉੱਤਰ:- ਟਿਕਾਊ ਵਿਕਾਸ ਤੋਂ ਭਾਵ ਇੱਕ ਅਜਿਹੀ ਪ੍ਰਕਿਰਿਆ ਤੋਂ ਹੈ, ਜੋ ਵਾਤਾਵਰਣ ਦੀ ਸੁਰੱਖਿਆ ਦੇ ਨਾਲ-ਨਾਲ ਵਰਤਮਾਨ ਅਤੇ ਭਵਿੱਖ ਦੀਆਂ ਦੋਹਾਂ ਪੀੜ੍ਹੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੀ ਹੈ।

ਟਿਕਾਊ ਵਿਕਾਸ ਦੀ ਲੋੜ:- ਵਰਤਮਾਨ ਸਮਾਜ ਟਿਕਾਊ ਵਿਕਾਸ ਦੀ ਬਹੁਤ ਜ਼ਿਆਦਾ ਲੋੜ ਮਹਿਸੂਸ ਕਰ ਰਿਹਾ ਹੈ। ਇਸ ਲਈ ਹੇਠ ਲਿਖੇ ਕਾਰਨ ਜ਼ਿੰਮੇਵਾਰ ਹਨ:-

1. ਵਾਤਾਵਰਣੀ ਗਿਰਾਵਟ ਨੂੰ ਰੋਕਣਾ।
2. ਜੈਵਿਕ -ਵਿਭਿੰਨਤਾ ਨੂੰ ਬਣਾ ਕੇ ਰੱਖਣਾ ਭਾਵ ਦੁਨੀਆਂ ਵਿਚ ਵੱਖ-ਵੱਖ ਜੀਵਾਂ ਦੀ ਹੋਂਦ ਨੂੰ ਕਾਇਮ ਰੱਖਣਾ।
3. ਵਰਤਮਾਨ ਅਤੇ ਭਵਿੱਖ ਦੀ ਪੀੜ੍ਹੀ ਦੀ ਜੀਵਨ ਗੁਣਵੱਤਾ ਨੂੰ ਬਣਾ ਕੇ ਰੱਖਣਾ।
4. ਵਾਤਾਵਰਣੀ ਬਦਲਾਵ ਦੇ ਵਰਤਮਾਨ ਅਤੇ ਭਵਿੱਖ ਦੀ ਪੀੜ੍ਹੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਬਚਾਉਣਾ।
5. ਸਾਧਨਾਂ ਦੀ ਅਸਮਾਨ ਵੰਡ ਦੀ ਸਮੱਸਿਆ ਦਾ ਹੱਲ ਕਰਨਾ।

**30. ਲੋਕਾਂ ਦੇ ਜੀਵਨ ਪੱਧਰ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ?**

ਉੱਤਰ:- ਅਸਲ ਵਿੱਚ ਆਰਥਿਕ ਵਿਕਾਸ ਦਾ ਮੁੱਖ ਉਦੇਸ਼ ਲੋਕਾਂ ਦੇ ਜੀਵਨ ਪੱਧਰ ਵਿੱਚ ਵਾਧਾ ਕਰਨਾ ਹੁੰਦਾ ਹੈ। ਇਸ ਲਈ ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਮਾਪਕ ਨੂੰ ਵੀ ਵਰਤਿਆ ਜਾ ਸਕਦਾ ਹੈ।ਇਸ ਦੇ ਆਧਾਰ 'ਤੇ ਜੇਕਰ ਕਿਸੇ ਦੇਸ਼ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੈ ਤਾਂ ਉਹ ਜੀਵਨ ਦੀਆਂ ਬਹੁਤ ਸਾਰੀਆਂ ਸੁਵਿਧਾਵਾਂ ਦਾ ਅਨੰਦ ਪ੍ਰਾਪਤ ਕਰ ਰਹੇ ਹਨ, ਤਾਂ ਉਸ ਦੇਸ਼ ਨੂੰ ਵਿਕਸਿਤ ਦੇਸ਼ ਕਿਹਾ ਜਾਵੇਗਾ। ਇਹ ਪੂਰਨ ਸੱਚ ਹੈ ਕਿ ਅਲਪਵਿਕਸਿਤ ਦੇਸ਼ਾਂ ਵਿਚ ਲੋਕਾਂ ਦਾ ਜੀਵਨ ਪੱਧਰ ਕਾਫੀ ਨੀਵਾਂ ਹੁੰਦਾ ਹੈ ਅਤੇ ਉਹਨਾਂ ਕੋਲ ਜੀਵਨ ਦੀਆਂ ਬਹੁਤ ਘੱਟ ਸੁਵਿਧਾਵਾਂ ਮੌਜੂਦ ਹੁੰਦੀਆਂ ਹਨ, ਜਿਸ ਕਰਕੇ ਹੀ ਉਹਨਾਂ ਦੇਸ਼ਾਂ ਨੂੰ ਅਲਪਵਿਕਸਿਤ ਦੇਸ਼ ਕਿਹਾ ਜਾਂਦਾ ਹੈ। ਇਸ ਲਈ ਇਸ ਮਾਪਕ ਦੇ ਆਧਾਰ 'ਤੇ ਵੀ ਕਿਸੇ ਦੇਸ਼ ਦੇ ਆਰਥਿਕ ਵਿਕਾਸ ਦੇ ਪੱਧਰ ਦਾ ਪਤਾ ਲਗਾਇਆ ਜਾਂਦਾ ਹੈ।

**31. ਵਸਤੂ ਵਟਾਂਦਰਾ ਪ੍ਰਣਾਲੀ ਦੀਆ ਕਮੀਆਂ ਦਾ ਵਰਣਨ ਕਰੋ?**

ਉੱਤਰ:- ਜਦੋਂ ਲੋਕਾਂ ਦੀਆਂ ਜ਼ਰੂਰਤਾਂ ਵੱਧ ਗਈਆਂ, ਤਾਂ ਉਹਨਾਂ ਲਈ ਆਪਣੀਆਂ ਵਸਤੂਆਂ ਦਾ ਦੂਜੇ ਲੋਕਾਂ ਦੀਆਂ ਵਸਤੂਆਂ ਨਾਲ ਅਦਾਨ-ਪ੍ਰਦਾਨ ਕਰਨਾ ਮੁਸ਼ਕਲ ਹੋ ਗਿਆ ਇਸ ਤਰ੍ਹਾਂ ਵਸਤੂ ਵਟਾਂਦਰਾ ਪ੍ਰਣਾਲੀ ਲੰਬੇ ਸਮੇਂ ਤੱਕ ਨਾ ਚਲ ਸਕੀ। ਵਸਤੂ ਵਟਾਂਦਰਾ ਪ੍ਰਣਾਲੀ ਦੀਆਂ ਮੁੱਖ ਕਮੀਆਂ ਹੇਠ ਲਿਖੇ ਅਨੁਸਾਰ ਹਨ:-

1. ਵਸਤੂ ਵਟਾਂਦਰਾ ਪ੍ਰਣਾਲੀ ਲੋੜਾਂ ਦੇ ਦੋਹਰੇ ਸੰਜੋਗ ਦੀ ਮੰਗ ਕਰਦੀ ਹੈ ਤੇ ਜਦੋਂ ਇਹ ਇਕ ਦੂਜੇ ਦੀ ਇੱਛਾ ਨੂੰ ਪੂਰੀ ਨਹੀਂ ਕਰਦੀ ਤਾਂ ਅਜਿਹੀ ਸਥਿਤੀ ਵਿਚ ਵਸਤੂ ਵਟਾਂਦਰਾ ਪ੍ਰਣਾਲੀ ਅਸਫ਼ਲ ਹੋ ਜਾਂਦੀ ਹੈ।

2. ਇਸ ਤੋ ਇਲਾਵਾ ਪਹਿਲੇ ਵਿਅਕਤੀ ਨੂੰ ਕਿਸੇ ਦੂਜੇ ਵਿਅਕਤੀ ਨੂੰ ਲੱਭਣ ਲਈ ਕਾਫੀ ਲੰਮਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਹੈ ਜੋ ਆਪਣੀ ਜ਼ਰੂਰਤ ਦੇ ਅਨੁਸਾਰ ਉਸ ਦੀ ਵਸਤੂ ਖਰੀਦਣ ਲਈ ਤਿਆਰ ਹੋਵੇ।

3. ਲੰਬੇ ਸਮੇਂ ਲਈ ਵਸਤੂਆਂ ਨੂੰ ਭੰਡਾਰ ਕਰਕੇ ਰੱਖਣਾ ਵੀ ਸੰਭਵ ਨਹੀਂ ਹੁੰਦਾ ਸੀ ਕਿਉਂਕਿ ਸਮੇਂ ਦੇ ਬੀਤਣ ਨਾਲ ਉਹ ਵਸਤੂਆਂ ਖਰਾਬ ਹੋ ਸਕਦੀਆਂ ਸਨ ।

4. ਵਸਤੂਆਂ ਦੀ ਢੋਆ-ਢੁਆਈ ਵਿੱਚ, ਖ਼ਰਚੇ ਦੇ ਸੰਬੰਧ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਸ਼ਾਮਲ ਹੁੰਦੀਆਂ ਸਨ। ਇਕ ਵਸਤੂ ਨੂੰ ਦੂਜੀ ਥਾਂ 'ਤੇ ਲੈ ਕੇ ਜਾਣ ਨਾਲ ਬਹੁਤ ਵੱਡੀ ਲਾਗਤ ਵੀ ਆਉਂਦੀ ਸੀ।

**32. ਮੁਦਰਾ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਮੁਦਰਾ ਉਹ ਹੈ ਜੋ ਲੈਣ-ਦੇਣ ਦੇ ਮਾਧਿਅਮ, ਮਾਪ ਦੀ ਇਕਾਈ ਅਤੇ ਮੁੱਲ ਦੇ ਭੰਡਾਰ ਦੀ ਸਾਂਝੀ ਇਕਾਈ ਵਜੋਂ ਕੰਮ ਕਰਦੀ ਹੈ। ਮੁਦਰਾ ਸ਼ਬਦ 'ਮੋਨੇਟਾ' ਸ਼ਬਦ ਤੋਂ ਲਿਆ ਗਿਆ ਹੈ ਜੋ ਕੇ ਰੋਮ ਦੀ ਦੇਵੀ 'ਜੂਨੋ' ਦਾ ਦੂਜਾ ਨਾਂ ਹੈ। ਪਹਿਲਾਂ ਵਸਤੂਆਂ ਨੂੰ ਮੁਦਰਾ ਦੇ ਰੂਪ ਵਿੱਚ ਲੈਣ-ਦੇਣ ਲਈ ਵਰਤਿਆ ਜਾਂਦਾ ਸੀ ਜਿਵੇਂ ਕਿ ਅਨਾਜ ਅਤੇ ਪਸ਼ੂ ਆਦਿ । ਉਸ ਤੋਂ ਬਾਅਦ ਸੋਨਾ, ਚਾਂਦੀ, ਤਾਂਬਾਂ ਅਤੇ ਪਿੱਤਲ ਆਦਿ ਨੂੰ ਵੀ ਮੁਦਰਾ ਦੇ ਰੂਪ ਵਿੱਚ ਵਰਤਿਆ ਜਾਂਦਾ ਰਿਹਾ ਸੀ। ਉਸ ਤੋਂ ਬਾਅਦ ਕਾਗਜ਼ੀ ਮੁਦਰਾ ਦੀ ਕਾਢ ਹੋਈ। ਕਰੰਸੀ ਮੁਦਰਾ ਦਾ ਆਧੁਨਿਕ ਰੂਪ ਹੈ, ਜਿਸ ਵਿੱਚ ਕਾਗਜ਼ੀ ਨੋਟ, ਡੈਬਿਟ ਅਤੇ ਕ੍ਰੈਡਿਟ (ਪਲਾਸਟਿਕ ਮੁਦਰਾ) ਸ਼ਾਮਲ ਹੁੰਦੇ ਹਨ । ਮੁਦਰਾ ਦਾ ਦੂਜਾ ਰੂਪ ਬੈਂਕਾਂ ਕੋਲ ਜਮ੍ਹਾਂ ਹੁੰਦਾ ਹੈ। ਅੱਜ ਇਲੈਕਟ੍ਰੋਨਿਕ ਮੁਦਰਾ ਦੇ ਰੂਪ ਵਿੱਚ ਵੀ ਡਿਜ਼ੀਟਲ ਲੈਣ-ਦੇਣ ਕੀਤਾ ਜਾਂਦਾ ਹੈ।

**33.ਮੁਦਰਾ ਦੇ ਮੁੱਖ ਕਾਰਜ ਕੀ ਹਨ?**

ਉੱਤਰ:- ਮੁਦਰਾ ਦਾ ਵਿਸ਼ਲੇਸ਼ਣ ਚਾਰ ਕਾਰਜਾਂ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ:-

1. ਵਟਾਂਦਰੇ ਦਾ ਮਾਧਿਅਮ:- ਵਟਾਂਦਰੇ ਦਾ ਅਰਥ ਖਰੀਦਣ ਅਤੇ ਵੇਚਣ ਨਾਲ ਸੰਬੰਧਿਤ ਗਤੀਵਿਧੀਆਂ ਤੋਂ ਹੈ। ਜਦੋਂ ਮੁਦਰਾ ਨੂੰ ਵਸਤੂਆਂ ਅਤੇ ਸੇਵਾਵਾਂ ਖਰੀਦਣ ਅਤੇ ਵੇਚਣ ਲਈ ਵਰਤਿਆ ਜਾਵੇ ਤਾਂ ਇਹ ਵਟਾਂਦਰੇ ਦੇ ਮਾਧਿਅਮ ਦੇ ਤੌਰ 'ਤੇ ਕੰਮ ਕਰਦੀ ਹੈ।

2. ਮੁੱਲ ਦਾ ਮਾਪ:- ਮੁੱਲ ਦਾ ਅਰਥ ਕੀਮਤ ਤੋਂ ਹੈ। ਮੁਦਰਾ ਦੀ ਵਰਤੋਂ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਦਾ ਮਾਪ ਕਰਨ ਲਈ ਕੀਤੀ ਜਾਂਦੀ ਹੈ।

3. ਮੁਲਤਵੀ ਭੁਗਤਾਨ ਦਾ ਮਾਨਕ:-ਮੁਲਤਵੀ ਭੁਗਤਾਨ ਦਾ ਅਰਥ ਹੈ ਭੁਗਤਾਨ ਭਵਿੱਖ ਵਿੱਚ ਕਰਨਾ। ਮੁਦਰਾ ਦੀ ਵਰਤੋਂ ਭਵਿੱਖ ਵਿੱਚ ਕੀਤੇ ਜਾਣ ਵਾਲੇ ਭੁਗਤਾਨ ਲਈ ਵੀ ਕੀਤੀ ਜਾਂਦੀ ਹੈ।

4. ਮੁੱਲ ਦਾ ਭੰਡਾਰ:- ਮੁਦਰਾ ਨੂੰ ਮੁੱਲ ਦੇ ਭੰਡਾਰ ਵਜੋਂ ਵੀ ਵਰਤਿਆ ਜਾ ਸਕਦਾ ਹੈ। ਵਸਤੂ ਵਟਾਂਦਰਾ ਪ੍ਰਣਾਲੀ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਮੁਕਾਬਲੇ ਮੁਦਰਾ ਦਾ ਭੰਡਾਰ ਕਰਨਾ ਸੌਖਾ ਹੈ।

**34. ਮੁਦਰਾ ਦੇ ਆਧੁਨਿਕ ਰੂਪ ਕਿਹੜੇ ਹਨ?**

ਉੱਤਰ:-ਮੁਦਰਾ ਨੂੰ ਆਮ ਤੌਰ 'ਤੇ ਲੈਣ -ਦੇਣ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਮੁਦਰਾ ਦੇ ਵੱਖ-ਵੱਖ ਰੂਪਾਂ ਦਾ ਵਰਨਣ ਇਸ ਪ੍ਰਕਾਰ ਹੈ:-

**1. ਕਰੰਸੀ**:- ਕਰੰਸੀ ਮੁਦਰਾ ਦਾ ਆਧੁਨਿਕ ਰੂਪ ਹੈ। ਜਿਸ ਵਿੱਚ ਕਾਗਜ਼ੀ ਨੋਟ ਅਤੇ ਸਿੱਕੇ ਸ਼ਾਮਲ ਹੁੰਦੇ ਹਨ। ਆਧੁਨਿਕ ਮੁਦਰਾ ਕਿਸੇ ਦੇਸ਼ ਦੀ ਸਰਕਾਰ ਦੁਆਰਾ ਅਧਿਕਾਰਤ ਕੀਤੀ ਜਾਂਦੀ ਹੈ ਅਤੇ ਇਸ ਲਈ, ਇਸ ਨੂੰ ਲੈਣ- ਦੇਣ ਦੇ ਮਾਧਿਅਮ ਵਜੋਂ ਸਵੀਕਾਰ ਕੀਤਾ ਜਾਂਦਾ ਹੈ।

**2. ਬੈਂਕਾਂ ਕੋਲ ਜਮ੍ਹਾਂ ਰਕਮ**:- ਮੁਦਰਾ ਦਾ ਦੂਸਰਾ ਰੂਪ ਬੈਂਕਾਂ ਕੋਲ ਜਮ੍ਹਾਂ ਰਕਮ ਹੈ। ਉਦਾਹਰਨ ਵਜੋਂ, ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਬਾਅਦ ਲੋਕਾਂ ਕੋਲ ਕੁਝ ਪੈਸੇ ਬਚ ਜਾਂਦੇ ਹਨ। ਲੋਕ ਆਪਣੇ ਨਾਮ ਤੇ ਬੈਂਕ ਖਾਤਾ ਖੋਲ੍ਹ ਕੇ ਇਸ ਪੈਸੇ ਨੂੰ

ਬੈਂਕ ਵਿਚ ਜਮ੍ਹਾਂ ਕਰਦੇ ਹਨ। ਜਦ ਉਨ੍ਹਾਂ ਨੂੰ ਜ਼ਰੂਰਤ ਹੁੰਦੀ ਹੈ, ਉਹ ਆਪਣਾ ਪੈਸਾ ਵਾਪਸ ਲੈ ਸਕਦੇ ਹਨ। ਇਸ ਲਈ, ਲੋਕਾਂ ਦਾ ਬੈਂਕਾਂ ਕੋਲ ਜੋ ਕੁਝ ਵੀ ਜਮ੍ਹਾਂ ਹੁੰਦਾ ਹੈ, ਨੂੰ ਵੀ ਮੁਦਰਾ ਦਾ ਰੂਪ ਮੰਨਿਆ ਜਾਂਦਾ ਹੈ। ਇਸ ਤਰੀਕੇ ਨਾਲ ਲੋਕਾਂ ਦਾ ਪੈਸਾ ਬੈਂਕਾਂ ਕੋਲ ਸੁਰੱਖਿਅਤ ਰਹਿੰਦਾ ਹੈ ਅਤੇ ਉਹ ਕੁਝ ਵਿਆਜ ਦਰ ਵੀ ਕਮਾਉਂਦੇ ਹਨ। ਬੈਂਕਾਂ ਕੋਲ ਜਮ੍ਹਾਂ ਦੋ ਕਿਸਮਾਂ ਦੇ ਹੁੰਦੇ ਹਨ, ਜੋ ਇਸ ਤਰ੍ਹਾਂ ਹਨ :-

ਮੰਗ ਜਮ੍ਹਾਂ: ਇਹ ਬੈਕਾਂ ਵਿੱਚ ਜਮ੍ਹਾਂ ਉਹ ਰਾਸ਼ੀ ਹੁੰਦੀ ਹੈ,ਜਿਸ ਨੂੰ ਗ੍ਰਾਹਕ ਕਿਸੇ ਵੀ ਸਮੇਂ ਆਪਣੇ ਖਾਤੇ ਵਿੱਚੋਂ ਕੱਢਵਾ ਸਕਦਾ ਹੈ।

ਸਮਾਂ ਜਮ੍ਹਾਂ:- ਇਹ ਬੈਕਾਂ ਵਿੱਚ ਜਮ੍ਹਾਂ ਉਹ ਰਾਸ਼ੀ ਹੁੰਦੀ ਹੈ,ਜਿਸ ਵਿੱਚ ਇੱਕ ਨਿਸ਼ਚਿਤ ਸਮੇਂ ਲਈ ਬੈਂਕ ਵਿੱਚ ਰੱਖਿਆ ਜਾਂਦਾ ਹੈ।

**35.ਉਧਾਰ ਦੇ ਵੱਖੋ-ਵੱਖਰੇ ਸਰੋਤਾਂ ਦੀ ਵਿਆਖਿਆ ਕਰੋ?**

ਉੱਤਰ:- ਉਧਾਰ ਕਈ ਵਾਰ ਲੋਕ ਨੂੰ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੈਣਾ ਹੀ ਪੈਂਦਾ ਹੈ। ਇਸਦੇ ਲਈ ਉਨ੍ਹਾਂ ਨੂੰ ਅਜਿਹੇ ਸ੍ਰੋਤਾਂ ਦੀ ਜ਼ਰੂਰਤ ਹੁੰਦੀ ਹੈ ਜੋ ਉਹਨਾਂ ਨੂੰ ਉਧਾਰ ਦੇ ਸਕਣ। ਉਧਾਰ ਦੇ ਸਰੋਤ ਦੋ ਕਿਸਮ ਦੇ ਹੁੰਦੇ ਹਨ:-

1. ਗੈਰ-ਰਸਮੀ ਸਰੋਤ :-ਗੈਰ-ਰਸਮੀ ਸਰੋਤ ਦਾ ਅਰਥ ਉਹ ਸਰੋਤ ਹਨ ਜੋ ਲੋਕਾਂ ਨੂੰ ਕਰਜ਼ਾ ਪ੍ਰਦਾਨ ਕਰਦੇ ਸਮੇਂ ਕਿਸੇ ਵੀ ਨਿਯਮ ਜਾਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਜਿਵੇਂ ਕਿ ਕਰਜ਼ੇ ਦੀ ਰਕਮ, ਕਰਜ਼ੇ ਦੀ ਮਿਆਦ, ਵਿਆਜ਼ ਦੀ ਦਰ ਆਦਿ। ਇਹਨਾਂ ਵਿੱਚ ਇਹ ਸਾਰੇ ਫੈਸਲੇ ਉਹਨਾਂ ਦੁਆਰਾ ਆਪਣੀ ਮਰਜ਼ੀ ਨਾਲ ਲਏ ਜਾਂਦੇ ਹਨ। ਇਸ ਵਿਚ ਸ਼ਾਹੂਕਾਰ, ਵਪਾਰੀ, ਮਾਲਕ, ਰਿਸ਼ਤੇਦਾਰ ਅਤੇ ਦੋਸਤ ਸ਼ਾਮਲ ਹੁੰਦੇ ਹਨ ।
2. ਰਸਮੀ ਸਰੋਤ:- ਰਸਮੀ ਸਰੋਤ, ਉਹ ਸਰੋਤ ਹਨ ਜਿਨ੍ਹਾਂ ਵਿੱਚ ਦਿੱਤੇ ਗਏ ਕਰਜ਼ਿਆਂ ਦੀ ਮਾਤਰਾ, ਕਰਜ਼ੇ ਦੀ ਮਿਆਦ, ਵਿਆਜ ਦੀ ਦਰ ਆਦਿ ਬਾਰੇ ਕੁਝ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਉਹ ਇਨ੍ਹਾਂ ਨਿਯਮਾਂ ਅਤੇ ਕਾਨੂੰਨਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ । ਇਸ ਵਿੱਚ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।
3. ਸਹਿਕਾਰਤਾਵਾਂ ਤੋਂ ਕਰਜ਼ੇ:- ਸਹਿਕਾਰਤਾ , ਬੈਕਾਂ ਤੋਂ ਇਲਾਵਾ ਪੇਂਡੂ ਖੇਤਰਾਂ ਵਿੱਚ ਸਸਤਾ ਉਧਾਰ ਪ੍ਰਦਾਨ ਕਰਵਾਉਣ ਦਾ ਇੱਕ ਪ੍ਰਮੁੱਖ ਸਰੋਤ ਹੈ।
4. ਗਰੀਬਾਂ ਲਈ ਸਵੈ-ਸਹਾਇਤਾ ਸਮੂਹ:- ।ਇਹਨਾਂ ਸਮੂਹਾਂ ਦੇ ਮੈਂਬਰ ਇੱਕ ਦੂਜੇ ਨੂੰ ਉਨ੍ਹਾਂ ਦੀਆਂ ਉਧਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇੱਕ ਸਵੈ- ਸਹਾਇਤਾ ਸਮੂਹ ਦੇ 15-20 ਮੈਂਬਰ ਹੁੰਦੇ ਹਨ, ਜੋ ਕਿ ਆਮ ਤੌਰ ਤੇ ਇੱਕ ਗੁਆਂਢ ਨਾਲ ਸੰਬੰਧਿਤ ਹੁੰਦੇ ਹਨ, ਜੋ ਨਿਯਮਿਤ ਤੌਰ 'ਤੇ ਮਿਲਦੇ ਹਨ ਅਤੇ ਬੱਚਤ ਕਰਦੇ ਹਨ। ਮੈਂਬਰ ਆਪਣੀਆਂ ਨਿਯਮਿਤ ਲੋੜਾਂ ਪੂਰੀਆਂ ਕਰਨ ਲਈ ਛੋਟੇ ਕਰਜ਼ੇ ਲੈ ਸਕਦੇ ਹਨ।

**36.ਸਵੈ -ਸਹਾਇਤਾ ਸਮੂਹਾਂ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ:- ਅਜੋਕੇ ਸਾਲਾਂ ਵਿਚ, ਲੋਕ ਕਰਜ਼ੇ ਦੀ ਸਹੂਲਤ ਪ੍ਰਾਪਤ ਕਰਨ ਦੇ ਕੁਝ ਨਵੇਂ ਤਰੀਕਿਆਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਕ ਅਜਿਹਾ ਤਰੀਕਾ ਹੈ, ਸਵੈ ਸਹਾਇਤਾ ਸਮੂਹ ।ਇਹਨਾਂ ਸਮੂਹਾਂ ਦੇ ਮੈਂਬਰ ਇੱਕ ਦੂਜੇ ਨੂੰ ਉਨ੍ਹਾਂ ਦੀਆਂ ਉਧਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇੱਕ ਸਵੈ- ਸਹਾਇਤਾ ਸਮੂਹ ਦੇ 15-20 ਮੈਂਬਰ ਹੁੰਦੇ ਹਨ, ਜੋ ਕਿ ਆਮ ਤੌਰ ਤੇ ਇੱਕ ਗੁਆਂਢ ਨਾਲ ਸੰਬੰਧਿਤ ਹੁੰਦੇ ਹਨ, ਜੋ ਨਿਯਮਿਤ ਤੌਰ 'ਤੇ ਮਿਲਦੇ ਹਨ ਅਤੇ ਬੱਚਤ ਕਰਦੇ ਹਨ। ਮੈਂਬਰ ਆਪਣੀਆਂ ਨਿਯਮਿਤ ਲੋੜਾਂ ਪੂਰੀਆਂ ਕਰਨ ਲਈ ਛੋਟੇ ਕਰਜ਼ੇ ਲੈ ਸਕਦੇ ਹਨ।ਸਮੂਹ ਇਹਨਾਂ ਕਰਜ਼ਿਆਂ 'ਤੇ ਵਿਆਜ ਵੀ ਲੈਂਦਾ ਹੈ, ਪਰ ਇਹ ਵਿਆਜ ਦਰ ਉਸ ਵਿਆਜ ਤੋਂ ਘੱਟ ਹੁੰਦੀ ਹੈ, ਜੋ ਸਾਹੂਕਾਰ ਉਨ੍ਹਾਂ ਤੋਂ ਲੈਂਦੇ ਹਨ।

**37. ਉਧਾਰ ਗਾਹਕ ਲਈ ਕਿਵੇਂ ਲਾਭਦਾਇਕ ਸਿੱਧ ਹੋ ਸਕਦਾ ਹੈ?**

ਉੱਤਰ:- ਉਧਾਰ ਪ੍ਰਣਾਲੀ, ਗਾਹਕ ਲਈ ਬਹੁਤ ਲਾਭਦਾਇਕ ਸਿੱਧ ਹੋ ਸਕਦੀ ਹੈ। ਉਨ੍ਹਾਂ ਵਿੱਚੋਂ ਕੁਝ ਕਾਰਨ ਹੇਠ ਲਿਖੇ ਅਨੁਸਾਰ ਹਨ:-

1. ਉਧਾਰ ਉੱਦਮੀਆਂ ਨੂੰ ਆਪਣੀ ਕਮਾਈ ਵਧਾਉਣ ਵਿਚ ਮਦਦ ਕਰਦਾ ਹੈ। ਉਨ੍ਹਾਂ ਨੂੰ ਪਹਿਲਾਂ ਨਾਲੋ ਬਿਹਤਰ ਬਣਾਉਂਦਾ ਹੈ, ਕਿਉਂਕਿ ਉਧਾਰ ਦੀ ਮਦਦ ਨਾਲ ਉਹ ਨਵੀਆਂ ਕਾਰੋਬਾਰੀ ਇਕਾਈਆਂ ਦੀ ਸ਼ੁਰੂਆਤ ਕਰ ਸਕਦੇ ਹਨ ਅਤੇ ਚੰਗੀ ਆਮਦਨ ਪ੍ਰਾਪਤ ਕਰ ਸਕਦੇ ਹਨ।
2. ਉਧਾਰ ਲੈਣਾ ਵਪਾਰੀਆਂ, ਕਾਰੋਬਾਰੀਆਂ, ਉੱਦਮੀਆਂ, ਵਿਦਿਆਰਥੀਆਂ ਅਤੇ ਸਮਾਜ ਦੇ ਲਈ ਕਈ ਤਰ੍ਹਾਂ ਦੇ ਲੋਕਾਂ ਲਈ ਲਾਭਦਾਇਕ ਹੋ ਸਕਦਾ ਹੈ, ਜੇਕਰ ਉਧਾਰ ਨੂੰ ਉਤਪਾਦਕੀ ਕੰਮਾਂ ਲਈ ਵਰਤਿਆ ਜਾਵੇ।

3. ਉਧਾਰ ਮਕਾਨ ਬਣਾਉਣ, ਕਾਰਾਂ ਖਰੀਦਣ, ਪੇਸ਼ੇਵਰ ਸਿੱਖਿਆ ਆਦਿ ਲਈ ਬੈਂਕਾਂ ਤੋਂ ਉਚਿਤ ਵਿਆਜ ਦਰਾਂ ਅਤੇ ਸ਼ਰਤਾਂ 'ਤੇ ਉਪਲੱਬਧ ਹੈ।
4. ਉਧਾਰ ਸਮਾਜ ਵਿੱਚ ਮੰਗ ਵਧਾਉਣ ਲਈ ਵੀ ਫਾਇਦੇਮੰਦ ਹੈ ਕਿਉਂਕਿ ਲੋਕ ਉਧਾਰ ਦੀ ਮਦਦ ਨਾਲ ਬਾਜ਼ਾਰ ਤੋਂ ਵੱਖ-ਵੱਖ ਵਸਤੂਆਂ ਖਰੀਦ ਸਕਦੇ ਹਨ।
5. ਵਿਦਿਆਰਥੀ ਬੈਂਕ ਤੋਂ ਸਿੱਖਿਆ ਕਰਜ਼ਾ ਵੀ ਲੈ ਸਕਦੇ ਹਨ ਅਤੇ ਆਪਣਾ ਕੈਰੀਅਰ ਬਣਾ ਸਕਦੇ ਹਨ।

**38. ਈ- ਬੈਂਕਿੰਗ ਕੀ ਹੈ?**

ਉੱਤਰ:-ਈ- ਬੈਂਕਿੰਗ ਇੱਕ ਇਲੈਕਟ੍ਰੋਨਿਕ ਭੁਗਤਾਨ ਪ੍ਰਣਾਲੀ ਹੈ ਜੋ ਇਕ ਬੈਂਕ ਜਾਂ ਹੋਰ ਵਿੱਤੀ ਸੰਸਥਾਵਾਂ ਦੇ ਗਾਹਕ ਨੂੰ ਵਿੱਤੀ ਸੰਸਥਾ ਦੀ ਵੈੱਬਸਾਈਟ ਦੁਆਰਾ ਵਿੱਤੀ ਲੈਣ-ਦੇਣ ਕਰਨ ਦੇ ਯੋਗ ਬਣਾਉਂਦੀ ਹੈ। ਈ- ਬੈਂਕਿੰਗ ਵਿੱਚ ਏ.ਟੀ.ਐਮ, ਡੈਬਿਟ ਕਾਰਡ, ਕ੍ਰੈਡਿਟ ਕਾਰਡ, ਇੰਟਰਨੈੱਟ ਬੈਕਿੰਗ, ਮੋਬਾਇਲ ਬੈਂਕਿੰਗ ਆਦਿ ਸ਼ਾਮਲ ਕੀਤੇ ਜਾਂਦੇ ਹਨ।

**39. ਕੰਮ ਕਰਨ ਦੀਆਂ ਸਥਿਤੀਆਂ ਦੇ ਅਧਾਰ 'ਤੇ ਅਰਥਵਿਵਸਥਾ ਦੀਆ ਕਿਸਮਾਂ ਦਾ ਵਰਣਨ ਕਰੋ?**

ਉੱਤਰ:- ਕੰਮ ਦੀਆਂ ਸਥਿਤੀਆਂ ਤੋਂ ਭਾਵ ਕਰਮਚਾਰੀ ਦੇ ਕੰਮ ਕਰਨ ਲਈ ਨਿਰਧਾਰਤ ਕੀਤੀਆਂ ਗਈਆਂ ਸ਼ਰਤਾਂ ਅਤੇ ਸਥਿਤੀਆਂ ਤੋਂ ਹੈ। ਇਸ ਆਧਾਰ 'ਤੇ ਕਿਸੇ ਅਰਥਵਿਵਸਥਾ ਵਿਚ ਦੋ ਖੇਤਰ ਹੁੰਦੇ ਹਨ ਜੋ ਇਸ ਪ੍ਰਕਾਰ ਹਨ:-

1. **ਸੰਗਠਿਤ ਖੇਤਰ**:-ਇਹ ਉਹ ਖੇਤਰ ਹੁੰਦਾ ਹੈ ਜੋ ਕੇ ਪੂਰੀ ਤਰ੍ਹਾਂ ਸੰਗਠਿਤ ਹੁੰਦਾ ਹੈ ਭਾਵ ਇਸ ਵਿਚ ਕੰਮ ਕਰਨ ਵਾਲੇ ਕਰਮਚਾਰੀ ਵਿਸ਼ੇਸ਼ ਨਿਯਮਾਂ ਅਤੇ ਕਾਨੂੰਨਾਂ ਅਧੀਨ ਕੰਮ ਕਰਦੇ ਹਨ। ਇਸ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਨਿਸ਼ਚਿਤ ਤਨਖਾਹਾਂ,ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ, ਪੈਨਸ਼ਨ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮ ਹੁੰਦੇ ਹਨ। ਸਰਕਾਰੀ ਅਤੇ ਅਰਧ ਸਰਕਾਰੀ ਸੰਸਥਾਵਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

2. **ਅਸੰਗਠਿਤ ਖੇਤਰ**:-ਇਸ ਖੇਤਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਤਨਖਾਹਾਂ, ਭੱਤੇ, ਕੰਮ ਕਰਨ ਦੇ ਘੰਟੇ, ਛੁੱਟੀ ਦੇ ਨਿਯਮ ਅਤੇ ਹੋਰ ਸਮਾਜਿਕ ਸੁਰੱਖਿਆ ਨਿਯਮਾਂ ਦੇ ਪੱਖੋਂ ਕੋਈ ਵੀ ਨਿਯਮ ਅਤੇ ਕਾਨੂੰਨ ਨਹੀਂ ਹੁੰਦੇ ਅਤੇ ਨਿਯਮ ਕੰਮ ਦੇਣ ਵਾਲੇ ਦੀ ਮਰਜ਼ੀ ਉੱਪਰ ਨਿਰਭਰ ਕਰਦੇ ਹਨ। ਛੋਟੇ ਅਤੇ ਸੀਮਾਂਤ ਮਜ਼ਦੂਰ, ਭੂਮੀਹੀਣ ਕਿਸਾਨ, ਠੇਕੇ ਤੇ ਰੱਖੇ ਮਜ਼ਦੂਰ ਅਤੇ ਕੱਚੇ ਮਜ਼ਦੂਰ,ਘਰੇਲੂ ਨੌਕਰ, ਮੱਛੀਆਂ ਫੜਨ ਵਾਲੇ, ਸਬਜੀਆਂ ਤੇ ਫਲ ਵੇਚਣ ਵਾਲੇ ਅਤੇ ਅਖ਼ਬਾਰ ਵੰਡਣ ਵਾਲੇ ਲੋਕਾਂ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

**40. ਸੇਵਾ ਖੇਤਰ ਅਰਥ ਵਿਵਸਥਾ ਨੂੰ ਸਥਿਰਤਾ ਕਿਵੇਂ ਪ੍ਰਦਾਨ ਕਰਵਾਉਂਦਾ ਹੈ?**

ਉੱਤਰ:- ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕਿਸੇ ਵੀ ਦੇਸ਼ ਦੇ ਵਿਕਾਸ ਲਈ ਉਸ ਦੇਸ਼ ਦੀ ਅਰਥਵਿਵਸਥਾ ਵਿੱਚ ਸਥਿਰਤਾ ਹੋਣੀ ਜ਼ਰੂਰੀ ਹੈ। ਅਰਥ ਵਿਵਸਥਾ ਦੀ ਸਥਿਰਤਾ ਲਈ ਜ਼ਰੂਰੀ ਹੈ ਕਿ ਪ੍ਰਾਥਮਿਕ ਖੇਤਰ, ਗੌਣ ਖੇਤਰ ਅਤੇ ਸੇਵਾ ਖੇਤਰਾਂ ਵਿੱਚ ਸਥਿਰਤਾ ਬਣੀ ਰਹੇ। ਪਰ ਖੇਤੀ ਵਰਗੇ ਪ੍ਰਾਥਮਿਕ ਖੇਤਰ ਵਿਚ ਕੰਮ ਕਰ ਰਹੇ ਲੋਕ, ਪੂਰੀ ਤਰ੍ਹਾਂ ਨਾਲ ਮਾਨਸੂਨ 'ਤੇ ਨਿਰਭਰ ਕਰਦੇ ਹਨ। ਜੇਕਰ ਮਾਨਸੂਨ ਉਹਨਾਂ ਦਾ ਸਾਥ ਦਿੰਦਾ ਹੈ, ਤਾਂ ਉਹ ਖੇਤੀ ਤੋਂ ਇੱਕ ਚੰਗੀ ਆਮਦਨ ਪ੍ਰਾਪਤ ਕਰਨ ਦੀ ਉਮੀਦ ਕਰ ਸਕਦੇ ਹਨ। ਇਸ ਲਈ ਖੇਤੀ ਵਿਚ ਕੰਮ ਕਰ ਰਹੇ ਲੋਕਾਂ ਦੀ ਆਮਦਨ ਸਥਿਰ ਨਹੀਂ ਹੁੰਦੀ। ਪਰ ਸੇਵਾ ਖੇਤਰ ਵਿਚ ਕੰਮ ਕਰ ਰਹੇ ਲੋਕ ਜਿਵੇਂ ਕਿ ਅਧਿਆਪਕ, ਡਾਕਟਰ ਅਤੇ ਇੰਜੀਨੀਅਰ ਆਦਿ ਉੱਪਰ ਮਾਨਸੂਨ ਦਾ ਇੰਨਾ ਵੱਧ ਪ੍ਰਭਾਵ ਨਹੀਂ ਹੁੰਦਾ ਜਿਸ ਕਰਕੇ ਇਸ ਖੇਤਰ ਵਿੱਚ ਕੰਮ ਕਰ ਰਹੇ ਲੋਕ ਇੱਕ ਸਥਿਰ ਆਮਦਨ ਪ੍ਰਾਪਤ ਕਰਦੇ ਹਨ। ਇਸ ਕਰਕੇ ਇਹ ਖੇਤਰ ਆਪਣੇ ਆਪ ਵਿਚ ਕੰਮ ਕਰ ਰਹੇ ਲੋਕਾਂ ਨੂੰ ਸਥਿਰ ਆਮਦਨ ਪ੍ਰਦਾਨ ਕਰਵਾ ਕੇ ਅਰਥਵਿਵਸਥਾ ਨੂੰ ਸਥਿਰਤਾ ਪ੍ਰਦਾਨ ਕਰਵਾ ਸਕਦਾ ਹੈ।

**41. ਭਾਰਤ ਸਰਕਾਰ ਨੇ ਪਹਿਲੀ ਪੰਜ ਸਾਲਾ ਯੋਜਨਾ ਅਧੀਨ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਤੇ ਪ੍ਰਤਿਬੰਧ ਕਿਉਂ ਲਗਾਏ?**

ਉੱਤਰ:-ਭਾਰਤੀ ਸਰਕਾਰ ਦੁਆਰਾ ਪਹਿਲੀ 'ਪੰਜ ਸਾਲਾ ਯੋਜਨਾ' ਦੌਰਾਨ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਤੇ ਪ੍ਰਤਿਬੰਧ ਲਗਾਉਣ ਦਾ ਕਾਰਨ ਇਹ ਸੀ ਕਿ ਭਾਰਤ ਲੰਬੇ ਸਮੇਂ ਤੱਕ ਅੰਗਰੇਜ਼ਾਂ ਦੇ ਅਧੀਨ ਰਿਹਾ ਹੈ। ਇਸ ਦਾ ਆਰਥਿਕ ਸ਼ੋਸ਼ਣ ਵੀ ਹੁੰਦਾ ਰਿਹਾ ਹੈ, ਜਿਸ ਦੇ ਕਾਰਨ ਸਾਰੇ ਘਰੇਲੂ ਉਤਪਾਦਕ ਕਮਜ਼ੋਰ ਹੋ ਚੁੱਕੇ ਸਨ। ਆਜ਼ਾਦੀ ਤੋ ਪਿੱਛੋਂ ਭਾਰਤੀ ਉਤਪਾਦਕ ਉਸ ਸਮੇਂ ਇਸ ਸਥਿਤੀ ਵਿੱਚ ਨਹੀਂ ਸੀ ਕਿ ਵਿਦੇਸ਼ੀ ਵਪਾਰੀਆਂ ਜਾਂ ਉਤਪਾਦਕਾਂ ਦਾ ਮੁਕਾਬਲਾ ਕਰ ਸਕਣ। ਇਸ ਲਈ ਆਜ਼ਾਦੀ ਤੋਂ ਬਾਅਦ ਭਾਰਤੀ

ਉਤਪਾਦਕਾਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਉਣ ਲਈ ਭਾਰਤ ਸਰਕਾਰ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ 'ਤੇ ਰੁਕਾਵਟਾਂ ਲਗਾ ਦਿੱਤੀਆਂ ਸਨ।

**42. ਭਾਰਤ ਸਰਕਾਰ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਤੇ ਪ੍ਰਤੀਬੰਧਾਂ ਨੂੰ ਕਦੋਂ ਹਟਾਇਆ ਅਤੇ ਕਿਉਂ? ਵਿਆਖਿਆ ਕਰੋ।**

ਉੱਤਰ:- ਭਾਰਤ ਸਰਕਾਰ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਤੇ ਪ੍ਰਤੀਬੰਧਾਂ ਨੂੰ ਸਾਲ 1991 ਵਿੱਚ ਹਟਾਇਆ ਕਿਉਂਕਿ ਉਸ ਸਮੇਂ ਆਰਥਿਕ ਸੁਧਾਰਾਂ ਦੀ ਲੋੜ ਪੈਦਾ ਹੋ ਗਈ ਸੀ। ਭਾਰਤ ਸਰਕਾਰ ਨੇ ਸਰਵਜਨਕ ਖੇਤਰ ਦੀਆਂ ਇਕਾਈਆਂ ਵਿੱਚ ਭਾਰੀ ਮਾਤਰਾ ਵਿੱਚ ਖਰਚ ਕੀਤਾ, ਪਰੰਤੂ ਇਹਨਾਂ ਇਕਾਈਆਂ ਤੋਂ ਪ੍ਰਾਪਤ ਆਮਦਨ ਬਹੁਤ ਘੱਟ ਸੀ। ਇਸ ਲਈ ਸਰਕਾਰ ਦੀ ਆਮਦਨ ਅਤੇ ਖਰਚੇ ਵਿਚਕਾਰ ਪਾੜਾ ਵੱਧ ਗਿਆ ਜਿਸ ਨੇ ਸਰਕਾਰ ਨੂੰ ਇੱਕ ਵੱਡੇ ਰਾਜਕੋਸ਼ੀ ਘਾਟੇ ਵੱਲ ਧੱਕ ਦਿੱਤਾ। ਇਸ ਘਾਟੇ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਨੂੰ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਤੋਂ ਪ੍ਰਤਿਬੰਧਾਂ ਨੂੰ ਹਟਾਉਣਾ ਪਿਆ। ਦੂਸਰਾ ਭਾਰਤੀ ਉਤਪਾਦਕਾਂ ਲਈ ਹੁਣ ਉਹ ਸਮਾਂ ਆ ਗਿਆ ਸੀ ਕਿ ਉਹ ਅੰਤਰ-ਰਾਸ਼ਟਰੀ ਬਾਜ਼ਾਰ ਵਿੱਚ ਦੂਸਰੇ ਦੇਸ਼ਾਂ ਦੇ ਉਤਪਾਦਕਾਂ ਨਾਲ ਮੁਕਾਬਲਾ ਕਰਨ।

**43. ਭਾਰਤ ਨੇ 1991 ਵਿੱਚ ਨਵੀਂ ਆਰਥਿਕ ਨੀਤੀ ਕਿਉਂ ਅਪਣਾਈ ?ਕਾਰਨ ਲਿਖੋ।**

ਉੱਤਰ:- ਭਾਰਤ ਦੁਆਰਾ ਸਾਲ 1991 ਵਿੱਚ ਨਵੀਂ ਆਰਥਿਕ ਨੀਤੀ ਅਪਣਾਉਣ ਦੇ ਹੇਠ ਲਿਖੇ ਕਾਰਨ ਸਨ:-

1. ਭਾਰਤ ਸਰਕਾਰ ਨੇ ਸਰਵਜਨਕ ਖੇਤਰ ਦੀਆਂ ਇਕਾਈਆਂ ਵਿੱਚ ਭਾਰੀ ਮਾਤਰਾ ਵਿੱਚ ਖਰਚ ਕੀਤਾ, ਪਰੰਤੂ ਇਹਨਾਂ ਇਕਾਈਆਂ ਤੋਂ ਪ੍ਰਾਪਤ ਆਮਦਨ ਬਹੁਤ ਘੱਟ ਸੀ।ਇਸ ਲਈ ਸਰਕਾਰ ਦੀ ਆਮਦਨ ਅਤੇ ਖਰਚੇ ਵਿਚਕਾਰ ਪਾੜਾ ਵੱਧ ਗਿਆ ਜਿਸ ਨੇ ਸਰਕਾਰ ਨੂੰ ਇੱਕ ਵੱਡੇ ਰਾਜਕੋਸ਼ੀ ਘਾਟੇ ਵੱਲ ਧੱਕ ਦਿੱਤਾ। ਇਸ ਘਾਟੇ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਨੂੰ ਨਵੀਂ ਆਰਥਿਕ ਨੀਤੀ ਅਪਣਾਉਣੀ ਪਈ।

2.ਭੁਗਤਾਨ ਸੰਤੁਲਨ ਵਿਚ ਘਾਟੇ ਬਹੁਤ ਜ਼ਿਆਦਾ ਵੱਧ ਗਿਆ ਸੀ ਉਸਨੂੰ ਠੀਕ ਕਰਨ ਕਰਨ ਲਈ ਸਰਕਾਰ ਨੂੰ ਬਾਹਰੀ ਉਧਾਰ 'ਤੇ ਨਿਰਭਰ ਹੋਣਾ ਪਿਆ। ਉਧਾਰ ਦੀ ਇਹ ਰਕਮ ਇੰਨ੍ਹੀ ਜ਼ਿਆਦਾ ਹੋ ਗਈ ਸੀ ਕਿ ਸਰਕਾਰ ਲਈ ਇਸ ਦਾ ਭੁਗਤਾਨ ਕਰਨਾ ਮੁਸ਼ਕਿਲ ਹੋ ਗਿਆ ਸੀ। ਇਸ ਲਈ ਨਵੀਂ ਆਰਥਿਕ ਨੀਤੀ ਦਾ ਅਪਣਾਇਆ ਜਾਣਾ ਜ਼ਰੂਰੀ ਹੋ ਗਿਆ।

3. ਸਰਵਜਨਕ ਖੇਤਰ ਦੀਆਂ ਇਕਾਈਆ ਵੱਲੋਂ ਪੈਦਾ ਕੀਤਾ ਜਾਣ ਵਾਲਾ ਉਤਪਾਦਨ ਬਹੁਤ ਘੱਟ ਸੀ ਜਿਸ ਦੇ ਨਤੀਜੇ ਵਜੋਂ ਇਹ ਖੇਤਰ ਬਜ਼ਾਰ ਵਿੱਚ ਵਸਤੂਆਂ ਦੀ ਵੱਧ ਰਹੀ ਮੰਗ ਨੂੰ ਪੂਰਾ ਨਹੀਂ ਕਰ ਸਕਿਆ। ਇਸ ਲਈ ਸਰਕਾਰ ਕੋਲ ਆਪਣੀ ਆਰਥਿਕ ਨੀਤੀ ਨੂੰ ਬਦਲਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਿਹਾ।

4. ਸਰਕਾਰ ਨੂੰ ਵੱਡੀ ਮਾਤਰਾ ਵਿੱਚ ਵਸਤੂਆਂ ਦਾ ਆਯਾਤ ਕਰਨਾ ਪਿਆ, ਨਤੀਜੇ ਵਜੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੇ ਬਿੱਲ ਵੱਧਦੇ ਗਏ ਅਤੇ ਸੰਕਟ ਇੰਨਾ ਗੰਭੀਰ ਸੀ ਉਸ ਸਮੇਂ ਦੀ ਸਰਕਾਰ ਨੂੰ ਵਿਦੇਸ਼ੀ ਕਰਜ਼ ਅਤੇ ਇਸਦੇ ਉੱਪਰਲੇ ਵਿਆਜ਼ ਦੀ ਰਕਮ ਨੂੰ ਚੁਕਾਉਣ ਲਈ ਵਿਦੇਸ਼ਾਂ ਵਿੱਚ ਸੋਨੇ ਗਹਿਣੇ ਰੱਖਣਾ ਪਿਆ। ਇਸ ਲਈ ਸਰਕਾਰ ਨੂੰ ਆਪਣੀ ਆਰਥਿਕ ਨੀਤੀ ਨੂੰ ਬਦਲਣ ਲਈ ਮਜ਼ਬੂਰ ਹੋਣਾ ਪਿਆ।

5. ਸਰਕਾਰੀ ਖੇਤਰ ਦੀਆਂ ਇਕਾਈਆਂ ਦੇ ਤਰਸਯੋਗ/ ਮਾੜੇ ਯੋਗਦਾਨ ਦੇ ਨਿੱਜੀਕਰਨ ਦੀ ਨੀਤੀ ਨੂੰ ਅਪਨਾਉਣ ਲਈ ਸਰਕਾਰ ਨੂੰ ਬੇਬੱਸ ਕਰ ਦਿੱਤਾ ।

6.ਈਰਾਨ ਅਤੇ ਇਰਾਕ ਵਿਚਕਾਰ 1990-91 ਦੇ ਖਾੜੀ ਦੇ ਯੁੱਧ ਕਾਰਨ ਪੈਟਰੋਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ। ਜਿਸ ਨਾਲ ਭਾਰਤ ਦਾ ਭੁਗਤਾਨ ਸੰਤੁਲਨ ਹੋਰ ਵੀ ਨਿਰਾਸ਼ਾਜਨਕ ਹੋ ਗਿਆ।

**44. ਵਿਸ਼ਵੀਕਰਨ ਦਾ ਦੇਸ਼ ਵਿੱਚ ਛੋਟੇ ਉਤਪਾਦਕਾਂ 'ਤੇ ਕੀ ਪ੍ਰਭਾਵ ਪਿਆ?**

ਉੱਤਰ:- ਵਿਸ਼ਵੀਕਰਨ ਦੀ ਨੀਤੀ ਨੇ ਛੋਟੇ ਉਤਪਾਦਕਾਂ ਅਤੇ ਵਪਾਰੀਆਂ 'ਤੇ ਮਾੜਾ ਪ੍ਰਭਾਵ ਪਾਇਆ ਹੈ। ਅਜਿਹੇ ਕਈ ਘਰੇਲੂ ਉਤਪਾਦਕ ਜਿਹਨਾਂ ਦੇ ਉਤਪਾਦ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਉਸ ਵਰਗੇ ਹੀ ਸਨ, ਉਹ ਉਤਪਾਦਕ ਆਪਣੇ ਉਤਪਾਦਨ ਦੀ ਗੁਣਵੱਤਾ ਵਿੱਚ ਆਯਾਤ ਕੀਤੀਆਂ ਜਾਂਦੀਆਂ ਵਸਤੂਆਂ ਦਾ ਮੁਕਾਬਲਾ ਨਹੀਂ ਕਰ ਸਕੇ ਅਤੇ ਨਤੀਜੇ ਵਜੋਂ ਇਹਨਾਂ ਨੂੰ ਆਪਣੇ ਕਾਰੋਬਾਰ ਤੋਂ ਹੱਥ ਧੋਣੇ ਪਏ।

**45. ਵਿਸ਼ਵੀਕਰਨ ਦਾ ਪ੍ਰਭਾਵ ਸਭ 'ਤੇ ਇਕਸਾਰ ਨਹੀਂ ਪਿਆ? ਵਿਆਖਿਆ ਕਰੋ।**

ਉੱਤਰ:- ਵਿਸ਼ਵੀਕਰਨ ਤੇ ਹਮੇਸ਼ਾਂ ਇਹ ਦੋਸ਼ ਲੱਗਦਾ ਰਿਹਾ ਹੈ ਕਿ ਇਹ ਨੀਤੀ ਵਿਕਸਿਤ ਦੇਸ਼ਾਂ ਲਈ ਹੀ ਲਾਹੇਵੰਦ ਰਹੀ ਹੈ ਅਤੇ ਵਿਕਾਸਸ਼ੀਲ ਅਤੇ ਵਿਕਸਿਤ ਦੇਸ਼ ਇਸ ਤੋਂ ਕੋਈ ਵੀ ਲਾਭ ਨਹੀਂ ਉਠਾ ਸਕੇ। ਬਹੁਤ ਸਾਰੇ ਸਬੂਤ ਇਹ ਚਾਨਣਾ ਪਾਉਂਦੇ ਹਨ ਕਿ ਹਰ ਇਕ ਦੇਸ਼ ਨੂੰ ਇਸ ਤੋਂ ਬਰਾਬਰ ਲਾਭ ਪ੍ਰਾਪਤ ਨਹੀਂ ਹੋਏ ਹਨ। ਸਿਰਫ਼ ਉਹ ਦੇਸ਼ ਜਿਹਨਾਂ ਕੋਲ ਮੁਕਾਬਲਤਨ ਜ਼ਿਆਦਾ ਮੁਹਾਰਤ ਅਤੇ ਪੈਸਾ ਸੀ, ਉਹਨਾਂ ਨੇ ਹੀ ਵਿਸ਼ਵੀਕਰਨ ਦੀ ਪ੍ਰਕਿਰਿਆ ਤੋਂ ਨਵੇਂ ਮੌਕੇ ਪ੍ਰਾਪਤ ਕੀਤੇ ਅਤੇ ਉਹਨਾਂ ਦਾ ਪੂਰਨ ਪ੍ਰਯੋਗ ਕੀਤਾ, ਪਰ ਹੋਰ ਬਹੁਤ ਸਾਰੇ ਦੇਸ਼ਾਂ ਨੂੰ ਵਿਸ਼ਵੀਕਰਨ ਦੇ ਅਜਿਹੇ ਲਾਭ ਪ੍ਰਾਪਤ ਨਹੀਂ ਹੋਏ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਵਿਸ਼ਵੀਕਰਨ ਨੇ ਪਿਛਲੇ 20 ਜਾਂ ਇਸ ਤੋਂ ਵੱਧ ਸਾਲਾਂ ਦੌਰਾਨ ਉਪਭੋਗਤਾਵਾਂ ਅਤੇ ਉਤਪਾਦਕਾਂ ਉੱਪਰ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਆਰਥਿਕ ਤੌਰ ‘ਤੇ ਚੰਗੇ ਉਪਭੋਗਤਾਵਾਂ ਨੂੰ ਵਿਸ਼ਵੀਕਰਨ ਦਾ ਫਾਇਦਾ ਹੋਇਆ ਤੇ ਉਨ੍ਹਾਂ ਕੋਲੋਂ ਵਸਤੂਆਂ ਦੀ ਵਧੇਰੇ ਚੋਣ ਹੋ ਗਈ ਪਰੰਤੂ ਕਮਜ਼ੋਰ ਵਰਗ ਇਸ ਦਾ ਫਾਇਦਾ ਨਾ ਚੁੱਕ ਸਕੇ। ਵਿਸ਼ਵੀਕਰਨ ਦੇ ਆਗਮਨ ਨੇ ਭਾਰਤੀ ਉਤਪਾਦਕਾਂ ਵਿਚਕਾਰ ਮੁਕਾਬਲਾ ਵਧਾ ਦਿੱਤਾ। ਭਾਰਤ ਦੀਆ ਸਿਖਰ ਦੀਆਂ ਕੰਪਨੀਆਂ ਨੇ ਵਿਦੇਸ਼ੀ ਕੰਪਨੀਆਂ ਨਾਲ ਤਿੱਖਾ ਮੁਕਾਬਲਾ ਹੋਣ ਕਰਕੇ, ਬਜ਼ਾਰ ਵਿੱਚੋਂ ਬਾਹਰ ਹੋ ਜਾਣ ਦੇ ਡਰੋਂ ਮਜ਼ਬੂਰੀ ਵੱਸ ਆਪਣੀ ਤਕਨੀਕ ਅਤੇ ਵਸਤੂਆਂ ਦੀ ਗੁਣਵੱਤਾ ਵਿੱਚ ਸੁਧਾਰ ਲਿਆਦਾਂ।

**46. ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਨੀਤੀ ਦੇ ਉਦਾਰੀਕਰਨ ਨੇ ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਕਿਵੇਂ ਸਹਾਇਤਾ ਕੀਤੀ?**

ਉੱਤਰ:- ਉਦਾਰੀਕਰਨ ਤੋ ਭਾਵ ਸਰਕਾਰ ਦੁਆਰਾ, ਵਪਾਰ ਉੱਪਰ ਲਗਾਏ ਗਏ ਹਰ ਤਰ੍ਹਾਂ ਦੇ ਪ੍ਰਤਿਬੰਧਾਂ ਨੂੰ ਘਟਾਉਣ ਜਾਂ ਹਟਾਉਣਾ ਹੈ। ਉਦਾਰੀਕਰਨ ਦੀ ਨੀਤੀ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਉੱਪਰ ਲੱਗੀਆਂ ਰੋਕਾਂ ਨੂੰ ਵੱਡੇ ਪੱਧਰ ‘ਤੇ ਹਟਾ ਦਿੱਤਾ ਹੈ। ਇਸ ਨੇ ਆਯਾਤ ਅਤੇ ਨਿਰਯਾਤ ਦੀ ਪ੍ਰਕਿਰਿਆ ਨੂੰ ਪਹਿਲਾਂ ਨਾਲੋਂ ਸੁਖਾਲਾ ਕਰ ਦਿੱਤਾ। ਵਿਦੇਸ਼ੀ ਕੰਪਨੀਆਂ ਨੇ ਭਾਰਤ ਵਿੱਚ ਹੀ ਉਤਪਾਦਨ ਪੈਦਾ ਕਰਕੇ ਅਤੇ ਇਸ ਨੂੰ ਵੇਚਣ ਲਈ ਭਾਰਤ ਵਿੱਚ ਹੀ ਆਪਣੀਆਂ ਫੈਕਟਰੀਆਂ ਅਤੇ ਦਫ਼ਤਰ ਸਥਾਪਤ ਕਰ ਲਏ ਹਨ। ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਦੀ ਨੀਤੀ ਵਿੱਚ ਉਦਾਰੀਕਰਨ ਦੀ ਨੀਤੀ ਨੇ, ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਬਹੁਤ ਸਹਾਇਤਾ ਕੀਤੀ ਹੈ।

**47. ਭਾਰਤ ਨੂੰ ਵਿਸ਼ਵੀਕਰਨ ਵੱਲ ਲੈ ਕੇ ਜਾਣ ਵਾਲੇ ਕਾਰਕਾਂ ਦੀ ਸੰਖੇਪ ਵਿੱਚ ਵਿਆਖਿਆ ਕਰੋ?**

ਉੱਤਰ:- ਭਾਰਤ ਨੂੰ ਵਿਸ਼ਵੀਕਰਨ ਵੱਲ ਲੈ ਕੇ ਜਾਣ ਵਾਲੇ ਕੁਝ ਮਹੱਤਵਪੂਰਨ ਕਾਰਕਾਂ ਦਾ ਵਰਣਨ ਇਸ ਪ੍ਰਕਾਰ ਹੈ:-

**1.ਤਕਨੀਕ**:- ਹਰ ਖੇਤਰ ਵਿੱਚ ਤਕਨੀਕ ਵਿੱਚ ਤੇਜ਼ੀ ਨਾਲ ਹੋਏ ਸੁਧਾਰਾਂ ਨੂੰ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਦੀ ਸ਼ਕਤੀ ਮੰਨਿਆ ਜਾਂਦਾ ਹੈ। ਅੱਜ ਤਕਨੀਕ ਨੇ ਵੱਖ ਵੱਖ ਦੇਸ਼ਾਂ ਨੂੰ ਬਹੁਤ ਸੌਖੀ ਤਰ੍ਹਾਂ ਇਕ-ਦੂਜੇ ਨਾਲ ਸੰਪਰਕ ਵਿੱਚ ਰਹਿਣ ਦੇ ਯੋਗ ਬਣਾਇਆ ਹੈ। ਦੂਰ ਸੰਚਾਰ, ਟੈਲੀਫੋਨ, ਕੰਪਿਊਟਰ, ਇੰਟਰਨੈੱਟ, ਮੋਬਾਈਲ ਫੋਨ, ਫੈਕਸ ਆਦਿ ਦੇ ਖੇਤਰ ਵਿੱਚ ਤਕਨੀਕੀ ਵਿਕਾਸ ਨੇ ਵੀ ਸੰਸਾਰ ਪੱਧਰ ‘ਤੇ ਸੰਪਰਕ ਕਰਨ ਵਿੱਚ ਸਹਾਇਤਾ ਕੀਤੀ ਹੈ ।

**2. ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨੀਤੀ ਦਾ ਉਦਾਰੀਕਰਨ**:- ਭਾਰਤ ਨੇ ਆਜ਼ਾਦੀ ਤੋਂ ਬਾਅਦ, ਆਪਣੇ ਵਿਦੇਸ਼ੀ ਵਪਾਰ ਅਤੇ ਵਿਦੇਸ਼ ਨੀਤੀ ਨੂੰ ਸਿਰਫ ਜ਼ਰੂਰੀ ਵਸਤਾਂ ਦੇ ਆਯਾਤ ਦੀ ਹੀ ਪ੍ਰਵਾਨਗੀ ਦਿੱਤੀ ਸੀ। ਭਾਰਤ ਨੇ ਨਵੀ ਆਰਥਿਕ ਨੀਤੀ ਨੂੰ 1991 ਵਿੱਚ ਅਪਨਾ ਕੇ ਵਿਦੇਸ਼ੀ ਵਪਾਰ ਤੇ ਲੱਗੀਆਂ ਸਾਰੀਆਂ ਰੋਕਾਂ ਨੂੰ ਹਟਾ ਦਿੱਤਾ ਜਿਸ ਨਾਲ ਭਾਰਤੀ ਅਰਥ-ਵਿਵਸਥਾ ਸੰਸਾਰ ਦੀ ਅਰਥ ਵਿਵਸਥਾ ਨਾਲ ਜੁੜ ਗਈ।

**3. ਵਿਸ਼ਵ ਵਪਾਰ ਸੰਗਠਨ**:- ਵਿਸ਼ਵ ਵਪਾਰ ਸੰਗਠਨ ਇੱਕ ਅੰਤਰ-ਰਾਸ਼ਟਰੀ ਸੰਗਠਨ ਹੈ ਜਿਸ ਦਾ ਉਦੇਸ਼ ਅੰਤਰਰਾਸ਼ਟਰੀ ਪੱਧਰ ‘ਤੇ ਗੈਰ ਕਰ ਪ੍ਰਤਿਬੰਧਾਂ ਨੂੰ ਘਟਾ ਕੇ ਵਸਤੂਆਂ ਅਤੇ ਸੇਵਾਵਾਂ ਦੇ ਮੁਕਤ ਵਪਾਰ ਨੂੰ ਉਤਸ਼ਾਹਿਤ ਕਰਨਾ ਹੈ। ਭਾਰਤ ਇਸ ਸੰਗਠਨ ਦਾ 1995 ਤੋਂ ਮੈਂਬਰ ਹੈ।

**48. ਕੋਪਰਾ ਤੋਂ ਕੀ ਭਾਵ ਹੈ? ਵਿਆਖਿਆ ਕਰੋ।**

ਉੱਤਰ:- ਉਪਭੋਗਤਾਵਾਂ ਨੂੰ ਉਤਪਾਦਕਾਂ ਅਤੇ ਵਿਕਰੇਤਾਵਾਂ ਦੇ ਸੋਸ਼ਣ ਤੋਂ ਬਚਾਉਣ ਲਈ ਭਾਰਤੀ ਸੰਸਦ ਨੇ 24 ਦਸੰਬਰ, 1986 ਨੂੰ ਉਪਭੋਗਤਾ ਸਰੰਖਣ ਐਕਟ ਲਾਗੂ ਕੀਤਾ। ਇਸ ਨੂੰ ਭਾਰਤ ਵਿਚ ਉਪਭੋਗਤਾ ਸਰੰਖਣ ਲਈ ਮੈਗਨਾ ਕਾਰਟਾ ਕਿਹਾ ਜਾਂਦਾ ਹੈ ਕਿਉਂਕਿ ਇਹ ਪੂਰੇ ਭਾਰਤ ਵਿਚ ਉਪਭੋਗਤਾਵਾਂ ਨੂੰ ਅਦਾਲਤਾਂ ਅਤੇ ਮੰਚ ਪ੍ਰਦਾਨ ਕਰਦਾ ਹੈ । ਇਹ ਨਿੱਜੀ, ਜਨਤਕ ਅਤੇ ਸਹਿਕਾਰੀ ਸਾਰੇ

ਖੇਤਰਾਂ ਨਾਲ ਸੰਬੰਧ ਰੱਖਦਾ ਹੈ। ਇਹ ਉਪਭੋਗਤਾ ਨੂੰ ਛੇ ਅਧਿਕਾਰ ਅਤੇ ਛੇ ਜ਼ਿੰਮੇਵਾਰੀਆਂ ਪ੍ਰਦਾਨ ਕਰਦਾ ਹੈ। ਇਹ ਉਪਭੋਗਤਾ ਦੀ ਸ਼ਿਕਾਇਤ ਦੀ ਜਾਂਚ ਕਰਨ ਲਈ ਇੱਕ ਉਪਭੋਗਤਾ ਸੁਰੱਖਿਆ ਅਥਾਰਟੀ ਸਥਾਪਿਤ ਕਰਦਾ ਹੈ। ਕੋਪਰਾ ਨੇ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਤਿੰਨ- ਪੱਧਰੀ ਅਰਧ ਨਿਆਂਇਕ ਉਪਭੋਗਤਾ ਅਦਾਲਤਾਂ ਦੀ ਸਥਾਪਨਾ ਕੀਤੀ।

**49. ਭਾਰਤ ਵਿੱਚ ਸਟਾਕ ਐਕਸਚੇਂਜ ਬਜ਼ਾਰ ਦੀਆਂ ਦੋ ਮੁੱਖ ਕਿਸਮਾਂ ਦੀ ਵਿਆਖਿਆ ਕਰੋ?**

ਉੱਤਰ:-ਭਾਰਤ ਵਿਚ ਮੁੱਖ ਤੌਰ ਤੇ ਦੋ ਸਟਾਕ ਐਕਸਚੇਂਜ ਬਜ਼ਾਰ ਸਭ ਤੋਂ ਵੱਧ ਮਹੱਤਵਪੂਰਨ ਹਨ। ਇਹਨਾਂ ਦਾ ਵਰਣਨ ਇਸ ਪ੍ਰਕਾਰ ਹੈ:-

**1. ਬੰਬੇ ਸਟਾਕ ਐਕਸਚੇਂਜ ਬਜ਼ਾਰ**:- ਇਸ ਦੀ ਸਥਾਪਨਾ ਸਾਲ 1875 ਵਿੱਚ ਮੁੰਬਈ ਵਿੱਚ ਦਲਾਲ ਸਟ੍ਰੀਟ ਵਿਖੇ ਕੀਤੀ ਗਈ ਸੀ।ਇਹ ਦੁਨੀਆ ਦੀਆਂ ਸਭ ਤੋਂ ਪ੍ਰਾਚੀਨ ਸਟਾਕ ਐਕਸਚੇਂਜ ਵਿੱਚੋਂ ਇੱਕ ਹੈ ਅਤੇ ਵਰਤਮਾਨ ਵਿੱਚ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ SENSEX ਦੁਆਰਾ ਮਾਪਿਆ ਜਾਂਦਾ ਹੈ।

**2. ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ**:- ਇਸ ਦੀ ਸਥਾਪਨਾ 1992 ਵਿੱਚ ਮੁੰਬਈ ਵਿੱਚ ਕੀਤੀ ਗਈ ਸੀ। ਇਸ ਸਮੇਂ ਇਹ ਦੁਨੀਆਂ ਦੀ 12ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ NIFTI ਦੁਆਰਾ ਮਾਪਿਆ ਜਾਂਦਾ ਹੈ।

**50. ਹਿਮਾਲਾ ਦੀਆਂ ਪਹਾੜੀਆਂ ਦੇ ਕੋਈ ਪੰਜ ਲਾਭ ਲਿਖੋ।**

ਉੱਤਰ-1.ਹਿਮਾਲਿਆ ਪਰਬਤ ਕਰਕੇ ਪੰਜਾਬ ਦੇ ਦਰਿਆਵਾਂ ਵਿੱਚ ਸਾਰਾ ਸਾਲ ਪਾਣੀ ਵੱਗਦਾ ਰਹਿੰਦਾ ਹੈ, ਜਿਸ ਕਾਰਨ ਪੰਜਾਬ ਦੀ ਧਰਤੀ ਉਪਜਾਊ ਹੈ।

2. ਹਿਮਾਲਿਆ ਪਰਬਤ ਵਿੱਚ ਮਿਲਦੇ ਸੰਘਣੇ ਜੰਗਲਾਂ ਤੋਂ ਲੋੜੀਦੀਆਂ ਜੜ੍ਹੀਆਂ- ਬੂਟੀਆਂ ਅਤੇ ਲੱਕੜੀ ਪ੍ਰਾਪਤ ਹੁੰਦੀ ਹੈ।

3.ਮਾਨਸੂਨ ਪੌਣਾਂ ਹਿਮਾਲਾ ਪਰਬਤ ਨਾਲ ਟਕਰਾ ਕੇ ਵਰਖਾ ਕਰਦੀਆਂ ਹਨ।

4.ਜੇਕਰ ਪੰਜਾਬ ਦੇ ਉੱਤਰ ਵਿੱਚ ਇਹ ਪਰਬਤ ਨਾ ਹੁੰਦਾ ਤਾਂ ਪੰਜਾਬ ਖੁਸ਼ਕ ਅਤੇ ਠੰਢਾ ਇਲਾਕਾ ਬਣ ਜਾਂਦਾ ਅਤੇ ਇੱਥੇ ਨਾਂ ਦੇ ਬਰਾਬਰ ਖੇਤੀ ਹੋਣੀ ਸੀ।

5.ਹਿਮਾਲਿਆ ਪਰਬਤ ਦੇ ਸਦਕਾ ਪੰਜਾਬ ਕੋਲ ਸੁੰਦਰ ਸੈਲਾਨੀ ਸਥਾਨ ਸ਼ਿਮਲਾ, ਮਨਾਲੀ ਅਤੇ ਸੋਲਨ ਆਦਿ ਹਨ।

**51. ਭਿੰਨ -ਭਿੰਨ ਕਾਲਾਂ ਵਿੱਚ ਪੰਜਾਬ ਦੀਆਂ ਹੱਦਾਂ ਬਾਰੇ ਜਾਣਕਾਰੀ ਦਿਉ।**

ਉੱਤਰ-1.ਰਿਗਵੇਦ ਦੇ ਪੰਜਾਬ ਵਿੱਚ ਉਹ ਸਾਰਾ ਇਲਾਕਾ ਸ਼ਾਮਲ ਸੀ, ਜਿਸ ਨੂੰ ਸਿੰਧ ,ਜਿਹਲਮ ,ਚਨਾਬ, ਰਾਵੀ, ਬਿਆਸ ,ਸਤਲੁਜ ਅਤੇ ਸਰਸਵਤੀ ਨਦੀਆਂ ਸਿੰਜਦੀਆਂ ਸੀ।

2.ਮੌਰੀਆ ਤੇ ਕੁਸ਼ਾਨ ਕਾਲ ਵਿੱਚ ਪੰਜਾਬ ਦੀ ਪੱਛਮੀ ਹੱਦ ਹਿੰਦੂਕੁਸ਼ ਦੇ ਪਹਾੜਾਂ ਤੱਕ ਸੀ।

3.ਹਿੰਦੀ -ਬਾਖਤਰੀ ਤੇ ਹਿੰਦੀ -ਪਾਰਥੀ ਰਾਜਿਆਂ ਅਧੀਨ ਪੰਜਾਬ ਦੀ ਸੀਮਾ ਵਰਤਮਾਨ ਅਫਗਾਨਿਸਤਾਨ ਨਾਲ ਲੱਗਦੀ ਸੀ।

4.ਦਿੱਲੀ ਸਲਤਨਤ ਦੇ ਰਾਜ ਵਿੱਚ ਪੰਜਾਬ ਦੇ ਲਾਹੌਰ ਪ੍ਰਾਂਤ ਦੀ ਸੀਮਾ ਪਿਸ਼ਾਵਰ ਤੱਕ ਸੀ।

5.ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਦੀ ਪੂਰਬੀ ਹੱਦ ਦਰਿਆ ਸਤਲੁਜ ਅਤੇ ਪੱਛਮੀ ਹੱਦ ਦੱਰਾ ਖੈਬਰ ਸੀ।

**52.ਬਾਬਰ ਦੇ ਸੱਯਦਪੁਰ ਦੇ ਹਮਲੇ ਦਾ ਵਰਣਨ ਕਰੋ।**

ਉੱਤਰ-ਬਾਬਰ ਨੇ ਸਿਆਲਕੋਟ ਨੂੰ ਜਿੱਤਣ ਤੋਂ ਬਾਅਦ ਸੱਯਦਪੁਰ (ਐਮਨਾਬਾਦ) 'ਤੇ ਹਮਲਾ ਕੀਤਾ। ਉੱਥੋਂ ਦੀ ਸੈਨਾ ਨੇ ਬਾਬਰ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਬਾਬਰ ਦੀ ਜਿੱਤ ਹੋਈ। ਰੱਖਿਅਕ ਸੈਨਾ ਕਤਲ ਕਰ ਦਿੱਤੀ ਗਈ।ਸੱਯਦਪੁਰ ਦੀ ਜਨਤਾ ਨਾਲ ਵੀ ਨਿਰਦਈ ਸਲੂਕ ਕੀਤਾ ਗਿਆ। ਕਈ ਲੋਕਾਂ ਨੂੰ ਦਾਸ ਬਣਾ ਲਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਅੱਤਿਆਚਾਰਾਂ ਦਾ ਵਰਣਨ 'ਬਾਬਰਬਾਣੀ' ਵਿੱਚ ਕੀਤਾ ਹੈ।

**53.ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸੰਬੰਧੀ ਵਿਚਾਰਾਂ ਦਾ ਸੰਖੇਪ ਵਰਣਨ ਕਰੋ।**

ਉੱਤਰ-1.ਗੁਰੂ ਜੀ ਅਨੁਸਾਰ ਪਰਮਾਤਮਾ ਇੱਕ ਹੈ।

2.ਪ੍ਰਮਾਤਮਾ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਹੈ, ਉਹ ਸੰਸਾਰ ਦੇ ਹਰ ਜੀਵ ਵਿਚ ਰਹਿੰਦਾ ਹੈ।

3.ਪ੍ਰਮਾਤਮਾ ਮਹਾਨ ਅਤੇ ਸਰਵ ਉੱਚ ਹੈ, ਉਸ ਦੀ ਮਹਾਨਤਾ ਅਤੇ ਸਰਵ ਉੱਚਤਾ ਨੂੰ ਬਿਆਨ ਕਰਨਾ ਮਨੁੱਖ ਲਈ ਸੰਭਵ ਨਹੀਂ।

4.ਪ੍ਰਮਾਤਮਾ ਦਾ ਕੋਈ ਰੰਗ ਰੂਪ ਜਾਂ ਆਕਾਰ ਨਹੀਂ ਹੈ, ਉਸ ਦੀ ਮੂਰਤੀ ਬਣਾ ਕੇ ਪੂਜਾ ਨਹੀਂ ਕੀਤੀ ਜਾ ਸਕਦੀ।

5.ਸਾਨੂੰ ਜੋ ਕੁਝ ਵੀ ਮਿਲਦਾ ਹੈ ਉਹ ਪ੍ਰਮਾਤਮਾ ਦੀ ਦੇਣ ਹੈ।

**54.ਗੁਰੂ ਨਾਨਕ ਦੇਵ ਜੀ ਦੂਜੀ ਉਦਾਸੀ ਵੇਲੇ ਕਿੱਥੇ ਕਿੱਥੇ ਗਏ ?**

ਉੱਤਰ- ਦੂਜੀ ਉਦਾਸੀ ਵੇਲੇ ਗੁਰੂ ਜੀ ਦੱਖਣ ਵੱਲ ਗਏ। ਉਹ ਗੰਟੂਰ, ਕਾਂਚੀਪੁਰਮ, ਤ੍ਰਿਚਨਾ-ਪੱਲੀ, ਨਾਗਾਪਟਮ, ਰਾਮੇਸ਼ਵਰਮ, ਤ੍ਰਿਵੇਂਦਰਮ ਹੁੰਦੇ ਹੋਏ ਸ੍ਰੀ ਲੰਕਾ ਪਹੁੰਚੇ । ਸ੍ਰੀਲੰਕਾ ਦੇ ਜਾਫ਼ਨਾ ਇਲਾਕੇ ਵਿਚ ਗੁਰੂ ਜੀ ਦੀ ਫੇਰੀ ਦੇ ਪਰਮਾਣ ਮਿਲਦੇ ਹਨ। ਇੱਥੋਂ ਦਾ ਰਾਜਾ ਸ਼ਿਵਨਾਭ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਤ ਹੋਇਆ ਤੇ ਉਨ੍ਹਾਂ ਦਾ ਚੇਲਾ ਬਣ ਗਿਆ । ਸ੍ਰੀਲੰਕਾ ਤੋਂ ਵਾਪਸ ਮੁੜਦੇ ਹੋਏ ਉਹ ਪਨਾਰ, ਬਿਦਰ, ਉਜੈਨ, ਅਜਮੇਰ ,ਮਥੁਰਾ, ਰਿਵਾੜੀ, ਹਿਸਾਰ, ਤਖਤੂਪੁਰਾ ਹੁੰਦੇ ਹੋਏ ਪਾਕਪਟਨ ਪਹੁੰਚੇ । ਪਾਕਪਟਨ ਤੋਂ ਦੀਪਾਲਪੁਰ ਹੁੰਦੇ ਹੋਏ ਉਹ ਸੁਲਤਾਨਪੁਰ ਲੋਧੀ ਆ ਗਏ ।

**55.ਗੁਰੂ ਨਾਨਕ ਦੇਵ ਜੀ ਦੀ ਜਨੇਊ ਦੀ ਰਸਮ ਦਾ ਵਰਣਨ ਕਰੋ ।**

ਉੱਤਰ -ਜਦੋਂ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਅਜੇ ਚੱਲ ਹੀ ਰਹੀ ਸੀ ਤਾਂ ਉਨ੍ਹਾਂ ਦੇ ਮਾਪਿਆਂ ਨੇ ਪੁਰਾਣੇ ਸਨਾਤਨੀ ਰੀਤੀ ਰਿਵਾਜਾਂ ਅਨੁਸਾਰ ਉਨ੍ਹਾਂ ਨੂੰ ਜਨੇਊ ਪਾਉਣਾ ਚਾਹਿਆ। ਇਸ ਰਸਮ ਲਈ ਐਤਵਾਰ ਦਾ ਦਿਨ ਨਿਸ਼ਚਿਤ ਹੋਇਆ। ਮੁੱਢਲੇ ਮੰਤਰ ਪੜ੍ਹਨ ਤੋਂ ਪਹਿਲਾਂ ਪੰਡਿਤ ਹਰਦਿਆਲ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਬਿਠਾਇਆ ਤੇ ਜਨੇਊ ਪਾਉਣ ਲਈ ਕਿਹਾ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਸੂਤ ਦੇ ਧਾਗਿਆਂ ਨਾਲ ਨਹੀਂ, ਸਗੋਂ ਸਦਗੁਣਾਂ ਦੇ ਧਾਗਿਆਂ ਨਾਲ ਬਣੇ ਜਨੇਊ ਦੀ ਮੰਗ ਕੀਤੀ ।

**56.ਗੁਰੂ ਨਾਨਕ ਦੇਵ ਜੀ ਨੇ ਮੁੱਢਲੇ ਜੀਵਨ ਵਿੱਚ ਕੀ ਕੀ ਕਿੱਤੇ ਅਪਣਾਏ ?**

ਉੱਤਰ-ਗੁਰੂ ਨਾਨਕ ਦੇਵ ਜੀ ਅਧਿਆਤਮਕ ਗੱਲਾਂ ਵੱਲ ਬੜੀ ਦਿਲਚਸਪੀ ਰੱਖਦੇ ਸਨ। ਗੁਰੂ ਜੀ ਦੀਆਂ ਰੁਚੀਆਂ ਵਿੱਚ ਤਬਦੀਲੀ ਲਿਆਉਣ ਲਈ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਨੇ ਉਨ੍ਹਾਂ ਨੂੰ ਘਰ ਦੀਆਂ ਮੱਝਾਂ ਚਰਾਉਣ ਦਾ ਕੰਮ ਦਿੱਤਾ। ਉੱਥੇ ਉਹ ਆਪਣਾ ਧਿਆਨ ਪ੍ਰਭੂ ਭਗਤੀ ਵੱਲ ਲਾ ਲੈਂਦੇ ਤੇ ਮੱਝਾਂ ਖੇਤਾਂ ਦਾ ਉਜਾੜਾ ਕਰ ਦਿੰਦੀਆਂ । ਮਹਿਤਾ ਕਾਲੂ ਜੀ ਨੂੰ ਉਲਾਂਭੇ ਆਉਂਦੇ ਰਹਿੰਦੇ । ਉਸ ਤੋਂ ਬਾਅਦ ਗੁਰੂ ਜੀ ਨੂੰ ਖੇਤੀ ਦਾ ਕੰਮ ਸੌਂਪ ਦਿੱਤਾ ਉਸ ਵਿਚ ਵੀ ਉਨ੍ਹਾਂ ਨੇ ਕੋਈ ਖਾਸ ਦਿਲਚਸਪੀ ਨਾਲ ਦਿਖਾਈ । ਫਿਰ ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਵਪਾਰ ਕਰਨ ਲਈ ਵੀਹ ਰੁਪਏ ਦਿੱਤੇ ਕਿ ਕਿਸੇ ਮੰਡੀ ਵਿੱਚ ਜਾ ਕੇ ਖ਼ਰਾ ਅਤੇ ਮੁਨਾਫ਼ੇ ਵਾਲਾ ਸੌਦਾ ਕਰਕੇ ਲਿਆਵੇ, ਪਰ ਗੁਰੂ ਜੀ ਨੇ ਵੀਹ ਰੁਪਏ ਭੁੱਖੇ ਸਾਧੂਆਂ ਨੂੰ ਭੋਜਨ ਖੁਆਉਣ 'ਤੇ ਖਰਚ ਦਿੱਤੇ ।

**57.ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਕਿਹੜੇ ਕਿਹੜੇ ਸਥਾਨਾਂ ਤੇ ਗਏ ?**

ਉੱਤਰ-ਪਹਿਲੀ ਉਦਾਸੀ ਸਮੇਂ ਗੁਰੂ ਜੀ, ਭਾਰਤ ਦੇ ਪੂਰਬੀ ਅਤੇ ਦੱਖਣੀ ਇਲਾਕੇ ਵਿੱਚ ਗਏ। ਇਸ ਉਦਾਸੀ ਸਮੇਂ ਭਾਈ ਮਰਦਾਨਾ ਉਨ੍ਹਾਂ ਦਾ ਸਾਥੀ ਸੀ। ਸੁਲਤਾਨਪੁਰ ਲੋਧੀ ਤੋਂ ਚੱਲ ਕੇ ਗੁਰੂ ਜੀ ਸੱਯਦਪੁਰ ਗਏ। ਉਸ ਤੋਂ ਬਾਅਦ ਤੁਲੰਬਾ, ਕੁਰੂਕਸ਼ੇਤਰ, ਪਾਣੀਪਤ, ਦਿੱਲੀ , ਹਰਿਦੁਆਰ, ਕੇਦਾਰਨਾਥ, ਬਦਰੀਨਾਥ, ਜੋਸ਼ੀਮਠ, ਬਨਾਰਸ, ਗਯਾ,ਪਟਨਾ, ਹਾਜੀਪੁਰ, ਬਿਹਾਰ, ਬੰਗਾਲ, ਅਸਾਮ, ਧੁਬਰੀ, ਕਾਮਰੂਪ, ਗੁਹਾਟੀ, ਸਿਲਹਟ, ਸ਼ਿਲਾਂਗ, ਢਾਕਾ, ਕਟਕ, ਉੜੀਸਾ ਵਿਚ ਜਗਨਨਾਥ ਪੁਰੀ ਗਏ । ਧਬੁਰੀ ਤੋਂ ਗੁਰੂ ਨਾਨਕ ਦੇਵ ਜੀ ਨੇ ਦੱਖਣ ਵੱਲ ਚਾਲੇ ਪਾਏ।

**58.ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ ਦੇ ਮਹੱਤਵਪੂਰਨ ਸਥਾਨਾਂ ਬਾਰੇ ਦੱਸੋ ।**

ਉੱਤਰ- ਤੀਜੀ ਉਦਾਸੀ ਵੇਲੇ ਗੁਰੂ ਜੀ ਉੱਤਰ ਵੱਲ ਗਏ । ਉਨ੍ਹਾਂ ਦੇ ਨਾਲ ਹਸੂ ਨਾਂ ਦਾ ਇੱਕ ਲੁਹਾਰ ਅਤੇ ਸੀਹਾ ਨਾਂ ਦਾ ਇੱਕ ਛੀਂਬਾ ਸੀ । ਇਸ ਉਦਾਸੀ ਦੌਰਾਨ ਉਹ ਹਿਮਾਚਲ ਪ੍ਰਦੇਸ਼, ਬਿਲਾਸਪੁਰ, ਮੰਡੀ, ਸਕੇਤ, ਰਵਾਲਸਰ, ਜਵਾਲਾ ਜੀ, ਕਾਂਗੜਾ, ਕੁੱਲੂ, ਸਪਿਤੀ, ਤਿੱਬਤ, ਕੈਲਾਸ਼ ਪਰਬਤ, ਲੱਦਾਖ , ਪਹਿਲਗਾਮ, ਮਟਨ, ਬਾਰਾਮੂਲਾ, ਅਨੰਤਨਾਗ, ਸ੍ਰੀਨਗਰ ਅਤੇ ਸਿਆਲਕੋਟ ਪੁੱਜੇ ਸਨ । ਉੱਥੋਂ ਉਹ ਆਪਣੇ ਨਿਵਾਸ ਸਥਾਨ ਕਰਤਾਰਪੁਰ ਚਲੇ ਗਏ ।

**59.ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਖੇ ਬਿਤਾਏ ਜੀਵਨ ਦਾ ਵੇਰਵਾ ਦਿਉ।**

ਉੱਤਰ: ਆਪਣੀ ਅੰਤਲੀ ਉਦਾਸੀ ਸੰਪੂਰਨ ਕਰਨ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਆਪਣੇ ਪਰਿਵਾਰ ਸਮੇਤ ਕਰਤਾਰਪੁਰ ਜਾ ਵੱਸੇ। ਆਪਣੇ ਜੀਵਨ ਦੇ ਆਖਰੀ ਅਠਾਰਾਂ ਸਾਲ ਉਨ੍ਹਾਂ ਨੇ ਕਰਤਾਰਪੁਰ ਵਿਚ ਆਪਣੇ ਪਰਿਵਾਰ ਨਾਲ ਇਕ ਆਦਰਸ਼ਕ ਗ੍ਰਹਿਸਥੀ ਦੇ ਰੂਪ ਵਿੱਚ ਗੁਜ਼ਾਰੇ। ਇਸ ਸਮੇਂ ਗੁਰੂ ਜੀ ਨੇ ਆਪਣੇ ਉਪਦੇਸ਼ਾਂ ਨੂੰ ਨਿਸ਼ਚਿਤ ਰੂਪ ਦਿੱਤਾ। ਉਨ੍ਹਾਂ ਨੇ ਉੱਥੇ ਹੀ 'ਵਾਰ ਮਲ੍ਹਾਰ', 'ਵਾਰ ਮਾਝ', 'ਵਾਰ ਆਸਾ', 'ਜਪੁਜੀ', 'ਓਅੰਕਾਰ,' 'ਪੱਟੀ, 'ਥਿਤ' ,'ਬਾਰਾ ਮਾਹਾ", ਆਦਿ ਬਾਣੀਆਂ ਦੀ ਰਚਨਾ ਕੀਤੀ । ਕਰਤਾਰਪੁਰ ਵਿੱਖੇ ਹੀ

ਉਨ੍ਹਾਂ ਨੇ 'ਸੰਗਤ' ਅਤੇ 'ਪੰਗਤ' ਦੀ ਨੀਂਹ ਰੱਖੀ ਜਿਸ ਨਾਲ ਮਨੁੱਖ ਜਾਤੀ ਵਿੱਚੋਂ ਊਚ-ਨੀਚ ਦਾ ਫ਼ਰਕ ਮਿਟ ਗਿਆ।ਆਪਣਾ ਅੰਤਲਾ ਸਮਾਂ ਨੇੜੇ ਆਉਂਦਿਆਂ ਦੇਖ, ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ।

**60.ਗੋਇੰਦਵਾਲ ਵਿਚਲੀ ਬਾਉਲੀ ਦਾ ਵਰਣਨ ਕਰੋ ।**

ਉੱਤਰ-ਗੁਰੂ ਅੰਗਦ ਦੇਵ ਜੀ ਨੇ ਗੋਇੰਦਵਾਲ ਵਿਖੇ ਬਾਉਲੀ (ਜਲ ਸਰੋਤ )ਦੀ ਨੀਂਹ ਰੱਖੀ ਸੀ। ਗੁਰੂ ਅਮਰਦਾਸ ਜੀ ਨੇ ਉਸ ਬਾਉਲੀ ਦੇ ਨਿਰਮਾਣ ਦਾ ਕੰਮ ਪੂਰਾ ਕਰਵਾਇਆ। ਇਸ ਬਾਉਲੀ ਦੀਆਂ 84 ਪੌੜੀਆਂ ਬਣਾਈਆਂ ਗਈਆਂ । ਗੁਰੂ ਅਮਰਦਾਸ ਜੀ ਨੇ ਵਚਨ ਕੀਤਾ ਕਿ ਜੇਕਰ ਕੋਈ ਸਿੱਖ ਹਰ ਪੌੜੀ ਤੇ ਸੱਚੇ ਮਨ ਨਾਲ ਜਪੁਜੀ ਸਾਹਿਬ ਦਾ ਪਾਠ ਕਰਕੇ 84ਵੀਂ ਪੌੜੀ 'ਤੇ ਇਸ਼ਨਾਨ ਕਰੇਗਾ ਤਾਂ ਉਸ ਦੀ ਚੌਰਾਸੀ ਕੱਟੀ ਜਾਵੇਗੀ। ਸਿੱਟੇ ਵਜੋਂ ਇਸ ਨਾਲ ਸਿੱਖਾਂ ਨੂੰ ਇੱਕ ਸੁਤੰਤਰ ਤੀਰਥ-ਸਥਾਨ ਪ੍ਰਾਪਤ ਹੋ ਗਿਆ। ਉਨ੍ਹਾਂ ਨੂੰ ਪੀਣ ਲਈ ਸਾਫ਼ ਸੁਥਰਾ ਪਾਣੀ ਵੀ ਮਿਲਣ ਲੱਗ ਪਿਆ ।

**61. ਮੰਜੀ ਪ੍ਰਥਾ ਤੋਂ ਕੀ ਭਾਵ ਹੈ ਤੇ ਇਸ ਦਾ ਕੀ ਉਦੇਸ਼ ਸੀ ?**

ਉੱਤਰ : ਗੁਰੂ ਅਮਰਦਾਸ ਜੀ ਦੇ ਸਮੇਂ ਤਕ ਸਿੱਖਾਂ ਦੀ ਸੰਖਿਆ ਬਹੁਤ ਵੱਧ ਗਈ ਸੀ। ਇਸ ਲਈ ਪੰਜਾਬ ਦੇ ਬਾਕੀ ਥਾਵਾਂ 'ਤੇ ਸਾਰੇ ਸਿੱਖਾਂ ਨੂੰ ਗੁਰੂ ਜੀ ਵੱਲੋਂ ਉਪਦੇਸ਼ ਦੇਣਾ ਔਖਾ ਹੋ ਗਿਆ ਸੀ । ਇਸ ਲਈ ਸਿੱਖਾਂ ਦੀ ਲੋੜ ਨੂੰ ਪੂਰਾ ਕਰਨ ਲਈ ਗੁਰੂ ਅਮਰਦਾਸ ਜੀ ਨੇ 'ਮੰਜੀ ਪ੍ਰਥਾ' ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਆਪਣੇ ਅਧਿਆਤਮਿਕ ਸਾਮਰਾਜ ਨੂੰ 22 ਹਿੱਸਿਆਂ ਵਿੱਚ ਵੰਡਿਆ। ਹਰ ਇਕ ਭਾਗ ਨੂੰ ਮੰਜੀ ਕਿਹਾ ਜਾਣ ਲੱਗਾ। ਗੁਰੂ ਜੀ ਨੇ ਹਰ ਇੱਕ ਮੰਜੀ ਲਈ ਇਕ ਪ੍ਰਭਾਵਸ਼ਾਲੀ ਸਿੱਖ ਨਿਯੁਕਤ ਕੀਤਾ । ਉਸ ਸਿੱਖ ਦਾ ਕੰਮ ਆਪਣੇ ਇਲਾਕੇ ਵਿੱਚ ਗੁਰੂ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਅਤੇ ਨਾਲ-ਨਾਲ ਉਹ ਸਿੱਖਾਂ ਵੱਲੋਂ ਦਿੱਤੀ ਭੇਟਾ ਲੈ ਕੇ ਗੁਰੂ ਸਾਹਿਬ ਤੱਕ ਵੀ ਪਹੁੰਚਾਉਣਾ ਸੀ ਕਿਉਂਕਿ ਉਹ ਸਿੱਖ ਮੰਜੀ ਉੱਤੇ ਬੈਠ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਸੀ। ਇਸ ਲਈ ਧਰਮ ਪ੍ਰਚਾਰ ਦੀ ਇਸ ਪ੍ਰਥਾ ਨੂੰ 'ਮੰਜੀ ਪ੍ਰਥਾ'ਕਿਹਾ ਜਾਣ ਲੱਗਾ।

**62.ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਉਦਾਸੀ ਮੱਤ ਨਾਲੋਂ ਕਿਵੇਂ ਨਿਖੇੜਿਆ ?**

ਉੱਤਰ- ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ਪਿੱਛੋਂ ਉਨ੍ਹਾਂ ਦੇ ਵੱਡੇ ਸਪੁੱਤਰ ਸ੍ਰੀ ਚੰਦ ਨੇ ਉਦਾਸੀ ਸੰਪਰਦਾਇ ਚਲਾਈ। ਜਿਸ ਵਿਚ ਬ੍ਰਹਮਚਾਰੀਆ ਜੀਵਨ ਅਤੇ ਤਿਆਗ ਦੀ ਪਾਲਣਾ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਪਰ ਤਿਆਗ ਦੀ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ ਹੈ ।ਗੁਰੂ ਅੰਗਦ ਦੇਵ ਜੀ ਨੇ ਉਦਾਸੀ ਮੱਤ ਦਾ ਖੰਡਨ ਕਰਦਿਆਂ ਕਿਹਾ ਕਿ ਜੋ ਸਿੱਖ ਤਿਆਗ ਵਿਚ ਵਿਸ਼ਵਾਸ ਕਰਦਾ ਹੈ ਉਹ ਸਿੱਖ ਨਹੀਂ ਹੈ ।ਇਸ ਕਾਰਨ ਸਿੱਖਾਂ ਨੇ ਉਦਾਸੀਆਂ ਨਾਲੋਂ ਸੰਬੰਧ ਤੋੜ ਲਏ ਅਤੇ ਗੁਰੂ ਜੀ ਦੇ ਹੁਕਮ ਅਨੁਸਾਰ ਗ੍ਰਹਿਸਥ ਜੀਵਨ ਬਤੀਤ ਕਰਨ ਲੱਗੇ ।

**63.ਗੁਰੂ ਅਮਰਦਾਸ ਜੀ ਨੇ ਵਿਆਹ ਦੀਆਂ ਰੀਤਾਂ ਵਿਚ ਕੀ-ਕੀ ਸੁਧਾਰ ਕੀਤੇ ?**

ਉੱਤਰ-1.ਗੁਰੂ ਜੀ ਨੇ 'ਆਨੰਦ' ਨਾਮੀ ਬਾਣੀ ਦੀ ਰਚਨਾ ਕੀਤੀ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਜਨਮ ਵਿਆਹ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ ਉੱਤੇ 'ਆਨੰਦ ਸਾਹਿਬ' ਦਾ ਪਾਠ ਕਰਨ ।ਇਸ ਕਾਰਨ ਸਿੱਖਾਂ ਨੇ ਵਿਅਰਥ ਅਤੇ ਗੁੰਝਲਦਾਰ ਰੀਤੀ ਰਿਵਾਜਾਂ ਨੂੰ ਤਿਆਗ ਦਿੱਤਾ ਅਤੇ ਸਿੱਖ ਹਿੰਦੂਆਂ ਨਾਲੋਂ ਵੱਖ ਹੋਣ ਲੱਗ ਪਏ।

**64 .ਆਨੰਦ ਸਾਹਿਬ ਬਾਰੇ ਲਿਖੋ ।**

ਉੱਤਰ-'ਆਨੰਦ ਸਾਹਿਬ' ਬਾਣੀ ਸ੍ਰੀ ਗੁਰੂ ਅਮਰਦਾਸ ਜੀ ਦੀ ਰਚਨਾ ਹੈ । ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਜਨਮ ਵਿਆਹ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ ਉੱਤੇ 'ਆਨੰਦ ਸਾਹਿਬ' ਦਾ ਪਾਠ ਕਰਨ ।ਇਸ ਬਾਣੀ ਕਰਕੇ ਸਿੱਖਾਂ ਨੇ ਵਿਅਰਥ ਅਤੇ ਗੁੰਝਲਦਾਰ ਰੀਤੀ -ਰਿਵਾਜ ਤਿਆਗ ਦਿੱਤੇ ਅਤੇ ਉਹ ਹਿੰਦੂਆਂ ਨਾਲੋਂ ਵੱਖ ਹੋਣ ਲੱਗੇ ।

**65 .ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦਾ ਵਰਣਨ ਕਰੋ।**

ਉੱਤਰ –ਸ੍ਰੀ ਗੁਰੂ ਰਾਮਦਾਸ ਜੀ ਦੀ ਸਿੱਖ ਧਰਮ ਨੂੰ ਸਭ ਤੋਂ ਮਹਾਨ ਦੇਣ ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਨੀਂਹ ਰੱਖਣਾ ਸੀ ।ਮੁਗਲ ਸਮਰਾਟ ਅਕਬਰ ਨੇ ਗੁਰੂ ਜੀ ਦੀ ਬੇਟੀ ਬੀਬੀ ਭਾਨੀ ਨੂੰ ਕੁਝ ਪਿੰਡਾਂ ਦੀ ਭੂਮੀ ਦਿੱਤੀ ਸੀ ।ਗੁਰੂ ਜੀ ਨੇ ਸਿੱਖਾਂ ਦੀ ਸਭਾ ਵਿਚ ਭਾਈ ਜੇਠਾ ਜੀ ਨੂੰ ਇਹ ਧਰਤੀ ਸੌਂਪ ਦਿੱਤੀ ਅਤੇ ਉੱਥੇ 'ਸੰਤੋਖਸਰ' ਅਤੇ 'ਅੰਮ੍ਰਿਤਸਰ' ਨਾਮੀਂ ਦੋ ਸਰੋਵਰਾਂ ਦੀ ਖੁਦਾਈ ਦਾ ਕੰਮ ਆਰੰਭ ਕਰਵਾ ਦਿੱਤਾ ।ਗੁਰਗੱਦੀ ਉੱਤੇ ਬੈਠਣ ਮਗਰੋਂ ਗੁਰੂ ਰਾਮਦਾਸ ਜੀ ਆਪ ਉਸ ਥਾਂ ਤੇ ਜਾ ਕੇ ਰਹਿਣ ਲੱਗੇ ।ਹੌਲੀ-ਹੌਲੀ ਅੰਮ੍ਰਿਤਸਰ ਸਰੋਵਰ ਦੇ ਚਾਰ ਚੁਫੇਰੇ ਬਹੁਤ ਸਾਰੇ ਲੋਕ ਵੱਸ ਗਏ। ਕਈ ਪ੍ਰਕਾਰ ਦੀਆਂ ਵਸਤੂਆਂ ਦੀਆਂ ਦੁਕਾਨਾਂ ਵੀ ਖੁੱਲ੍ਹ ਗਈਆਂ ।ਜਿਸ ਕਾਰਨ

ਇੱਥੇ 'ਗੁਰੂ ਕਾ ਬਾਜ਼ਾਰ' ਨਾਂ ਦਾ ਬਾਜ਼ਾਰ ਹੋਂਦ ਵਿੱਚ ਆ ਗਿਆ। ਇਸਦੇ ਨਾਲ ਹੀ ਇੱਕ ਸ਼ਹਿਰ ਵੀ ਹੋਂਦ ਵਿੱਚ ਆ ਗਿਆ ਜਿਸ ਨੂੰ 'ਗੁਰੂ ਚੱਕ' ਜਾਂ 'ਚੱਕ ਗੁਰੂ ਰਾਮਦਾਸ' ਜਾਂ 'ਰਾਮਦਾਸਪੁਰ' ਆਦਿ ਨਾਵਾਂ ਨਾਲ ਬੁਲਾਇਆ ਜਾਣ ਲੱਗਾ ।ਬਾਅਦ ਵਿਚ ਅੰਮ੍ਰਿਤਸਰ ਸਰੋਵਰ ਦੇ ਨਾਂ ਤੇ ਹੀ ਇਸ ਦਾ ਨਾਂ ਅੰਮ੍ਰਿਤਸਰ ਪੈ ਗਿਆ।

**66.ਹਰਿਮੰਦਰ ਸਾਹਿਬ ਬਾਰੇ ਜਾਣਕਾਰੀ ਦਿਓ।**

ਉੱਤਰ -ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ 1588 ਈਸਵੀ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ।ਹਰਿਮੰਦਰ ਸਾਹਿਬ ਦਾ ਨੀਂਹ ਪੱਥਰ 1589 ਈਸਵੀ ਵਿੱਚ ਸੂਫ਼ੀ ਫ਼ਕੀਰ, ਮੀਆਂ ਮੀਰ ਨੇ ਰੱਖਿਆ। ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਰੱਖੇ ਗਏ ਭਾਵ ਇਹ ਮੰਦਰ ਸਾਰੀਆਂ ਜਾਤਾਂ ਅਤੇ ਚਾਰੇ ਪਾਸਿਓਂ ਤੋਂ ਆਉਣ ਵਾਲੇ ਲੋਕਾਂ ਲਈ ਖੁੱਲ੍ਹਾ ਹੈ ।ਹਰਿਮੰਦਰ ਸਾਹਿਬ ਦੀ ਉਸਾਰੀ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ ਰੇਖ ਹੇਠ 1601 ਈਸਵੀ ਵਿਚ ਸੰਪੂਰਨ ਹੋਈ ।ਸਤੰਬਰ 1604 ਈਸਵੀ ਵਿੱਚ ਹਰਿਮੰਦਰ ਸਾਹਿਬ ਵਿੱਚ ਆਦਿ-ਗ੍ਰੰਥ ਸਾਹਿਬ ਦੀ ਸਥਾਪਨਾ ਕਰ ਦਿੱਤੀ ਗਈ ।ਬਾਬਾ ਬੁੱਢਾ ਜੀ ਨੂੰ ਉੱਥੋਂ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ ।

**67.ਤਰਨਤਾਰਨ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ -ਸ੍ਰੀ ਗੁਰੂ ਅਰਜਨ ਦੇਵ ਜੀ ਨੇ 1590 ਈਸਵੀ ਵਿਚ ਰਾਵੀ ਅਤੇ ਬਿਆਸ ਨਦੀਆਂ ਵਿਚਕਾਰ ਤਰਨਤਾਰਨ ਨਾਮੀ ਸ਼ਹਿਰ ਦੀ ਨੀਂਹ ਰੱਖੀ ।ਇਸ ਸ਼ਹਿਰ ਵਾਲੀ ਜ਼ਮੀਨ ਗੁਰੂ ਜੀ ਨੇ ਖਾਰਾ ਪਿੰਡ ਦੇ ਲੋਕਾਂ ਤੋਂ ਖਰੀਦ ਕੇ ਇਕ ਸਰੋਵਰ ਦੀ ਖੁਦਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ। ਇਸ ਸਰੋਵਰ ਦਾ ਨਾਂ ਤਰਨਤਾਰਨ ਰੱਖਿਆ ਗਿਆ।ਜਿਸ ਦਾ ਭਾਵ ਸੀ ਕਿ ਇਸ ਵਿੱਚ ਇਸ਼ਨਾਨ ਕਰਨ ਵਾਲਾ ਵਿਅਕਤੀ ਇਸ ਸੰਸਾਰ ਦੇ ਭਵ ਸਾਗਰ ਤੋਂ ਤਰ ਜਾਂਦਾ ਹੈ ।ਹੌਲੀ -ਹੌਲੀ ਉਸ ਸਰੋਵਰ ਦੇ ਆਲੇ-ਦੁਆਲੇ ਇਕ ਸ਼ਹਿਰ ਵੱਸ ਗਿਆ ਜੋ ਸਿੱਖਾਂ ਦਾ ਇੱਕ ਹੋਰ ਪ੍ਰਸਿੱਧ ਤੀਰਥ ਸਥਾਨ ਬਣ ਗਿਆ । ਤਰਨਤਾਰਨ ਦੀ ਸਥਾਪਨਾ ਹੋਣ ਕਾਰਨ ਮਾਝੇ ਦੇ ਬਹੁਤ ਸਾਰੇ ਜੱਟਾਂ ਨੇ ਸਿੱਖ ਧਰਮ ਨੂੰ ਅਪਣਾ ਲਿਆ ਜੋ ਬਾਅਦ ਵਿੱਚ ਵਧੀਆ ਸੈਨਿਕ ਸਿੱਧ ਹੋਏ ।

**68.ਮਸੰਦ ਪ੍ਰਥਾ ਤੋਂ ਸਿੱਖ ਧਰਮ ਨੂੰ ਕੀ-ਕੀ ਲਾਭ ਹੋਏ ?**

ਉੱਤਰ-1.ਇਹ ਪ੍ਰਥਾ ਸਿੱਖ ਧਰਮ ਦੇ ਵਿਕਾਸ ਲਈ ਅਤਿ ਮਹੱਤਵਪੂਰਨ ਸਿੱਧ ਹੋਈ ।

2.ਇਸ ਨਾਲ ਗੁਰੂ ਸਾਹਿਬ ਨੂੰ ਨਿਸ਼ਚਿਤ ਰੂਪ ਵਿੱਚ ਧਨ ਪ੍ਰਾਪਤ ਹੋਣ ਲੱਗਾ।

3.ਮਸੰਦਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੀ ਪ੍ਰਸ਼ੰਸਾਯੋਗ ਹਿੱਸਾ ਪਾਇਆ।

4.ਮਸੰਦ ਪ੍ਰਥਾ ਕਾਰਨ ਸਿੱਖ ਸੰਗਠਿਤ ਹੋ ਗਏ ਜਿਸ ਨਾਲ ਸਿੱਖ ਧਰਮ ਦਾ ਵਿਕਾਸ ਹੋਇਆ ।

**69.ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਰੋਜ਼ਾਨਾ ਜੀਵਨ ਬਾਰੇ ਦੱਸੋ ।**

ਉੱਤਰ-ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪ੍ਰਭਾਤ ਵੇਲੇ ਉੱਠਦੇ ,ਇਸ਼ਨਾਨ ਕਰਦੇ ਅਤੇ ਸ਼ਾਹੀ ਢੰਗ ਨਾਲ ਸੱਜ ਕੇ ਲੰਗਰ ਵਿੱਚ ਜਾਂਦੇ ।ਜਿੱਥੇ ਉਨ੍ਹਾਂ ਦੀ ਦੇਖ-ਰੇਖ ਵਿਚ ਸਾਰੇ ਸੈਨਿਕਾਂ ਅਤੇ ਸਿੱਖਾਂ ਨੂੰ ਲੰਗਰ ਛਕਾਇਆ ਜਾਂਦਾ । ਉਸ ਤੋਂ ਪਿੱਛੋਂ ਗੁਰੂ ਜੀ ਆਪਣੇ ਸੇਵਕਾਂ ,ਸ਼ਿਕਾਰੀ ਕੁੱਤਿਆਂ ਅਤੇ ਬਾਜ਼ ਨਾਲ ਸ਼ਿਕਾਰ ਨੂੰ ਜਾਂਦੇ । ਉਨ੍ਹਾਂ ਨੇ ਸਿੱਖਾਂ ਵਿਚ ਨਵਾਂ ਉਤਸ਼ਾਹ ਭਰਨ ਲਈ ਆਪਣੇ ਦਰਬਾਰ ਦੇ ਅਬਦੁਲ ਅਤੇ ਨੱਥਾ ਮੱਲ ਢਾਡੀਆਂ ਨੂੰ ਵੀਰ ਰਸ ਦੀਆਂ ਵਾਰਾਂ ਗਾਉਣ ਲਈ ਲਾਇਆ । ਗੁਰੂ ਜੀ ਨੇ ਇੱਕ ਵਿਸ਼ੇਸ਼ 'ਸੰਗੀਤ ਮੰਡਲੀ' ਵੀ ਸਥਾਪਤ ਕੀਤੀ ਜੋ ਰਾਤ ਨੂੰ ਢੋਲਕ ਦੀ ਧੁਨੀ ਅਤੇ ਮਸ਼ਾਲਾਂ ਦੀ ਰੋਸ਼ਨੀ ਨਾਲ ਹਰਿਮੰਦਰ ਸਾਹਿਬ ਦੀ ਪਰਕਰਮਾ ਕਰਦਿਆਂ ਉੱਚੇ ਸੁਰ ਵਿੱਚ ਜੋਸ਼ੀਲੇ ਸ਼ਬਦ ਗਾਉਂਦੀ ।

**70.ਅਕਾਲ ਤਖ਼ਤ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ- ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ । ਉਸ ਦੇ ਅੰਦਰ 12 ਫੁੱਟ ਉੱਚੇ ਥੜ੍ਹੇ ਦਾ ਨਿਰਮਾਣ ਕਰਵਾਇਆ ਜੋ ਰਾਜਿਆਂ ਮਹਾਰਾਜਿਆਂ ਦੀ ਤਖ਼ਤ ਵਰਗਾ ਸੀ । ਹਰਿਮੰਦਰ ਸਾਹਿਬ ਵਿੱਚ ਗੁਰੂ ਜੀ ਧਾਰਮਿਕ ਸਿੱਖਿਆ ਦਿੰਦੇ ਸਨ ਅਤੇ ਉਸ ਥੜ੍ਹੇ ਉੱਤੇ ਬੈਠ ਕੇ ਉਹ ਆਪਣੇ ਸਿੱਖਾਂ ਨੂੰ ਰਾਜਨੀਤਕ ਸਿੱਖਿਆ ਦਿੰਦੇ ਸਨ । ਉੱਥੇ ਉਹ ਆਪਣੇ ਸੈਨਿਕਾਂ ਨੂੰ ਸ਼ਸਤਰ ਵੰਡਦੇ ਅਤੇ ਢਾਡੀਆਂ ਤੋਂ ਵੀਰ ਰਸ ਦੀਆਂ ਜੋਸ਼ੀਲੀਆਂ ਵਾਰਾਂ ਸੁਣਦੇ ।ਅਕਾਲ ਤਖ਼ਤ ਸਾਹਿਬ ਦੇ ਨੇੜੇ ਹੀ ਉਹ ਅਖਾੜੇ ਵਿੱਚ ਸਿੱਖਾਂ ਨੂੰ ਕਸਰਤ ਲਈ ਪ੍ਰੇਰਿਤ ਕਰਦੇ ਸਨ ।

**71.ਸ੍ਰੀ ਗੁਰੂ ਅੰਗਦ ਦੇਵ ਜੀ ਰਾਹੀਂ ਸਿੱਖ ਸੰਸਥਾ ਦੇ ਵਿਕਾਸ ਲਈ ਕੀਤੇ ਚਾਰ ਕਾਰਜਾਂ ਬਾਰੇ ਲਿਖੋ ।**

ਉੱਤਰ-1.ਗੁਰਮੁਖੀ ਲਿਪੀ ਵਿੱਚ ਸੁਧਾਰ – ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਨੂੰ ਆਖਰੀ ਰੂਪ ਦੇਣ ਲਈ ਪੰਜਾਬੀ ਲਿਪੀ ਨੂੰ ਸੁਧਾਰਿਆ ਅਤੇ ਉਸ ਨੂੰ 'ਗੁਰਮੁਖੀ' ਦਾ ਨਾਂ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਲਿਪੀ ਨੂੰ ਪ੍ਰਚਾਰਨ ਲਈ 'ਬਾਲ ਬੋਧ' ਵੀ ਤਿਆਰ ਕੀਤਾ।

2.ਲੰਗਰ ਪ੍ਰਥਾ -ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਲੰਗਰ ਪ੍ਰਥਾ ਨੂੰ ਗੁਰੂ ਅੰਗਦ ਦੇਵ ਜੀ ਨੇ ਅੱਗੇ ਵਧਾਇਆ ।ਸ੍ਰੀ ਗੁਰੂ ਅੰਗਦ ਦੇਵ ਜੀ ਦੀ ਧਰਮ ਪਤਨੀ ਮਾਤਾ ਖੀਵੀ ਜੀ ਲੰਗਰ ਦੀ ਸੇਵਾ ਕਰਦੇ ਸਨ ।ਇਸ ਪ੍ਰਥਾ ਨਾਲ ਗੁਰੂ ਘਰ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ।

3.ਸੰਗਤ ਪ੍ਰਥਾ -ਸ੍ਰੀ ਗੁਰੂ ਅੰਗਦ ਦੇਵ ਜੀ ਹਰ ਰੋਜ਼ ਪ੍ਰਭਾਤ ਵੇਲੇ ਖਡੂਰ ਸਾਹਿਬ ਵਿਖੇ ਧਾਰਮਿਕ ਸਭਾ ਕਰਦੇ ਸਨ। ਇਸ ਵਿੱਚ ਉਹ ਸਿੱਖਾਂ ਨੂੰ ਨਿਸ਼ਚਿਤ ਨਿਯਮਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਲਈ ਹੁਕਮ ਕਰਦੇ ।ਉਹ ਹਰ ਸਿੱਖ ਨੂੰ ਨਾਮ ਜਪਣ ਤੇ ਨੈਤਿਕ ਸਿਧਾਂਤਾਂ ਦੀ ਪਾਲਣਾ ਕਰਨ ਦੀ ਸਿੱਖਿਆ ਦਿੰਦੇ । ਉਹ ਹਰ ਸਿੱਖ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਣ, ਸਮਾਜ ਦੀ ਸੇਵਾ ਕਰਨ 'ਤੇ ਜ਼ੋਰ ਦਿੰਦੇ ਜਿਸ ਕਾਰਨ ਲੋਕ ਸਿੱਖ ਧਰਮ ਵੱਲ ਆਉਣ ਲੱਗੇ।

4.ਸਰੀਰਕ ਕਸਰਤ ਕਰਨ ਦੀ ਸਿੱਖਿਆ -ਗੁਰੂ ਸਾਹਿਬ ਸਿੱਖਾਂ ਨੂੰ ਕੇਵਲ ਮਨ ਅਤੇ ਆਤਮਾ ਤੋਂ ਬਲਵਾਨ ਨਹੀਂ ਸਨ ਕਰਦੇ, ਸਗੋਂ ਸਿੱਖਾਂ ਨੂੰ ਸਰੀਰਕ ਤੌਰ 'ਤੇ ਵੀ ਬਲਵਾਨ ਬਣਾਉਣਾ ਚਾਹੁੰਦੇ ਸਨ। ਇਸ ਉਦੇਸ਼ ਲਈ ਉਨ੍ਹਾਂ ਨੇ ਖਡੂਰ ਸਾਹਿਬ ਵਿਖੇ ਇੱਕ ਅਖਾੜਾ ਬਣਵਾਇਆ ਜਿੱਥੇ ਉਹ ਆਪਣੇ ਸਿੱਖਾਂ ਨੂੰ ਕਸਰਤ ਕਰਵਾਉਂਦੇ ਸਨ।

**72 .ਮਸੰਦ ਪ੍ਰਥਾ ਸਿੱਖ ਧਰਮ ਦੇ ਵਿਕਾਸ ਵਿੱਚ ਕਿਸ ਤਰ੍ਹਾਂ ਲਾਭਕਾਰੀ ਸਿੱਧ ਹੋਈ ?**

ਉੱਤਰ-'ਅੰਮ੍ਰਿਤਸਰ' ਅਤੇ 'ਸੰਤੋਖਸਰ' ਸਰੋਵਰਾਂ ਦੀ ਖੁਦਾਈ ਅਤੇ ਰਾਮਦਾਸਪੁਰ ਜਾਂ ਅੰਮ੍ਰਿਤਸਰ ਸ਼ਹਿਰ ਦੇ ਨਿਰਮਾਣ ਦੇ ਕੰਮ ਲਈ ਬਹੁਤ ਸਾਰੇ ਧਨ ਦੀ ਲੋੜ ਸੀ । ਇਸ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਕੁਝ ਸ਼ਰਧਾਲੂ ਸਿੱਖਾਂ ਨੂੰ ਧਨ ਇਕੱਠਾ ਕਰਨ ਲਈ ਕਈ ਥਾਵਾਂ ਉੱਤੇ ਭੇਜਿਆ ਜਿਨ੍ਹਾਂ ਨੂੰ 'ਮਸੰਦ' ਕਿਹਾ ਜਾਣ ਲੱਗਾ। ਸਿੱਖਾਂ ਕੋਲੋਂ ਧਨ ਇਕੱਠਾ ਕਰਨ ਦੇ ਨਾਲ-ਨਾਲ ਉਹ ਲੋਕ ਸਿੱਖ ਧਰਮ ਦਾ ਪ੍ਰਚਾਰ ਵੀ ਕਰਦੇ ਸਨ। ਇਸ ਤਰ੍ਹਾਂ ਮਸੰਦ ਪ੍ਰਥਾ ਦੇ ਫਲਸਰੂਪ ਸਿੱਖ ਧਰਮ ਦਾ ਬਹੁਤ ਪ੍ਰਚਾਰ ਹੋਇਆ ਅਤੇ ਕਈ ਗੈਰ ਸਿੱਖਾਂ ਨੇ ਵੀ ਸਿੱਖ ਧਰਮ ਨੂੰ ਅਪਣਾ ਲਿਆ ।

**73 .ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਨੋਟ ਲਿਖੋ।**

ਉੱਤਰ-ਦੋ ਮੁਗ਼ਲ ਬਾਦਸ਼ਾਹ ਅਕਬਰ ਤੇ ਜਹਾਂਗੀਰ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ । ਗੁਰੂਆਂ ਦੇ ਉਪਦੇਸ਼ਾਂ ਦਾ ਮੰਤਵ ਜਾਤ ਰਹਿਤ, ਵਹਿਮ ਰਹਿਤ, ਊਚ-ਨੀਚ ਅਤੇ ਧਰਮ ਦੇ ਵਿਤਕਰੇ ਰਹਿਤ ਸਮਾਜ ਸਥਾਪਤ ਕਰਨਾ ਸੀ। ਅਕਬਰ ਗੁਰੂ ਸਾਹਿਬਾਂ ਨੂੰ ਪਸੰਦ ਕਰਦਾ ਸੀ। ਪਰ ਜਹਾਂਗੀਰ ਗੁਰੂ ਅਰਜਨ ਦੇਵ ਜੀ ਦੀ ਵੱਧਦੀ ਹੋਈ ਪ੍ਰਸਿੱਧੀ ਨੂੰ ਪਸੰਦ ਨਹੀਂ ਕਰਦਾ ਸੀ ।ਉਸ ਨੂੰ ਇਹ ਵੀ ਗੁੱਸਾ ਸੀ ਕਿ ਜਿੱਥੇ ਗੁਰੂ ਸਾਹਿਬ ਦੇ ਹਿੰਦੂ ਲੋਕ ਅਨਯਾਈ ਬਣ ਰਹੇ ਹਨ ਉੱਥੇ ਕੁਝ ਮੁਸਲਮਾਨ ਵੀ ਉਨ੍ਹਾਂ ਦੇ ਪ੍ਰਭਾਵ ਹੇਠ ਵਿਚਰ ਰਹੇ ਸਨ ।ਸ਼ਹਿਜ਼ਾਦਾ ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਜਦੋਂ ਸ਼ਾਹੀ ਸੈਨਾਵਾਂ ਨੇ ਖੁਸਰੋ ਦਾ ਪਿੱਛਾ ਕੀਤਾ ਤਾਂ ਉਹ ਦੌੜ ਕੇ ਪੰਜਾਬ ਆਇਆ ਤੇ ਗੁਰੂ ਸਾਹਿਬ ਨੂੰ ਮਿਲਿਆ ।ਇਸ 'ਤੇ ਜਹਾਂਗੀਰ ਜੋ ਪਹਿਲਾਂ ਹੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਕਾਰਵਾਈ ਕਰਨ ਦਾ ਬਹਾਨਾ ਲੱਭ ਰਿਹਾ ਸੀ, ਰਾਜ ਦੇ ਬਾਗੀ ਖੁਸਰੋ ਦੀ ਸਹਾਇਤਾ ਕਰਨ ਦੇ ਅਪਰਾਧ ਵਿਚ ਗੁਰੂ ਸਾਹਿਬ ਉੱਪਰ ਦੋ ਲੱਖ ਰੁਪਏ ਜੁਰਮਾਨਾ ਕਰ ਦਿੱਤਾ ।ਗੁਰੂ ਜੀ ਨੇ ਇਸ ਜੁਰਮਾਨੇ ਨੂੰ ਅਣਉਚਿੱਤ ਸਮਝਦਿਆਂ ਹੋਇਆਂ ਦੇਣ ਤੋਂ ਨਾਂਹ ਕਰ ਦਿੱਤੀ ।ਜਿਸ ਕਾਰਨ ਉਨ੍ਹਾਂ ਨੂੰ ਸਰੀਰਕ ਤਸੀਹੇ ਦੇ ਕੇ 1606 ਈਸਵੀ ਵਿੱਚ ਸ਼ਹੀਦ ਕਰ ਦਿੱਤਾ ਗਿਆ।

**74.ਖ਼ਾਲਸਾ ਦੇ ਨਿਯਮਾਂ ਦਾ ਵਰਣਨ ਕਰੋ ।**

ਉੱਤਰ-1.'ਖ਼ਾਲਸਾ' ਵਿੱਚ ਪ੍ਰਵੇਸ਼ ਕਰਨ ਲਈ ਹਰ ਇਕ ਵਿਅਕਤੀ ਨੂੰ ਖੰਡੇ ਦੀ ਪਾਹੁਲ ਸੇਵਨ ਕਰਨੀ ਪਵੇਗੀ।

2.ਹਰ ਇੱਕ ਖ਼ਾਲਸਾ ਆਪਣੇ ਨਾਂ ਦੇ ਨਾਲ 'ਸਿੰਘ' ਸ਼ਬਦ ਅਤੇ ਖ਼ਾਲਸਾ ਇਸਤਰੀ ਆਪਣੇ ਨਾਂ ਦੇ ਨਾਲ 'ਕੌਰ' ਲਾਏਗੀ।

3.ਖ਼ਾਲਸਾ ਪੰਜ 'ਕਕਾਰ' -ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਧਾਰਨ ਕਰੇਗਾ।

4.ਖ਼ਾਲਸਾ ਕੇਵਲ ਇੱਕ ਈਸ਼ਵਰ ਵਿਚ ਵਿਸ਼ਵਾਸ ਕਰੇਗਾ। ਉਹ ਕਿਸੇ ਦੇਵੀ ਦੇਵਤੇ ਅਤੇ ਮੂਰਤੀ ਪੂਜਾ ਵਿਚ ਵਿਸ਼ਵਾਸ ਨਹੀਂ ਕਰੇਗਾ।

5.ਉਹ ਅੰਮ੍ਰਿਤ ਵੇਲੇ ਉੱਠ ਕੇ ਪੰਜ ਬਾਣੀਆਂ ਦਾ ਪਾਠ ਕਰੇਗਾ ਅਤੇ ਦਸਾਂ ਨਹੁੰਆਂ ਦੀ ਕਿਰਤ ਕਰੇਗਾ।

6.ਖ਼ਾਲਸਾ ਲੋਕ ਆਪਸ ਵਿੱਚ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਗਜਾਉਣਗੇ।

7.ਉਹ ਤੰਬਾਕੂ, ਹੋਰ ਨਸ਼ੀਲੀਆਂ ਚੀਜ਼ਾਂ ਅਤੇ ਹਲਾਲ ਮਾਸ ਵੀ ਨਹੀਂ ਖਾਏਗਾ।

8.ਉਹ ਆਪਣੇ ਚਰਿੱਤਰ ਨੂੰ ਸ਼ੁੱਧ ਰੱਖੇਗਾ ਅਤੇ ਨੈਤਿਕਤਾ ਦਾ ਪਾਲਣ ਕਰੇਗਾ।

**75.ਗੁਰਦਾਸ ਨੰਗਲ ਦੀ ਲੜਾਈ ਦਾ ਹਾਲ ਲਿਖੋ ।**

ਉੱਤਰ- 1715 ਈਸਵੀ ਵਿੱਚ ਬੰਦਾ ਸਿੰਘ ਬਹਾਦਰ ਨੇ ਪਹਾੜੀ ਇਲਾਕੇ ਤੋਂ ਉੱਤਰ ਕੇ ਕਲਾਨੌਰ ਅਤੇ ਬਟਾਲਾ ਉੱਤੇ ਫਿਰ ਆਪਣਾ ਅਧਿਕਾਰ ਜਮਾਂ ਲਿਆ । ਛੇਤੀ ਹੀ ਅਬਦੁਸ ਸਮਦ ਖ਼ਾਨ ਦੀ ਅਗਵਾਈ ਵਿਚ ਮੁਗਲਾਂ ਨੇ ਇੱਕ ਵਿਸ਼ਾਲ ਸੈਨਾ ਇਕੱਠੀ ਕੀਤੀ ਅਤੇ ਬੰਦਾ ਸਿੰਘ ਬਹਾਦਰ ਵਿਰੁੱਧ ਚੜ੍ਹਾਈ ਕਰ ਦਿੱਤੀ ।ਉਸ ਸਮੇਂ ਬੰਦਾ ਸਿੰਘ ਬਹਾਦਰ ਕੋਟ ਮਿਰਜ਼ਾ ਜਾਨ ਵਿਖੇ ਸੀ । ਮੁਗਲ ਸੈਨਾ ਅਚਾਨਕ ਹੀ ਸਿੱਖਾਂ ਉੱਤੇ ਟੁੱਟ ਪਈ ।ਸਿੱਖਾਂ ਨੇ ਉਨ੍ਹਾਂ ਦਾ ਬੜੀ ਬਹਾਦਰੀ ਨਾਲ ਟਾਕਰਾ ਕੀਤਾ। ਪਰ ਸਿੱਖ ਗੁਰਦਾਸ ਨੰਗਲ (ਗੁਰਦਾਸਪੁਰ ਤੋਂ ਛੇ ਕਿਲੋਮੀਟਰ ਦੂਰ ਪੱਛਮ ਵਿੱਚ ) ਵੱਲ ਪਿੱਛੇ ਹੱਟ ਗਏ ।ਉੱਥੇ ਉਨ੍ਹਾਂ ਨੇ ਦੁਨੀ ਚੰਦ ਦੀ ਹਵੇਲੀ ਵਿੱਚ ਸ਼ਰਨ ਲਈ ।ਦੁਸ਼ਮਣ ਨੂੰ ਦੂਰ ਰੱਖਣ ਲਈ ਸਿੱਖਾਂ ਨੇ ਹਵੇਲੀ ਦੁਆਲੇ ਖਾਈ ਪੁੱਟ ਕੇ ਉਸ ਵਿੱਚ ਪਾਣੀ ਭਰ ਦਿੱਤਾ। ਅਪਰੈਲ 1715 ਈਸਵੀ ਨੂੰ ਮੁਗਲ ਸੈਨਾ ਨੇ ਉਸ ਹਵੇਲੀ ਨੂੰ ਘੇਰਾ ਪਾ ਲਿਆ ।ਸਿੱਖਾਂ ਨੇ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ। ਉਨ੍ਹਾਂ ਨੇ ਮੁਗਲਾਂ ਦੀ ਫੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ ।ਅੱਠ ਮਹੀਨਿਆਂ ਤੱਕ ਉਹ ਘੇਰਾਬੰਦੀ ਜਾਰੀ ਰਹੀ ।ਅੰਤ ਨੂੰ ਸਿੱਖਾਂ ਕੋਲ ਭੋਜਨ ਸਮੱਗਰੀ ਖਤਮ ਹੋ ਗਈ ।ਕਈ ਦਿਨਾਂ ਤਕ ਉਹ ਘਾਹ , ਪੱਤੇ ਖਾ ਕੇ ਗੁਜ਼ਾਰਾ ਕਰਦੇ ਰਹੇ । ਬਿਨੋਦ ਸਿੰਘ ਹਵੇਲੀ ਛੱਡ ਕੇ ਜਾਣਾ ਚਾਹੁੰਦਾ ਸੀ ਪਰ ਬੰਦਾ ਸਿੰਘ ਬਹਾਦਰ ਮਰਦੇ ਦਮ ਤਕ ਲੜਨਾ ਚਾਹੁੰਦਾ ਸੀ। ਅੰਤ ਨੂੰ ਵਿਨੋਦ ਸਿੰਘ ਅਤੇ ਉਸ ਦੇ ਸਾਥੀ ਉਹ ਗੜ੍ਹੀ ਛੱਡ ਗਏ ।ਸਿੱਟੇ ਵਜੋਂ ਸਿੱਖਾਂ ਦੀ ਤਾਕਤ ਘਟ ਗਈ ।ਇਸ ਹਾਲਤ ਵਿੱਚ ਉਨ੍ਹਾਂ ਨੂੰ ਹੋਰ ਲੜਨਾ ਅਸੰਭਵ ਹੋ ਗਿਆ । ਇਸ ਲਈ 7 ਦਸੰਬਰ 1715 ਈਸਵੀ ਨੂੰ ਹਮਲਾਵਰ ਹਵੇਲੀ ਉੱਤੇ ਅਧਿਕਾਰ ਕਰਨ ਵਿਚ ਸਫ਼ਲ ਹੋ ਗਏ ।ਬੰਦਾ ਸਿੰਘ ਬਹਾਦਰ ਅਤੇ ਉਸ ਦੇ 200 ਸਾਥੀਆਂ ਨੂੰ ਕੈਦ ਕਰ ਲਿਆ ਗਿਆ।

**76. ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਤੇ ਸਿੱਖਿਆ ਬਾਰੇ ਲਿਖੋ ।**

ਉੱਤਰ – ਮਹਾਰਾਜਾ ਰਣਜੀਤ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ । ਉਸ ਨੂੰ ਬਚਪਨ ਵਿੱਚ ਬਹੁਤ ਲਾਡਾਂ ਅਤੇ ਚਾਵਾਂ ਨਾਲ ਪਾਲਿਆ ਗਿਆ । ਜਦੋਂ ਉਹ ਪੰਜਾਂ ਸਾਲਾਂ ਦਾ ਹੋਇਆ ਤਾਂ ਉਸ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਗੁੱਜਰਾਂਵਾਲਾ ਵਿਖੇ ਹੀ ਭਾਈ ਭਾਗੂ ਸਿੰਘ ਦੀ ਧਰਮਸ਼ਾਲਾ ਵਿੱਚ ਭੇਜਿਆ ਗਿਆ । ਪਰ ਉਸ ਨੇ ਬਾਕੀ ਦੇ ਸਰਦਾਰਾਂ ਦੇ ਪੁੱਤਰਾਂ ਵਾਂਗ ਪੜ੍ਹਾਈ ਲਿਖਾਈ ਵਿੱਚ ਕੋਈ ਵਿਸ਼ੇਸ਼ ਦਿਲਚਸਪੀ ਨਾ ਲਈ । ਇਸ ਲਈ ਉਹ ਅਨਪੜ੍ਹ ਹੀ ਰਹਿ ਗਿਆ । ਉਹ ਆਪਣਾ ਬਹੁਤਾ ਸਮਾਂ ਸ਼ਿਕਾਰ ਖੇਡਣ , ਘੋੜ ਸਵਾਰੀ ਕਰਨ ਅਤੇ ਤਲਵਾਰ ਬਾਜ਼ੀ ਸਿੱਖਣ ਵਿੱਚ ਹੀ ਬਿਤਾਉਂਦਾ । ਇਸ ਲਈ ਉਹ ਆਪਣੇ ਬਚਪਨ ਵਿੱਚ ਹੀ ਇੱਕ ਚੰਗਾ ਘੋੜ-ਸਵਾਰ , ਤਲਵਾਰ-ਬਾਜ਼ ਅਤੇ ਤੀਰ-ਅੰਦਾਜ਼ ਬਣ ਗਿਆ ਸੀ । ਬਚਪਨ ਵਿੱਚ ਹੀ ਰਣਜੀਤ ਸਿੰਘ ਉੱਤੇ ਚੇਚਕ ਦੀ ਬਿਮਾਰੀ ਦਾ ਬੜਾ ਸਖ਼ਤ ਹਮਲਾ ਹੋਇਆ । ਇੱਕ ਵਾਰੀ ਤਾਂ ਉਸ ਦੇ ਬਚਣ ਦੀ ਵੀ ਆਸ ਨਹੀਂ ਸੀ ਰਹੀ । ਚੰਗੇ ਭਾਗਾਂ ਨੂੰ ਰਣਜੀਤ ਸਿੰਘ ਕੁਝ ਦਿਨਾਂ ਮਗਰੋਂ ਠੀਕ ਹੋ ਗਿਆ । ਪਰ ਉਹਨਾਂ ਦੇ ਚਿਹਰੇ ਉੱਤੇ ਚੇਚਕ ਦੇ ਦਾਗ ਰਹਿ ਗਏ । ਚੇਚਕ ਕਰ ਕੇ ਹੀ ਉਹਨਾਂ ਦੀ ਖੱਬੀ ਅੱਖ ਵੀ ਜਾਂਦੀ ਰਹੀ ।

**77.ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦੀਆਂ ਬਹਾਦਰੀ ਦੀਆਂ ਘਟਨਾਵਾਂ ਦਾ ਹਾਲ ਲਿਖੋ ।**

ਉੱਤਰ -ਮਹਾਰਾਜਾ ਰਣਜੀਤ ਸਿੰਘ ਬਾਲ ਅਵਸਥਾ ਵਿੱਚ ਹੀ ਸੂਰਬੀਰ ਯੋਧਾ ਬਣ ਗਏ ਸਨ । ਜਦੋਂ ਉਹ ਦਸਾਂ ਸਾਲ ਦਾ ਹੀ ਸੀ ਉਹਨਾਂ ਨੇ ਸਹੋਦਰਾ ਦੀ ਮੁਹਿੰਮ ਵਿੱਚ ਆਪਣੇ ਪਿਤਾ ਜੀ ਦਾ ਸਾਥ ਦਿੱਤਾ । ਉਹਨਾਂ ਨੇ ਇਸ ਮੁਹਿੰਮ ਵਿੱਚ ਆਪਣੇ ਪਿਤਾ ਦਾ ਸਾਥ ਹੀ ਨਹੀਂ ਦਿੱਤਾ ਸਗੋਂ ਉਹਨਾਂ ਦੇ ਬਿਮਾਰ ਪੈ ਜਾਣ 'ਤੇ ਉਸ ਨੇ ਸ਼ੁਕਰਚੱਕੀਆ ਸੈਨਾ ਦੀ ਅਗਵਾਈ ਵੀ ਕੀਤੀ । ਉਹਨਾਂ ਨੇ ਵੈਰੀ ਦੀ ਫੌਜ ਨੂੰ ਹਰਾਉਣ ਦੇ ਨਾਲ-ਨਾਲ ਉਸ ਦਾ ਗੋਲਾ ਬਾਰੂਦ ਵੀ ਲੁੱਟ ਲਿਆ । ਇੱਕ ਵਾਰੀ ਰਣਜੀਤ ਸਿੰਘ ਸ਼ਿਕਾਰ ਖੇਡਣ ਪਿੱਛੋਂ ਇੱਕਲੇ ਹੀ ਘੋੜੇ ' ਤੇ ਵਾਪਸ ਆ ਰਿਹਾ ਸੀ ਕਿ ਚੱਠਾ ਕਬੀਲੇ ਦੇ ਸਰਦਾਰ ਹਸ਼ਮਤ ਖਾਂ ਨੇ ਉਹਨਾਂ ਨੂੰ ਦੇਖ ਲਿਆ । ਹਸ਼ਮਤ ਖਾਂ ਨੂੰ ਕਦੇ ਮਹਾਂ ਸਿੰਘ ਨੇ ਹਰਾਇਆ ਸੀ । ਬਦਲਾ ਲੈਣ ਲਈ ਹਜ਼ਮਤ ਖਾਂ ਰਣਜੀਤ ਸਿੰਘ ਨੂੰ ਮਾਰਨ ਲਈ ਇੱਕ ਝਾੜੀ ਉਹਲੇ ਲੁਕ ਗਿਆ । ਜਦੋਂ ਰਣਜੀਤ ਸਿੰਘ ਉਸ ਝਾੜੀ ਕੋਲੋਂ ਲੰਘਣ ਲੱਗੇ ਤਾਂ ਹਸ਼ਮਤ ਖਾਂ ਨੇ ਉਹਨਾਂ ਉੱਤੇ ਵਾਰ ਕਰ ਦਿੱਤਾ । ਰਣਜੀਤ ਸਿੰਘ ਨੇ ਉਸ ਦੇ ਵਾਰ ਨੂੰ ਰੋਕਦਿਆਂ ਵੈਰੀ ਉੱਤੇ ਐਸਾ ਵਾਰ ਕੀਤਾ ਕਿ ਉਸ ਦਾ ਸਿਰ ਧੜ ਤੋਂ ਵੱਖ ਹੋ ਗਿਆ ।

**78.ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ੇ ਦਾ ਹਾਲ ਲਿਖੋ ।**

ਉੱਤਰ -ਲਾਹੌਰ ਦੇ ਨਿਵਾਸੀ ਭੰਗੀ ਸਰਦਾਰਾਂ ਦੇ ਕੁਸ਼ਾਸਨ ਤੋਂ ਤੰਗ ਆਏ ਹੋਏ ਸਨ। ਉਹਨਾਂ ਨੂੰ ਇਹ ਵੀ ਪਤਾ ਲੱਗਾ ਕਿ ਕਸੂਰ ਦਾ ਹਾਕਮ ਨਿਜ਼ਾਮਉੱਦੀਨ ਵੀ ਲਾਹੌਰ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਸਮੇਂ ਤੱਕ ਮਹਾਰਾਜਾ ਰਣਜੀਤ ਸਿੰਘ ਆਪਣੀ ਸੂਰਬੀਰਤਾ ਅਤੇ ਸੁੱਚਜਤਾ ਕਾਰਨ ਕਾਫ਼ੀ ਪ੍ਰਸਿੱਧ ਹੋ ਚੁੱਕੇ ਸਨ। ਇਸ ਲਈ ਲਾਹੌਰ ਦੇ ਪ੍ਰਮੁੱਖ ਸ਼ਹਿਰੀਆਂ ਨੇ ਜਿਨ੍ਹਾਂ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨ ਸ਼ਾਮਲ ਸਨ। ਰਣਜੀਤ ਸਿੰਘ ਨੂੰ ਲਾਹੌਰ ਉੱਤੇ ਕਬਜ਼ਾ ਕਰਨ ਲਈ ਸੱਦਾ-ਪੱਤਰ ਭੇਜਿਆ। ਇਸ ਪੱਤਰ ਵਿੱਚ ਭੰਗੀ ਸਰਦਾਰਾਂ ਦੀ ਅਯੋਗਤਾ ਅਤੇ ਉਹਨਾਂ ਰਾਹੀਂ ਲੋਕਾਂ 'ਤੇ ਕੀਤੇ ਗਏ ਅੱਤਿਆਚਾਰਾਂ ਦਾ ਵਰਣਨ ਕੀਤਾ ਗਿਆ ਸੀ। ਉਸ ਪੱਤਰ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਲਾਹੌਰ 'ਤੇ ਕਬਜ਼ਾ ਕਰੇ ਅਤੇ ਉਹਨਾਂ ਨੂੰ ਅੱਤਿਆਚਾਰੀ ਹਾਕਮਾਂ ਤੋਂ ਛੁਟਕਾਰਾ ਦੁਆਵੇ। ਸ਼ਹਿਰੀਆਂ ਨੇ ਉਸ ਨੂੰ ਇਹ ਵਿਸ਼ਵਾਸ ਵੀ ਦੁਆਇਆ ਕਿ ਜਦੋਂ ਉਹ ਲਾਹੌਰ ਉੱਤੇ ਹਮਲਾ ਕਰੇਗਾ ਤਾਂ ਉਹ ਲਾਹੌਰ ਦੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦੇਣਗੇ। ਲਾਹੌਰ ਦੇ ਸ਼ਹਿਰੀਆਂ ਵੱਲੋਂ ਸਾਥ ਦੇਣ ਦਾ ਵਿਸ਼ਵਾਸ ਮਿਲ ਜਾਣ 'ਤੇ ਰਣਜੀਤ ਸਿੰਘ ਨੇ ਆਪਣੀ ਤਿਆਰੀ ਦੇ ਨਾਲ-ਨਾਲ ਸਦਾ ਕੌਰ ਨੂੰ ਵੀ ਤਿਆਰ ਕਰ ਲਿਆ। ਰਣਜੀਤ ਸਿੰਘ ਅਤੇ ਸਦਾ ਕੌਰ ਦੀਆਂ ਫੌਜਾਂ ਨੇ ਲਾਹੌਰ ਵੱਲ ਕੂਚ ਕੀਤਾ। ਲਾਹੌਰ ਪੁੱਜਦਿਆਂ ਹੀ ਜਦੋਂ ਉਹ ਆਪਣੀਆਂ ਫੌਜਾਂ ਨਾਲ ਲਾਹੌਰ ਦਰਵਾਜ਼ੇ 'ਤੇ ਪੁੱਜਾ ਤਾਂ ਸ਼ਹਿਰੀਆਂ ਵੱਲੋਂ ਦਰਵਾਜ਼ਾ ਖੋਲ੍ਹ ਦਿੱਤਾ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਫੌਜ ਸ਼ਹਿਰ ਅੰਦਰ ਪੁੱਜ ਜਾਣ 'ਤੇ ਭੰਗੀ ਸਰਦਾਰ ਭੈ- ਭੀਤ ਹੋ ਗਏ। ਸਾਹਿਬ ਸਿੰਘ ਅਤੇ ਮੋਹਰ ਸਿੰਘ ਸ਼ਹਿਰ ਛੱਡ ਕੇ ਭੱਜ ਗਏ। ਚੇਤ ਸਿੰਘ ਨੇ ਆਪਣੇ-ਆਪ ਨੂੰ ਕਿਲ੍ਹੇ ਵਿੱਚ ਬੰਦ ਕਰ ਲਿਆ। ਕਿਲ੍ਹੇ ਵਿੱਚ ਰਸਦ ਪਾਣੀ ਦਾ ਪ੍ਰਬੰਧ ਪੂਰਾ ਨਾ ਹੋਣ ਕਰਕੇ ਉਹਨਾਂ ਨੇ ਅਗਲੇ ਦਿਨ ਹੀ ਹਥਿਆਰ ਸੁੱਟ ਦਿੱਤੇ।

**79. ਅੰਮ੍ਰਿਤਸਰ ਦੀ ਜਿੱਤ ਦੀ ਮਹੱਤਤਾ ਲਿਖੋ।**

ਉੱਤਰ -1.ਲਾਹੌਰ ਦੀ ਜਿੱਤ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਮਹੱਤਵਪੂਰਨ ਜਿੱਤ ਅੰਮ੍ਰਿਤਸਰ ਦੀ ਜਿੱਤ ਸੀ। ਜਿੱਥੇ ਲਾਹੌਰ ਪੰਜਾਬ ਦੀ ਰਾਜਧਾਨੀ ਸੀ ਉੱਥੇ ਹੁਣ ਅੰਮ੍ਰਿਤਸਰ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣ ਗਈ।

2. ਅੰਮ੍ਰਿਤਸਰ ਦੀ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸੈਨਿਕ ਸ਼ਕਤੀ ਵਿੱਚ ਵਾਧਾ ਹੋਇਆ। ਲੋਹਗੜ੍ਹ ਦਾ ਕਿਲ੍ਹਾ ਉਹਨਾਂ ਲਈ ਬੜਾ ਵੱਡਮੁੱਲਾ ਸਾਬਤ ਹੋਇਆ।

3.ਉਹਨਾਂ ਨੂੰ ਤਾਂਬੇ ਅਤੇ ਪਿੱਤਲ ਦੀ ਬਣੀ ਹੋਈ ਬਹੁਤ ਵੱਡੀ ਜਮ- ਜਮਾ ਤੋਪ ਵੀ ਪ੍ਰਾਪਤ ਹੋਈ।

4.ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਸਿੱਧ ਸੈਨਿਕ ਅਕਾਲੀ ਫੂਲਾ ਸਿੰਘ ਦੀਆਂ ਸੇਵਾਵਾਂ ਦੀ ਪ੍ਰਾਪਤੀ ਹੋਈ।

5. ਨਿਹੰਗਾਂ ਦੀ ਅਸਾਧਾਰਣ ਦਲੇਰੀ ਅਤੇ ਬਹਾਦਰੀ ਕਾਰਨ ਮਹਾਰਾਜਾ ਰਣਜੀਤ ਸਿੰਘਾਂ ਨੇ ਕਈ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ।

6. ਅੰਮ੍ਰਿਤਸਰ ਦੀ ਜਿੱਤ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦੀ ਮਸ਼ਹੂਰੀ ਦੂਰ - ਦੂਰ ਤੱਕ ਫੈਲ ਗਈ।

7. ਭਾਰਤ ਦੇ ਅੰਗਰੇਜ਼ੀ ਰਾਜ ਵਿੱਚੋਂ ਬਹੁਤ ਸਾਰੇ ਭਾਰਤੀ ਉਹਨਾਂ ਦੇ ਰਾਜ ਵਿੱਚ ਨੌਕਰੀ ਕਰਨ ਲਈ ਆਉਣ ਲੱਗੇ। ਹਿੰਦੁਸਤਾਨੀ, ਮੁਸਲਮਾਨ ਅਤੇ ਯੂਰਪੀਅਨ ਸੈਨਿਕ, ਜਿਨ੍ਹਾਂ ਨੇ ਈਸਟ ਇੰਡੀਆ ਕੰਪਨੀ ਨੂੰ ਛੱਡ ਦਿੱਤਾ ਸੀ, ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿੱਚ ਆਉਣ ਲੱਗੇ।

**80.ਮਹਾਰਾਜਾ ਰਣਜੀਤ ਸਿੰਘ ਨੇ ਮਿੱਤਰ ਮਿਸਲਾਂ ਤੇ ਕਦੋਂ ਅਤੇ ਕਿਵੇਂ ਅਧਿਕਾਰ ਕੀਤਾ ?**

ਉੱਤਰ:-ਰਣਜੀਤ ਸਿੰਘ ਨੇ ਤਾਕਤ ਵਿੱਚ ਆਉਂਦਿਆਂ ਹੀ ਸਾਰੀਆਂ ਮਿਸਲਾਂ ਨਾਲ ਲੋਹਾ ਲੈਣਾ ਠੀਕ ਨਾ ਸਮਝਿਆ। ਉਸਨੇ ਤਕੜੀਆਂ ਮਿਸਲਾਂ ਦੇ ਨਾਲ ਦੋਸਤੀ ਕਰ ਲਈ ਅਤੇ ਢੁੱਕਵਾਂ ਮੌਕਾ ਦੇਖ ਕੇ ਉਸ ਨੇ ਹੇਠ ਲਿਖੀਆਂ ਮਿੱਤਰ ਮਿਸਲਾਂ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ:-

**1. ਕਨ੍ਹਈਆ ਮਿਸਲ:-**ਕਨ੍ਹਈਆ ਮਿਸਲ ਮਹਾਰਾਜਾ ਰਣਜੀਤ ਸਿੰਘ ਦੇ ਸਹੁਰਿਆਂ ਦੀ ਮਿਸਲ ਸੀ। ਉਸ ਮਿਸਲ ਦੀ ਨੇਤਾ ਉਸਦੀ ਸੱਸ ਸਦਾ ਕੌਰ ਨੇ ਉਸ ਸ਼ਕਤੀ ਦੇ ਉਭਾਰ ਲਈ ਆਪਣਾ ਪੂਰਾ ਜ਼ੋਰ ਲਾਇਆ। ਫਿਰ ਵੀ ਮਹਾਰਾਜਾ ਰਣਜੀਤ ਸਿੰਘ ਨੇ 1811 ਤੋਂ 1813 ਈ:ਵਿੱਚ ਕਨ੍ਹਈਆ ਮਿਸਲ ਦੇ ਹਾਜੀਪੁਰ, ਮੁਕੇਰੀਆਂ, ਬਟਾਲਾ ਆਦਿ ਇਲਾਕੇ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਏ ਅਤੇ ਸਦਾ ਕੌਰ ਨੂੰ ਜੇਲ ਵਿੱਚ ਸੁੱਟ ਦਿੱਤਾ ਤੇ ਬੰਧਈ ਨੂੰ ਛੱਡ ਕੇ ਸਾਰੇ ਇਲਾਕੇ ਉਸ ਕੋਲੋਂ ਖੋਹ ਲਏ।

**2. ਰਾਮਗੜੀਆ ਮਿਸਲ:-**ਜਦੋਂ ਤੱਕ ਜੋਧ ਸਿੰਘ ਰਾਮਗੜੀਆ ਜਿਉਂਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਨੇ ਉਸ ਨਾਲ ਮਿੱਤਰਤਾ ਪੂਰਨ ਸੰਬੰਧ ਬਣਾਈ ਰੱਖੇ। ਜਦੋਂ 1815 ਈਸਵੀ ਵਿੱਚ ਜੋਧ ਸਿੰਘ ਦੀ ਮੌਤ ਹੋ ਗਈ ਤਾਂ ਮਹਾਰਾਜਾ ਨੇ ਉਸ ਦੇ ਪ੍ਰਦੇਸਾਂ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ।

**3.ਆਹਲੂਵਾਲੀਆ ਮਿਸਲ:-** ਫਤਿਹ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਵਿੱਚ ਬਹੁਤ ਮਹੱਤਵਪੂਰਨ ਭਾਗ ਲਿਆ ਸੀ।1525 ਈਸਵੀ -1526 ਈਸਵੀ ਵਿੱਚ ਉਹਨਾਂ ਦੇ ਸੰਬੰਧ ਵਿਗੜ ਗਏ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੇ ਆਹਲੂਵਾਲੀਆ ਮਿਸਲ ਦੇ ਸਤਲੁਜ ਦੇ ਉੱਤਰ ਪੱਛਮ ਵਿੱਚ ਸਥਿਤ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ।

**81. ਮੁਲਤਾਨ ਦੀ ਜਿੱਤ ਦੇ ਸਿੱਟੇ ਲਿਖੋ।**

ਉੱਤਰ-1. ਮੁਲਤਾਨ ਦੀ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਮਾਣ ਵਧਿਆ।

2. ਇਸ ਨਾਲ ਦੱਖਣੀ ਪੰਜਾਬ ਵਿੱਚ ਅਫ਼ਗਾਨਾਂ ਦੀ ਸ਼ਕਤੀ ਨੂੰ ਵੱਡੀ ਸੱਟ ਲੱਗੀ।

3.ਡੇਰਾ ਜਾਤ ਅਤੇ ਬਹਾਵਲਪੁਰ ਦੇ ਦਾਊਦ ਪੁੱਤਰ ਵੀ ਮਹਾਰਾਜੇ ਦੇ ਅਧੀਨ ਹੋ ਗਏ।

4.ਆਰਥਿਕ ਤੌਰ 'ਤੇ ਵੀ ਇਹ ਜਿੱਤ ਮਹਾਰਾਜਾ ਰਣਜੀਤ ਸਿੰਘ ਲਈ ਲਾਭਦਾਇਕ ਸਿੱਧ ਹੋਈ, ਉਸ ਦੇ ਵਪਾਰ ਵਿੱਚ ਵਾਧਾ ਹੋਇਆ।

5.ਇਸ ਜਿੱਤ ਨਾਲ ਹੋਰ ਇਲਾਕੇ ਜਿੱਤਣ ਲਈ ਹੀ ਮਹਾਰਾਜਾ ਰਣਜੀਤ ਸਿੰਘ ਦਾ ਉਤਸ਼ਾਹ ਵਧਿਆ।

**82.ਅਟਕ ਦੀ ਲੜਾਈ ਦਾ ਹਾਲ ਲਿਖੋ।**

ਉੱਤਰ - 1813 ਈ : ਵਿੱਚ ਕਾਬਲ ਦੇ ਵਜ਼ੀਰ ਫਤਿਹ ਖ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਕਸ਼ਮੀਰ ਉੱਤੇ ਸਾਂਝਾ ਹਮਲਾ ਕਰਨ ਵੇਲੇ ਇੱਕ ਸੰਧੀ ਹੋਈ ਸੀ ਕਿ ਕਸ਼ਮੀਰ ਦੀ ਜਿੱਤ ਪਿੱਛੋਂ ਫਤਿਹ ਖ਼ਾਂ ਮੁਲਤਾਨ ਦੀ ਜਿੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਕਰੇਗਾ। ਮਹਾਰਾਜਾ ਰਣਜੀਤ ਸਿੰਘ ਉਸ ਦੇ ਬਦਲੇ ਫਤਿਹ ਖ਼ਾਂ ਨੂੰ ਅਟਕ ਜਿੱਤਣ ਵਿੱਚ ਸਹਿਯੋਗ ਦੇਵੇਗਾ। ਪਰ ਕਸ਼ਮੀਰ ਦੀ ਜਿੱਤ ਤੋਂ ਬਾਅਦ ਫਤਿਹ ਖਾਂ ਨੇ ਸੰਧੀ ਦੀਆਂ ਸ਼ਰਤਾਂ ਨੂੰ ਨਿਭਾਇਆ ਨਹੀਂ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਫਤਿਹ ਖ਼ਾਂ ਨੂੰ ਸਬਕ ਸਿਖਾਉਣ ਲਈ ਅਟਕ ਉੱਤੇ ਹਮਲਾ ਕਰਨ ਦਾ ਵਿਚਾਰ ਬਣਾਇਆ। ਉਸ ਤੋਂ ਪਹਿਲਾਂ ਉਸ ਨੇ ਆਪਣੇ ਵਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ਉੱਦੀਨ ਨੂੰ ਗੱਲ-ਬਾਤ ਕਰਨ ਲਈ ਅਟਕ ਦੇ ਹਾਕਮ ਜਹਾਂਦਾਰ ਖਾਂ ਕੋਲ ਭੇਜਿਆ। ਜਹਾਂਦਾਰ ਖਾਂ ਅਟਕ ਦਾ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਕਰਨ ਲਈ ਮੰਨ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਉਸ ਦੇ ਬਦਲੇ ਵਿੱਚ ਇੱਕ ਲੱਖ ਰੁਪਏ ਸਾਲਾਨਾ ਆਮਦਨੀ ਦੀ ਜਗੀਰ ਦੇ ਦਿੱਤੀ। ਅਟਕ ਦੇ ਕਿਲ੍ਹੇ ਉੱਤੇ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਨੂੰ ਫਤਿਹ ਖ਼ਾਂ ਬਰਦਾਸ਼ਤ ਨਾ ਕਰ ਸਕਿਆ। ਉਸ ਨੇ ਵਿਸ਼ਾਲ ਸੈਨਾ ਨਾਲ ਅਟਕ ਵੱਲ ਕੂਚ ਕੀਤਾ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਪੂਰੀ ਤਿਆਰੀ ਕਰ ਕੇ ਜੋਧ ਸਿੰਘ ਰਾਮਗੜ੍ਹੀਆ, ਹਰੀ ਸਿੰਘ ਨਲਵਾ ਅਤੇ ਮੋਹਕਮ ਚੰਦ ਵਰਗੇ ਸੈਨਾਨਾਇਕ ਅਟਕ ਵੱਲ ਤੋਰ ਦਿੱਤੇ। 26 ਜੂਨ , 1813 ਈ. ਨੂੰ ਹੈਦਰੋ ਦੇ ਸਥਾਨ 'ਤੇ ਇੱਕ ਘਮਸਾਨ ਦਾ ਯੁੱਧ ਹੋਇਆ। ਇਸ ਨੂੰ ' ਛਛ ਦਾ ਯੁੱਧ ' ਵੀ ਕਿਹਾ ਜਾਂਦਾ ਹੈ। ਪਹਿਲਾਂ ਅਫਗਾਨਾਂ ਦਾ ਪੱਲੜਾ ਭਾਰੀ ਸੀ ਪਰ ਅੰਤ ਨੂੰ ਜਿੱਤ ਮਹਾਰਾਜਾ ਦੀ ਫੌਜ ਦੀ ਹੀ ਹੋਈ। ਇਸ ਯੁੱਧ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦਾ ਅਟਕ ਉੱਤੇ ਪੱਕਾ ਅਧਿਕਾਰ ਹੋ ਗਿਆ। ਉਸ ਦੀ ਸ਼ਕਤੀ ਦੀ ਧਾਕ ਵੀ ਜੰਮ ਗਈ। ਇਸ ਜਿੱਤ ਨਾਲ ਮਹਾਰਾਜਾ ਲਈ ਅਫ਼ਗਾਨਾਂ ਦੇ ਬਾਕੀ ਮਹੱਤਵਪੂਰਨ ਪ੍ਰਦੇਸ਼ਾਂ ਨੂੰ ਜਿੱਤਣ ਵਿੱਚ ਸੌਖ ਹੋ ਗਈ।

**83 .ਸਿੰਧ ਦੇ ਪ੍ਰਸ਼ਨ ਬਾਰੇ ਲਿਖੋ।**

ਉੱਤਰ-ਸਿੰਧ ਪੰਜਾਬ ਦੇ ਦੱਖਣ-ਪੱਛਮ ਵਿੱਚ ਸਿੰਧ ਦਰਿਆ ਦੇ ਦੋਵੇਂ ਪਾਸੇ ਸਥਿੱਤ ਅਤਿ ਮਹੱਤਵਪੂਰਨ ਪ੍ਰਦੇਸ਼ ਹੈ। ਸਿੰਧ ਦੇ ਆਲੇ-ਦੁਆਲੇ ਦੇ ਪ੍ਰਦੇਸ਼ਾਂ ਨੂੰ ਜਿੱਤਣ ਪਿੱਛੋਂ 1830-31 ਈ : ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿੰਧ ਨੂੰ ਜਿੱਤਣ ਦਾ ਫੈਸਲਾ ਕੀਤਾ। ਪਰ ਭਾਰਤ ਦੇ ਗਵਰਨਰ ਜਨਰਲ ਨੇ ਮਹਾਰਾਜਾ ਰਣਜੀਤ ਸਿੰਘ 'ਤੇ ਰੋਕ ਲਾਉਣ ਲਈ ਰੋਪੜ ਵਿਖੇ ਉਸ ਨਾਲ ਮੁਲਾਕਾਤ ਰੱਖ ਲਈ , ਜੋ 26 ਅਕਤੂਬਰ, 1831 ਈ: ਵਿੱਚ ਹੋਈ। ਦੂਸਰੇ ਪਾਸੇ ਗਵਰਨਰ-ਜਨਰਲ ਨੇ ਕਰਨਲ ਪੋਟਿੰਗਰ ਨੂੰ ਸਿੰਧ ਦੇ ਅਮੀਰਾਂ ਨਾਲ ਵਪਾਰਿਕ ਸੰਧੀ ਕਰਨ ਲਈ ਭੇਜ ਦਿੱਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਕਿ ਅੰਗਰੇਜ਼ਾਂ ਨੇ ਸਿੰਧ ਦੇ ਅਮੀਰਾਂ ਨਾਲ ਵਪਾਰਿਕ ਸਮਝੌਤਾ ਕਰ ਲਿਆ ਹੈ ਤਾਂ ਉਸ ਨੂੰ ਬੜਾ ਦੁੱਖ ਹੋਇਆ।

**84.ਸ਼ਿਕਾਰਪੁਰ ਦਾ ਪ੍ਰਸ਼ਨ ਕੀ ਸੀ ?**

ਉੱਤਰ -ਸਿੰਧ ਉੱਤੇ ਤਿੰਨ ਅਮੀਰਾਂ ਦਾ ਸਾਂਝਾ ਅਧਿਕਾਰ ਸੀ। 1834 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸ਼ਿਕਾਰਪੁਰ ਦੇ ਮਜ਼ਾਰੀ ਕਬੀਲੇ ਦੇ ਖਿਲਾਫ਼ ਮੁਹਿੰਮ ਭੇਜੀ, ਕਿਉਂਕਿ ਉਸ ਕਬੀਲੇ ਨੇ ਸਿੱਖ ਇਲਾਕਿਆਂ ਵਿੱਚ ਲੁੱਟ ਮਾਰ ਕੀਤੀ ਸੀ। 1836 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫਿਰ ਰਾਜਕੁਮਾਰ ਖੜਕ ਸਿੰਘ ਦੀ ਕਮਾਨ ਹੇਠ ਮਜ਼ਾਰੀ ਕਬੀਲਿਆਂ ਦੇ ਖਿਲਾਫ਼ ਸੈਨਾ ਭੇਜੀ ਕਿਉਂਕਿ ਉਹ ਅਜੇ ਵੀ ਸਿੱਖ ਇਲਾਕਿਆਂ ਵਿੱਚ ਲੁੱਟਾਂ ਮਾਰਾਂ ਕਰਨੋਂ ਨਹੀਂ ਸਨ ਹਟੇ। ਸਿੱਖ ਸੈਨਾ ਨੇ ਮਜ਼ਾਰੀਆ ਦੇ ਪ੍ਰਦੇਸ਼ ਉੱਤੇ ਕਬਜ਼ਾ ਕਰ

ਲਿਆ। ਜਦੋਂ ਸੰਧੀ ਦੀਆਂ ਸ਼ਰਤਾਂ ਨੂੰ ਪੂਰਾ ਕਰਵਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਦੁਬਾਰਾ ਖੜਕ ਸਿੰਘ ਨੂੰ ਉੱਥੇ ਭੇਜਣਾ ਚਾਹਿਆ ਤਾਂ ਗਵਰਨਰ-ਜਨਰਲ ਆਕਲੈਂਡ (Lord Auckland) ਨੇ ਮਹਾਰਾਜਾ ਨੂੰ ਰੋਕ ਦਿੱਤਾ। ਇਸ ਤਰ੍ਹਾਂ ਮਹਾਰਾਜਾ ਨੂੰ ਨਾਂ ਤਾਂ ਸ਼ਿਕਾਰਪੁਰ ਮਿਲ ਸਕਿਆ ਅਤੇ ਨਾ ਹੀ ਵਾਰਸ਼ਕ ਕਰ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸੰਬੰਧ ਵਿਗੜ ਗਏ।

**85 .ਫਿਰੋਜ਼ਪੁਰ ਦਾ ਪ੍ਰਸ਼ਨ ਕੀ ਸੀ ?**

ਉੱਤਰ -ਸਤਲੁਜ ਅਤੇ ਬਿਆਸ ਦੇ ਸੰਗਮ ਦੇ ਨੇੜੇ ਸਥਿੱਤ, ਫਿਰੋਜ਼ਪੁਰ ਇੱਕ ਵਿਸ਼ੇਸ਼ ਮਹੱਤਵਪੂਰਨ ਸ਼ਹਿਰ ਸੀ। ਅੰਗਰੇਜ਼ਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹ ਉਸ ਉੱਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਬਜਾ ਨਹੀਂ ਕਰਨ ਦੇਣਗੇ। ਜਦੋਂ ਭਾਰਤ ਵਿੱਚ ਅੰਗਰੇਜ਼ ਸਾਮਰਾਜ ਦਾ ਵਿਸਥਾਰ ਹੋ ਗਿਆ ਤਾਂ ਅੰਗਰੇਜ਼ਾਂ ਨੇ ਉਸ ਦੀ ਰੱਖਿਆ ਲਈ ਮਈ, 1835 ਈ: ਵਿੱਚ ਫਿਰੋਜ਼ਪੁਰ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਦੀ ਇਸ ਕਾਰਵਾਈ ਤੋਂ ਗੁੱਸੇ ਹੋ ਗਏ। ਉਹਨਾਂ ਦੇ ਦਰਬਾਰੀਆਂ ਨੇ ਵੀ ਅੰਗਰੇਜ਼ਾਂ ਦੀ ਇਸ ਕਾਰਵਾਈ ਦਾ ਖੁੱਲ੍ਹੇ ਰੂਪ ਵਿੱਚ ਵਿਰੋਧ ਕੀਤਾ। 1838 ਈ : ਵਿੱਚ ਅੰਗਰੇਜ਼ਾਂ ਨੇ ਫਿਰੋਜ਼ਪੁਰ ਨੂੰ ਛਾਉਣੀ ਬਣਾ ਕੇ ਉਸ ਵਿੱਚ ਆਪਣੀ ਸੈਨਾ ਦਾ ਉਤਾਰਾ ਵੀ ਕਰਵਾ ਦਿੱਤਾ।

**86. ਪਹਿਲੇ ਐਂਗਲੋ ਸਿੱਖ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਾ ਕੀਤਾ? ਕੋਈ ਦੋ ਕਾਰਨ ਲਿਖੋ?**

ਉੱਤਰ:1.ਪੰਜਾਬ ਵਿੱਚ ਸ਼ਾਂਤੀ ਦੀ ਵਿਵਸਥਾ ਸਥਾਪਿਤ ਕਰਨ ਲਈ ਆਮਦਨ ਤੋਂ ਵੱਧ ਖ਼ਰਚ ਕਰਨਾ ਪੈਣਾ ਸੀ। ਇਸ ਲਈ ਹਾਰਡਿੰਗ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਕੇ ਖਰਚਾ ਨਹੀਂ ਵਧਾਉਣਾ ਚਾਹੁੰਦਾ ਸੀ।

2.ਅਫ਼ਗਾਨਿਸਤਾਨ ਅਤੇ ਬ੍ਰਿਟਿਸ਼ ਰਾਜ ਵਿਚਕਾਰ ਸਿੱਖ ਰਾਜ ਦਾ ਇੱਕ ਰੋਕ ਵਜੋਂ ਹੋਣਾ ਬਹੁਤ ਜ਼ਰੂਰੀ ਸੀ। ਇਸ ਲਈ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਨਹੀਂ ਕੀਤਾ।

**87. ਗ਼ਦਰ ਪਾਰਟੀ ਨੇ ਪੰਜਾਬ ਵਿੱਚ ਆਜ਼ਾਦੀ ਲਈ ਕੀ -ਕੀ ਯਤਨ ਕੀਤੇ?**

ਉੱਤਰ: ਰਾਸ ਬਿਹਾਰੀ ਬੋਸ ਨੇ ਲਾਹੌਰ, ਫਿਰੋਜ਼ਪੁਰ, ਮੇਰਠ, ਅੰਬਾਲਾ, ਮੁਲਤਾਨ, ਪਿਸ਼ਾਵਰ ਅਤੇ ਕਈ ਹੋਰ ਛਾਉਣੀਆਂ ਵਿੱਚ ਆਪਣੇ ਪ੍ਰਚਾਰਕ ਭੇਜੇ। ਇਨ੍ਹਾਂ ਪ੍ਰਚਾਰਕਾਂ ਨੇ ਸੈਨਿਕਾਂ ਨੂੰ ਬਗਾਵਤ ਲਈ ਤਿਆਰ ਕੀਤਾ।

2. ਕਰਤਾਰ ਸਿੰਘ ਸਰਾਭਾ ਨੇ ਕਪੂਰਥਲਾ ਦੇ ਲਾਲਾ ਰਾਮਸਰਨ ਦਾਸ ਨਾਲ਼ ਮਿਲ ਕੇ 'ਗ਼ਦਰ' ਕੱਢਣ ਲਈ ਪ੍ਰੈਸ ਚਾਲੂ ਕਰਨੀ ਚਾਹੀ ਪਰ ਅਸਫਲ ਰਿਹਾ। ਫਿਰ ਵੀ ਉਹ ਗ਼ਦਰ ਗੂੰਜ ਕੱਢਦਾ ਰਿਹਾ।

3. ਕਰਤਾਰ ਸਿੰਘ ਸਰਾਭਾ ਨੇ ਫਰਵਰੀ, 1915 ਵਿੱਚ ਫਿਰੋਜ਼ਪੁਰ ਵਿੱਚ ਹਥਿਆਰਬੰਦ ਬਗਾਵਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਿਰਪਾਲ ਸਿੰਘ ਨਾਂ ਦੇ ਇਕ ਸਿਪਾਹੀ ਦੀ ਧੋਖੇਬਾਜ਼ੀ ਦੇ ਕਾਰਨ ਉਸ ਦਾ ਭੇਤ ਖੁੱਲ੍ਹ ਗਿਆ।

**88.ਮੌਲਿਕ ਅਧਿਕਾਰਾਂ ਅਤੇ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਮੂਲ ਭੇਦ ਦੱਸੋ।**

ਉੱਤਰ:-ਸੰਵਿਧਾਨ ਦੇ ਤੀਜੇ ਅਧਿਆਇ ਵਿੱਚ ਨਾਗਰਿਕਾਂ ਦੇ ਮਹੱਤਵਪੂਰਨ ਮੌਲਿਕ ਅਧਿਕਾਰ ਅਤੇ ਚੌਥੇ ਅਧਿਆਇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਅੰਕਿਤ ਕੀਤੇ ਗਏ ਹਨ।ਇਨ੍ਹਾਂ ਦੋਹਾਂ ਵਿਚ ਕੁਝ ਮੂਲ ਅੰਤਰ ਹੇਠ ਲਿਖੇ ਅਨੁਸਾਰ ਹੈ:-

1.ਮੌਲਿਕ ਅਧਿਕਾਰ ਨਿਆਂ ਯੋਗ ਹਨ ਪਰ ਨਿਰਦੇਸ਼ਕ ਸਿਧਾਂਤ ਨਿਆਂਯੋਗ ਨਹੀਂ ਹਨ।

2. ਮੌਲਿਕ ਅਧਿਕਾਰ ਨਿਖੇਧਾਤਮਕ ਅਤੇ ਨਿਰਦੇਸ਼ਕ ਸਿਧਾਂਤ ਨਿਸਚਾਤਮਕ ਸਰੂਪ ਦੇ ਹਨ।

3.ਕੁਝ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਤੋਂ ਉੱਤਮ ਹਨ।

4.ਮੌਲਿਕ ਅਧਿਕਾਰਾਂ ਦਾ ਮੰਤਵ ਭਾਰਤ ਵਿੱਚ ਰਾਜਨੀਤਿਕ ਲੋਕਤੰਤਰ ਦੀ ਸਥਾਪਨਾ ਕਰਨਾ ਹੈ ਜਦ ਕਿ ਨਿਰਦੇਸ਼ਕ ਸਿਧਾਂਤਾਂ ਦਾ ਨਿਸ਼ਾਨਾ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੀ ਸਥਾਪਨਾ ਕਰਨਾ ਹੈ।

**89 .ਪ੍ਰਧਾਨ ਮੰਤਰੀ ਦੇ ਕੋਈ ਤਿੰਨ ਮਹੱਤਵਪੂਰਨ ਕੰਮਾਂ ਦਾ ਵੇਰਵਾ ਦਿਉ।**

ਉੱਤਰ:-1.ਮੰਤਰੀ ਪ੍ਰੀਸ਼ਦ ਦਾ ਨਿਰਮਾਣ:- ਪ੍ਰਧਾਨ ਮੰਤਰੀ ਮੰਤਰੀ ਪ੍ਰੀਸ਼ਦ ਦੇ ਨਿਰਮਾਣ ਲਈ ਆਪਣੇ ਸਾਥੀ ਮੰਤਰੀਆਂ ਦੀ ਸੂਚੀ ਰਾਸ਼ਟਰਪਤੀ ਨੂੰ ਪੇਸ਼ ਕਰਦਾ ਹੈ। ਰਾਸ਼ਟਰਪਤੀ ਇਸੇ ਸੂਚੀ ਦੇ ਆਧਾਰ 'ਤੇ ਮੰਤਰੀ ਨਿਯੁਕਤੀ ਕਰਦਾ ਹੈ।

2.ਵਿਭਾਗਾਂ ਦੀ ਵੰਡ:-ਪ੍ਰਧਾਨ ਮੰਤਰੀ ਕੋਲ, ਮੰਤਰੀਆਂ ਵਿਚਕਾਰ ਵਿਭਾਗਾਂ ਦੀ ਵੰਡ ਕਰਨ ਦੀ ਮਹੱਤਵਪੂਰਨ ਸ਼ਕਤੀ ਹੁੰਦੀ ਹੈ।

3.ਮੰਤਰੀ ਮੰਡਲ ਦਾ ਮੁਖੀ:-ਪ੍ਰਧਾਨ ਮੰਤਰੀ, ਮੰਤਰੀ ਮੰਡਲ ਦਾ ਮੁਖੀ ਹੁੰਦਾ ਹੈ। ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ ਅਤੇ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਕਾਰਜ ਸੂਚੀ ਤਿਆਰ ਕਰਦਾ ਹੈ।

**89 .ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆ ਦਾ ਸੰਖੇਪ ਵੇਰਵਾ ਦਿਉ।**

ਉੱਤਰ:-ਭਾਰਤੀ ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਤਿੰਨ ਪ੍ਰਕਾਰ ਦੀਆਂ ਸੰਕਟਕਾਲੀਨ ਸ਼ਕਤੀਆਂ ਸੌਂਪੀਆਂ ਗਈਆਂ ਹਨ:-

1.**ਰਾਸ਼ਟਰੀ ਸੰਕਟ**:- ਜਦੋਂ ਰਾਸ਼ਟਰਪਤੀ ਦੇ ਵਿਚਾਰ ਅਨੁਸਾਰ ਦੇਸ਼ ਤੇ ਹਮਲੇ ਜਾਂ ਹਥਿਆਰਬੰਦ ਵਿਦਰੋਹ ਕਾਰਨ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਗਿਆ ਹੋਵੇ ਤਾਂ ਉਹ ਸਾਰੇ ਦੇਸ਼ ਵਿੱਚ ਜਾਂ ਦੇਸ਼ ਦੇ ਕਿਸੇ ਇੱਕ ਹਿੱਸੇ ਵਿੱਚ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ।

2.**ਰਾਜ ਦਾ ਸੰਵਿਧਾਨਿਕ ਸੰਕਟ**:-ਜੇਕਰ ਰਾਸ਼ਟਰਪਤੀ ਨੂੰ ਰਾਜਪਾਲ ਦੁਆਰਾ ਭੇਜੀ ਗਈ ਰਿਪੋਰਟ ਜਾਂ ਕਿਸੇ ਹੋਰ ਸਾਧਨ ਤੋਂ ਸੂਚਨਾ ਮਿਲੇ ਕਿ ਰਾਜ ਵਿੱਚ ਸੰਵਿਧਾਨਕ ਮਸ਼ੀਨਰੀ ਫੇਲ੍ਹ ਹੋ ਗਈ ਹੈ ,ਜਦੋਂ ਰਾਜ ਦੇ ਸ਼ਾਸਨ ਨੂੰ ਸੰਵਿਧਾਨ ਅਨੁਸਾਰ ਨਾ ਚਲਾਇਆ ਜਾ ਰਿਹਾ ਹੋਵੇ ਤਾਂ ਰਾਸ਼ਟਰਪਤੀ ਉਸ ਰਾਜ ਵਿਚ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ।

3.**ਵਿੱਤੀ ਸੰਕਟ**:-ਜੇਕਰ ਦੇਸ਼ ਦੀ ਆਰਥਿਕ ਸਥਿਤੀ ਅਜਿਹੀ ਹੋਵੇ ਜਿਸ ਨਾਲ ਆਰਥਿਕ ਸਥਿਰਤਾ ਲਈ ਖਤਰਾ ਪੈਦਾ ਹੋ ਸਕਦਾ ਹੋਵੇ ਤਾਂ ਰਾਸ਼ਟਰਪਤੀ ਅਜਿਹੇ ਸਮੇਂ ਵਿੱਤੀ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ।

**90.ਰਾਜ ਦੇ ਰਾਜਪਾਲ ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਦਾ ਵੇਰਵਾ ਦਿਉ।**

ਉੱਤਰ:1.ਰਾਜ ਦਾ ਸਾਰਾ ਪ੍ਰਬੰਧ ਰਾਜਪਾਲ ਦੇ ਨਾਂ ਤੇ ਚਲਾਇਆ ਜਾਂਦਾ ਹੈ।

2.ਰਾਜ ਵਿੱਚ ਸਾਂਤੀ ਤੇ ਵਿਵਸਥਾ ਬਣਾਈ ਰੱਖਣੀ ਰਾਜਪਾਲ ਦੀ ਮੁੱਖ ਜ਼ਿੰਮੇਵਾਰੀ ਹੁੰਦੀ ਹੈ।

3.ਮੁੱਖ ਮੰਤਰੀ ਦੀ ਸਲਾਹ 'ਤੇ ਰਾਜਪਾਲ ਬਾਕੀ ਦੇ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ।

4. ਰਾਜਪਾਲ ਰਾਜ ਵਿੱਚ ਐਡਵੋਕੇਟ ਜਨਰਲ, ਲੋਕ ਸੇਵਾ ਆਯੋਗ ਦੇ ਚੇਅਰਮੈਨ, ਕਾਰਪੋਰੇਸ਼ਨਾਂ ਤੇ ਬੋਰਡਾਂ ਦੇ ਚੇਅਰਮੈਨ ਅਤੇ ਹੋਰ ਮੈਂਬਰਾਂ ਦੀ ਨਿਯੁਕਤੀ ਕਰਦਾ ਹੈ।

5.ਹਾਈ ਕੋਰਟ ਵਿੱਚ ਜੱਜ ਨਿਯੁੱਕਤ ਕਰਨ ਸਮੇਂ ਰਾਸ਼ਟਰਪਤੀ ਦੁਆਰਾ ਰਾਜਪਾਲ ਦੀ ਸਲਾਹ ਲਈ ਜਾਂਦੀ ਹੈ।

**91.ਰਾਜ ਦੇ ਮੁੱਖ ਮੰਤਰੀ ਦੀ ਨਿਯੁਕਤੀ ਦਾ ਵਰਨਣ ਕਰੋ।**

ਉੱਤਰ: ਰਾਜ ਦੇ ਸ਼ਾਸਨ ਪ੍ਰਬੰਧ ਦਾ ਅਸਲੀ ਕਰਤਾ ਧਰਤਾ ਮੁੱਖ ਮੰਤਰੀ ਹੀ ਹੁੰਦਾ ਹੈ । ਸਾਧਾਰਨ ਚੋਣਾਂ ਤੋਂ ਬਾਅਦ ਰਾਜਪਾਲ ਵਿਧਾਨ ਸਭਾ ਵਿੱਚ ਬਹੁਮਤ ਦਲ ਦੇ ਨੇਤਾ ਨੂੰ ਜਾਂ ਅਜਿਹੇ ਨੇਤਾ ਨੂੰ ਜਿਸ ਨੂੰ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਹੋਵੇ,ਸਰਕਾਰ ਬਣਾਉਣ ਦਾ ਸੱਦਾ ਪੱਤਰ ਦਿੰਦਾ ਹੈ।ਇਸ ਬਹੁਮਤ ਪ੍ਰਾਪਤ ਦਲ ਦੇ ਨੇਤਾ ਨੂੰ ਰਾਜਪਾਲ ਵੱਲੋਂ ਮੁੱਖ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ ਮੁੱਖ ਮੰਤਰੀ ਦੀ ਸਿਫਾਰਸ਼ ਤੇ ਰਾਜਪਾਲ ਬਾਕੀ ਦੇ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ।

**92.ਵਿਧਾਨ ਮੰਡਲ ਦੀਆਂ ਚਾਰ ਸ਼ਕਤੀਆਂ ਦਾ ਵਰਨਣ ਕਰੋ।**

ਉੱਤਰ:1.ਵਿਧਾਨਕ ਸ਼ਕਤੀਆਂ:-ਵਿਧਾਨ ਮੰਡਲ ਰਾਜ ਸੂਚੀ ਅਤੇ ਸਮਵਰਤੀ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੀ ਹੈ।

2.ਵਿੱਤੀ ਸ਼ਕਤੀਆਂ:- ਰਾਜ ਦੇ ਵਿੱਤੀ ਮਾਮਲਿਆਂ 'ਤੇ ਵਿਧਾਨ ਮੰਡਲ ਦਾ ਪੂਰਾ ਕੰਟਰੋਲ ਹੁੰਦਾ ਹੈ।ਸਰਕਾਰ ਵਲੋਂ ਹਰ ਸਾਲ ਰਾਜ ਦਾ ਬਜਟ ਵਿਧਾਨ ਸਭਾ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ।ਇਸ ਬਜਟ ਰਾਹੀ ਵਿਧਾਨ ਸਭਾ ਸਰਕਾਰੀ ਖਜ਼ਾਨੇ ਵਿਚ ਧਨ ਕਢਵਾਉਣ ਅਤੇ ਖ਼ਜ਼ਾਨੇ ਵਿੱਚ ਧਨ ਜਮ੍ਹਾਂ ਕਰਨ ਦੀ ਪ੍ਰਵਾਨਗੀ ਦਿੰਦੀ ਹੈ।

3.ਕਾਰਜਪਾਲਿਕਾ ਤੇ ਕੰਟਰੋਲ:- ਸੰਵਿਧਾਨ ਅਨੁਸਾਰ ਰਾਜ ਦੀ ਮੰਤਰੀ ਪ੍ਰੀਸ਼ਦ ਆਪਣੇ ਕੰਮਾਂ- ਕਾਜਾਂ ਅਤੇ ਨੀਤੀਆਂ ਲਈ ਵਿਧਾਨ ਸਭਾ ਦੇ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ।ਵਿਧਾਨ ਸਭਾ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਮੰਤਰੀ ਪ੍ਰੀਸ਼ਦ ਨੂੰ ਅਹੁਦੇ ਤੋਂ ਹਟਾ ਸਕਦੀ ਹੈ।

4.ਹੋਰ ਸ਼ਕਤੀਆਂ:- ਵਿਧਾਨ ਸਭਾ ਆਪਣੇ ਸਪੀਕਰ ਤੇ ਡਿਪਟੀ ਸਪੀਕਰ ਦੀ ਚੋਣ ਕਰਦੀ ਹੈ। ਵਿਧਾਨ ਸਭਾ ਆਪਣੇ ਮੈਂਬਰਾਂ ਦੇ ਵਿਰੁੱਧ ਸਦਨ ਦੀ ਮਰਿਆਦਾ ਭੰਗ ਕਰਨ ਤੇ ਅਨੁਸ਼ਾਸਨੀ ਕਾਰਵਾਈ ਕਰ ਸਕਦੀ ਹੈ।

**93.ਰਾਜਪਾਲ ਦੀ ਇੱਛਕ ਸ਼ਕਤੀਆਂ ਦਾ ਵਰਣਨ ਕਰੋ।**

ਉੱਤਰ:-ਰਾਜਪਾਲ ਨੂੰ ਕੁਝ ਇੱਛੁਕ ਸ਼ਕਤੀਆਂ ਪ੍ਰਾਪਤ ਹਨ। ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਰਾਜਪਾਲ ਆਪਣੀ ਇੱਛਾ ਅਨੁਸਾਰ ਕਰ ਸਕਦਾ ਹੈ।ਰਾਜਪਾਲ ਹੇਠ ਲਿਖੇ ਮਾਮਲਿਆਂ ਵਿੱਚ ਆਪਣੀਆਂ ਇੱਛਕ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ:-

1.ਮੁੱਖ ਮੰਤਰੀ ਦੀ ਨਿਯੁੱਕਤੀ ਸਮੇਂ ਜਦੋਂ ਵਿਧਾਨ ਸਭਾ ਵਿੱਚ ਕਿਸੇ ਵੀ ਦਲ ਨੂੰ ਬਹੁਮਤ ਪ੍ਰਾਪਤ ਨਹੀਂ ਹੁੰਦਾ।

2.ਇਹ ਫ਼ੈਸਲਾ ਕਰਨ ਸਮੇਂ ਕਿ ਰਾਜ ਸਰਕਾਰ ਸੰਵਿਧਾਨ ਅਨੁਸਾਰ ਚੱਲ ਰਹੀ ਹੈ ਜਾਂ ਨਹੀਂ।

3.ਵੱਖ- ਵੱਖ ਵਿਭਾਗਾਂ ਬਾਰੇ ਜਾਣਕਾਰੀ ਲੈਣ ਸਮੇਂ।

**94.ਮੰਤਰੀ ਮੰਡਲ ਦੇ ਚਾਰ ਕਾਰਜਾਂ ਦੀ ਵਿਆਖਿਆ ਕਰੋ।**

ਉੱਤਰ:1.ਮੰਤਰੀ ਪ੍ਰੀਸ਼ਦ ਦਾ ਪ੍ਰਮੁੱਖ ਕੰਮ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਣਾ ਹੈ। ਰਾਜ ਦੇ ਪ੍ਰਸ਼ਾਸਨ ਨੂੰ ਚਲਾਉਣ ਅਤੇ ਰਾਜ ਦੇ ਵਿਕਾਸ ਲਈ ਮੰਤਰੀ ਪ੍ਰੀਸ਼ਦ ਨੀਤੀਆਂ ਦਾ ਨਿਰਮਾਣ ਕਰਦੀ ਹੈ ।

2.ਮੰਤਰੀ ਮੰਡਲ ਸਰਕਾਰ ਲਈ ਲੋੜੀਂਦੇ ਕਾਨੂੰਨ ਬਣਾਉਣ ਅਤੇ ਵਿਧਾਨਪਾਲਿਕਾ ਤੋਂ ਪਾਸ ਕਰਵਾਉਣ ਦਾ ਕੰਮ ਕਰਦੀ ਹੈ।

3.ਮੰਤਰੀ ਮੰਡਲ ਵਿੱਤ ਮੰਤਰੀ ਤੋਂ ਬਜਟ ਤਿਆਰ ਕਰਵਾ ਕੇ ਵਿਧਾਨ ਸਭਾ ਵਿੱਚ ਪੇਸ਼ ਕਰਵਾਉਂਦੀ ਹੈ ਅਤੇ ਫਿਰ ਇਸ ਨੂੰ ਪਾਸ ਕਰਾਉਂਦੀ ਹੈ।

4.ਰਾਜ ਦੀਆਂ ਸਾਰੀਆਂ ਉਚੇਰੀਆਂ ਨਿਯੁੱਕਤੀਆਂ ਰਾਜਪਾਲ ਦੁਆਰਾ ਮੰਤਰੀ ਮੰਡਲ ਦੀ ਸਿਫ਼ਾਰਸ਼ 'ਤੇ ਕੀਤੀਆਂ ਜਾਂਦੀਆਂ ਹਨ।

**95. ਸੰਵਿਧਾਨਿਕ ਸੰਕਟ ਦੀ ਘੋਸ਼ਣਾ ਸਮੇਂ ਰਾਜ ਦੇ ਪ੍ਰਸ਼ਾਸਨ ਤੇ ਕੀ ਅਸਰ ਪੈਂਦਾ ਹੈ?**

ਉੱਤਰ: ਰਾਸ਼ਟਰਪਤੀ ਨੂੰ ਜੇਕਰ ਇਹ ਸੂਚਨਾ ਮਿਲੇ ਕਿ ਰਾਜ ਸਰਕਾਰ ਸੰਵਿਧਾਨਿਕ ਨਿਯਮਾਂ ਦੇ ਅਨੁਸਾਰ ਨਹੀਂ ਚੱਲ ਰਹੀ ਹੈ ਤਾਂ ਉਹ ਰਾਸ਼ਟਰਪਤੀ ਸ਼ਾਸਨ ਦੀ ਘੋਸ਼ਣਾ ਕਰ ਸਕਦਾ ਹੈ।ਰਾਸ਼ਟਰਪਤੀ, ਰਾਜ ਦੀ ਮੰਤਰੀ ਪ੍ਰੀਸ਼ਦ ਨੂੰ ਤੋੜ ਦਿੰਦਾ ਹੈ ਅਤੇ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ ਜਾਂ ਸਥਗਿੱਤ ਕਰ ਸਕਦਾ ਹੈ।ਰਾਸ਼ਟਰੀ ਸ਼ਾਸਨ ਦੇ ਦੌਰਾਨ ਰਾਜਪਾਲ ਰਾਜ ਦਾ ਅਸਲੀ ਕਾਰਜਸਾਧਕ ਮੁਖੀ ਹੁੰਦਾ ਹੈ।ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋਣ ਦੌਰਾਨ ਰਾਜ ਦੀਆਂ ਸਾਰੀਆਂ ਕਾਰਜਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਨੂੰ ਪ੍ਰਾਪਤ ਹੁੰਦੀਆਂ ਹਨ ਅਤੇ ਵਿਧਾਨਕ ਸ਼ਕਤੀਆਂ ਸੰਸਦ ਨੂੰ ਮਿਲ ਜਾਂਦੀਆਂ ਹਨ।

**96.ਲੋਕ ਅਦਾਲਤਾਂ ਦੇ ਕਾਰਜ/ ਸ਼ਕਤੀਆਂ ਦੀ ਵਿਆਖਿਆ ਕਰੋ।**

ਉੱਤਰ:-ਸਾਡੇ ਦੇਸ਼ ਵਿੱਚ ਕੁਝ ਸਮਾਂ ਪਹਿਲਾਂ ਗਰੀਬ, ਸ਼ੋਸ਼ਿਤ ਅਤੇ ਲਿਤਾੜੇ ਗਏ ਭਾਰਤੀ ਲੋਕਾਂ ਨੂੰ ਛੇਤੀ ਨਿਆਂ ਦਿਵਾਉਣ ਦੇ ਉਦੇਸ਼ ਨਾਲ ਲੋਕ ਅਦਾਲਤਾਂ ਹੋਂਦ ਵਿੱਚ ਆਈਆਂ ਹਨ। ਮਾਣਯੋਗ ਮੁੱਖ ਨਿਆਂਧੀਸ਼ ਪੀ.ਐਨ.ਭਗਵਤੀ ਲੋਕ ਅਦਾਲਤਾਂ ਦੀ ਧਾਰਨਾ ਦੇ ਬਾਨੀ ਮੰਨੇ ਜਾਂਦੇ ਹਨ। ਲੋਕ ਅਦਾਲਤਾਂ ਵਿੱਚ ਆਪਸੀ ਸਹਿਮਤੀ ਦੁਆਰਾ ਬਹੁਤ ਸਾਰੇ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ।

**97. ਕੇਂਦਰ ਅਤੇ ਰਾਜ ਦੇ ਵਿਧਾਨਕ,ਪ੍ਰਬੰਧਕੀ ਤੇ ਵਿੱਤੀ ਸੰਬੰਧਾਂ ਦਾ ਵਰਣਨ ਕਰੋ।**

ਉੱਤਰ:ਵਿਧਾਨਕ ਸੰਬੰਧ:-ਸੰਵਿਧਾਨ ਦੀ ਸੱਤਵੀਂ ਅਨੁਸੂਚੀ ਅਨੁਸਾਰ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ-ਸੰਘ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ।

1.ਸੰਘ ਸੂਚੀ ਵਿੱਚ 97 ਵਿਸ਼ੇ ਸ਼ਾਮਿਲ ਹਨ। ਇਨ੍ਹਾਂ 'ਤੇ ਕੇਵਲ ਕੇਂਦਰੀ ਸਰਕਾਰ ਹੀ ਕਾਨੂੰਨ ਬਣਾ ਸਕਦੀ ਹੈ।

2.ਰਾਜ ਸੂਚੀ ਵਿੱਚ 61 ਵਿਸ਼ੇ ਰੱਖੇ ਗਏ ਹਨ। ਇਨ੍ਹਾਂ ਵਿਸ਼ਿਆਂ 'ਤੇ ਕੇਵਲ ਰਾਜ ਸਰਕਾਰਾਂ ਹੀ ਕਾਨੂੰਨ ਬਣਾ ਸਕਦੀਆਂ ਹਨ।

3.ਤੀਜੀ ਸੂਚੀ ਜਿਸ ਨੂੰ ਸਮਵਰਤੀ ਸੂਚੀ ਕਿਹਾ ਜਾਂਦਾ ਹੈ,ਵਿੱਚ 52 ਵਿਸ਼ੇ ਹਨ ਇਨ੍ਹਾਂ ਵਿਸ਼ਿਆਂ ਤੇ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦੋਵੇਂ ਹੀ ਕਾਨੂੰਨ ਬਣਾ ਸਕਦੀਆਂ ਹਨ1

ਪ੍ਰਸ਼ਾਸਨਿਕ ਸੰਬੰਧ:-ਸੰਵਿਧਾਨ ਦੁਆਰਾ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਪ੍ਰਸ਼ਾਸਕੀ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਪ੍ਰਸ਼ਾਸਕੀ ਸ਼ਕਤੀਆਂ ਦੀ ਵੰਡ ਕਰਨ ਸਮੇਂ ਕੇਂਦਰੀ ਸਰਕਾਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ। ਕੇਂਦਰੀ ਸਰਕਾਰ, ਕੇਂਦਰੀ ਜਾਇਦਾਦ, ਰੇਲ ਮਾਰਗਾਂ ਤੇ ਸੰਚਾਰ ਦੇ ਸਾਧਨਾਂ ਦੀ ਸੰਭਾਲ ਲਈ ਰਾਜ ਸਰਕਾਰਾਂ ਨੂੰ ਨਿਰਦੇਸ਼ ਜਾਰੀ ਕਰ ਸਕਦੀ ਹੈ ।ਜਿਨ੍ਹਾਂ ਦਾ ਪਾਲਣ ਕਰਨਾ ਰਾਜ ਸਰਕਾਰਾਂ ਲਈ ਜ਼ਰੂਰੀ ਹੁੰਦਾ ਹੈ।

ਵਿੱਤੀ ਸੰਬੰਧ :-ਸੰਵਿਧਾਨ ਨੇ ਕੇਂਦਰੀ ਅਤੇ ਰਾਜ ਸਰਕਾਰਾਂ ਵਿੱਚ ਵਿੱਤੀ ਸੋਮਿਆਂ ਦੀ ਵੰਡ ਕੀਤੀ ਹੈ। ਵਿੱਤੀ ਸੋਮਿਆਂ ਦੀ ਵੰਡ ਕਰਦੇ ਸਮੇਂ ਕੇਂਦਰ ਦੀ ਰਾਜਾਂ ਉੱਤੇ ਵਿੱਤੀ ਮਾਮਲਿਆਂ ਵਿੱਚ ਸ੍ਰੇਸ਼ਠਤਾ ਸਥਾਪਤ ਕੀਤੀ ਹੈ।ਵਰਤਮਾਨ ਸਮੇਂ ਵਿਚ ਭਾਰਤ ਦੇ ਸਾਰੇ ਰਾਜਾਂ ਦਾ ਵਿਕਾਸ ਕੇਂਦਰ ਦੀ ਵਿੱਤੀ ਸਹਾਇਤਾ ਤੇ ਨਿਰਭਰ ਕਰਦਾ ਹੈ।

**98.ਹਾਈ ਕੋਰਟ ਨੂੰ ਅਭਿਲੇਖਾ ਅਦਾਲਤ ਕਿਉਂ ਕਿਹਾ ਜਾਂਦਾ ਹੈ?**

ਉੱਤਰ:ਹਾਈ ਕੋਰਟ ਨੂੰ ਅਭਿਲੇਖਾਂ ਅਦਾਲਤ ਮੰਨਿਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਹਾਈ ਕੋਰਟ ਦੇ ਫ਼ੈਸਲੇ ਲਿਖਿਤ ਰੂਪ ਵਿਚ ਰਿਕਾਰਡ ਕੀਤੇ ਜਾਂਦੇ ਹਨ ਅਤੇ ਹੇਠਲੀਆਂ ਅਦਾਲਤਾਂ ਲਈ ਅਜਿਹੇ ਫ਼ੈਸਲੇ ਦ੍ਰਿਸ਼ਟਾਂਤ ਹੁੰਦੇ ਹਨ। ਜਿਨ੍ਹਾਂ ਦੇ ਆਧਾਰ 'ਤੇ ਆਉਣ ਵਾਲੇ ਸਮੇਂ ਵਿੱਚ ਵੀ ਫੈਸਲੇ ਕੀਤੇ ਜਾਂਦੇ ਹਨ।

**99.ਹਾਈ ਕੋਰਟ ਦੇ ਅਪੀਲੀ ਅਧਿਕਾਰ ਖੇਤਰ ਦਾ ਵਰਨਣ ਕਰੋ।**

ਉੱਤਰ:ਹਾਈ ਕੋਰਟ ਨੂੰ ਆਪਣੇ ਅਧੀਨ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਤਿੰਨ ਪ੍ਰਕਾਰ ਦੀਆਂ ਅਪੀਲਾਂ ਸੁਣਨ ਦਾ ਅਧਿਕਾਰ ਹੈ- ਦੀਵਾਨੀ, ਫੌਜਦਾਰੀ ਅਤੇ ਸੰਵਿਧਾਨਕ।

1.ਹਾਈਕੋਰਟ ਦੀਵਾਨੀ ਅਪੀਲਾਂ ਉਨ੍ਹਾਂ ਮਾਮਲਿਆਂ ਵਿੱਚ ਸੁਣਦੀ ਹੈ ਜਿਨ੍ਹਾਂ ਵਿੱਚ ਪੰਜ ਹਜ਼ਾਰ ਤੋਂ ਵੱਧ ਰਕਮ ਜਾਂ ਸੰਪਤੀ ਦਾ ਪ੍ਰਸ਼ਨ ਹੋਵੇ।

2.ਫ਼ੌਜਦਾਰੀ ਅਪੀਲਾਂ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜਿੱਥੇ ਹੇਠਲੀ ਅਦਾਲਤ ਨੇ ਕਿਸੇ ਦੋਸ਼ੀ ਨੂੰ ਚਾਰ ਸਾਲ ਤੋਂ ਵੱਧ ਦੀ ਕੈਦ ਜਾਂ ਮੌਤ ਦੀ ਸਜ਼ਾ ਦਿੱਤੀ ਹੈ।

3. ਸੰਵਿਧਾਨ ਦੀ ਉਲੰਘਣਾ ਦਾ ਪ੍ਰਸ਼ਨ ਜਾਂ ਵਿਆਖਿਆ ਨਾਲ ਸਬੰਧਿਤ ਮਾਮਲਿਆਂ ਦੀਆਂ ਅਪੀਲਾਂ ਵੀ ਸਿੱਧੀਆਂ ਹਾਈਕੋਰਟ ਕੋਲ ਜਾਂਦੀਆਂ ਹਨ।

**100. ਲੋਕਮਤ ਦੀ ਭੂਮਿਕਾ ਦੱਸੋ।**

ਉੱਤਰ-1.ਲੋਕਮਤ ਕਲਿਆਣਕਾਰੀ ਰਾਜ ਦੀ ਆਤਮਾ ਹੁੰਦੀ ਹੈ।

2. ਲੋਕਤੰਤਰੀ ਸਰਕਾਰ ਵਿੱਚ ਸਰਕਾਰ ਨੂੰ ਸਿੱਧੇ ਰਾਹ 'ਤੇ ਚਲਾਉਣ ਲਈ ਜਾਗਰਤ ਜਨਮੱਤ ਦੀ ਬਹੁਤ ਲੋੜ ਹੁੰਦੀ ਹੈ।

3. ਲੋਕਮੱਤ ਲੋਕਤੰਤਰੀ ਸਰਕਾਰ ਤੇ ਇੱਕ ਲਟਕਦੀ ਹੋਈ ਤਲਵਾਰ ਦਾ ਵੀ ਕੰਮ ਕਰਦੀ ਹੈ ਜੋ ਸ਼ਾਸਕਾਂ ਨੂੰ ਸਹੀ ਕੰਮ ਕਰਨ ਲਈ ਪ੍ਰੇਰਦੀ ਹੈ।

4. ਲੋਕਮਤ ਸ਼ਾਸਕਾਂ ਨੂੰ ਮਨਮਰਜ਼ੀ ਕਰਨ ਤੋਂ ਰੋਕਦੀ ਹੈ।

5. ਕਾਨੂੰਨ ਬਣਾਉਣ ਸਮੇਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਸਮੇਂ ਲੋਕਤੰਤਰੀ ਸਰਕਾਰ ਹਮੇਸ਼ਾ ਹੀ ਜਨਤਕ ਰਾਏ ਨੂੰ ਮੁੱਖ ਰੱਖਦੀ ਹੈ।

6. ਲੋਕਮਤ ਲੋਕਤੰਤਰੀ ਸ਼ਾਸਨ ਦਾ ਮਾਰਗਦਰਸ਼ਨ ਕਰਦਾ ਹੈ।

**101.ਪੰਚਸ਼ੀਲ ਦੇ ਸਿਧਾਂਤਾਂ ਦਾ ਵਰਣਨ ਕਰੋ।**

ਉੱਤਰ: 1.ਪਰਸਪਰ ਦੇਸ਼ਾਂ ਦੀ ਪ੍ਰਭੂਸੱਤਾ ਤੇ ਏਕਤਾ ਦਾ ਸਨਮਾਨ।

2. ਪਰਸਪਰ ਹਮਲਾ ਨਾ ਕਰਨਾ।

3.ਇੱਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਨਾ ਦੇਣਾ।

4.ਸਮਾਨਤਾ ਅਤੇ ਸਹਿਯੋਗ।

5.ਸ਼ਾਂਤਮਈ ਸਹਿਹੋਂਦ।

# ਪੰਜ ਅੰਕਾਂ ਵਾਲੇ ਪ੍ਰਸ਼ਨ:-

**1. ਆਲਮੀ ਤਪਸ਼ (Global Warming) ਕਿਸ ਨੂੰ ਕਹਿੰਦੇ ਹਨ ? ਵਿਆਖਿਆ ਕਰੋ?**

ਉੱਤਰ:- ਆਲਮੀ ਤਪਸ਼ ਜਾਂ (Global Warming) ਧਰਤੀ ਦੀ ਸਤ੍ਹਾ ਉੱਪਰ ਤਾਪਮਾਨ ਵਿੱਚ ਹੌਲੀ-ਹੌਲੀ ਵਾਧੇ ਦੀ ਘਟਨਾ ਹੈ। ਇਹ ਵਰਤਾਰਾ ਪਿਛਲੀਆਂ ਇੱਕ-ਦੋ ਸਦੀਆਂ ਤੋਂ ਦੇਖਿਆ ਗਿਆ ਹੈ। ਇਸ ਤਬਦੀਲੀ ਨੇ ਧਰਤੀ ਦੇ ਜਲਵਾਯੂ ਨੂੰ ਵਿਗਾੜ ਦਿੱਤਾ ਹੈ ਜਿਸ ਦਾ ਮਨੁੱਖਾਂ, ਪੌਦਿਆਂ ਅਤੇ ਜੀਵ-ਜੰਤੂਆ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਆਲਮੀ ਤਪਸ਼ ਜਾਂ ਗਲੋਬਲ ਵਾਰਮਿੰਗ ਦੇ ਕਈ ਕਾਰਨ ਹਨ । ਇਹ ਕਾਰਨ ਕੁਦਰਤੀ ਵੀ ਹੋ ਸਕਦੇ ਹਨ ਜਾਂ ਮਨੁੱਖੀ ਗਤੀਵਿਧੀਆਂ ਦਾ ਨਤੀਜਾ ਵੀ ਹੋ ਸਕਦੇ ਹਨ। ਜਿਵੇਂ ਕਿ :-

1.ਜੰਗਲਾਂ ਦੀ ਅੰਨ੍ਹੇਵਾਹ ਕਟਾਈ

2. ਵਾਹਨਾਂ ਦੀ ਵਰਤੋਂ

3.ਕਲੋਰੋ-ਫਲੋਰੋ ਕਾਰਬਨ

4. ਉਦਯੋਗਿਕ ਵਿਕਾਸ

5. ਖੇਤੀਬਾੜੀ ਦੇ ਗਲ਼ਤ ਢੰਗ

6. ਵੱਧਦੀ ਆਬਾਦੀ

7. ਜੁਵਾਲਾਮੁਖੀਆਂ ਦਾ ਫੱਟਣਾ ਆਦਿ

ਇਹਨਾਂ ਕਾਰਨਾਂ ਦੇ ਪ੍ਰਭਾਵ ਵਜੋਂ ਤਾਪਮਾਨ ਵਿੱਚ ਲਗਾਤਾਰ ਵਾਧਾ, ਮੌਸਮੀ ਤਬਦੀਲੀ, ਬਿਮਾਰੀਆਂ ਦਾ ਫੈਲਾਅ, ਉੱਚ ਮੌਤ ਦਰ ਅਤੇ ਕੁਦਰਤੀ ਨਿਵਾਸ ਸਥਾਨ ਦਾ ਨੁਕਸਾਨ ਹੋ ਰਿਹਾ ਹੈ।

**2. ਭਾਰਤ ਦੀ ਜੈਵਿਕ ਵਿਭਿੰਨਤਾ ਦੇ ਮਹੱਤਵਪੂਰਨ ਤੱਥਾਂ ਤੋਂ ਜਾਣੂ ਕਰਵਾਓ।**

ਉੱਤਰ:-ਭਾਰਤ ਵਿੱਚ ਜੈਵਿਕ ਵਿਭਿੰਨਤਾ ਬਾਰੇ ਕੁਝ ਜ਼ਰੂਰੀ ਤੱਥ ਹੇਠ ਲਿਖੇ ਅਨੁਸਾਰ ਹਨ:

ਭਾਰਤ ਸੰਸਾਰ ਦੇ 17 ਮੈਗਾ ਵਿਭਿੰਨਤਾ ਵਾਲੇ ਦੇਸ਼ਾਂ ਵਿੱਚੋ ਇਕ ਹੈ, ਸੰਸਾਰ ਦੀ 33% ਜ਼ਿੰਦਗੀ ਨਿਵਾਸ ਕਰਦੀ ਹੈ।

1. ਭਾਰਤ ਵਿੱਚ ਸੰਸਾਰ ਦੇ ਕੁੱਲ ਰਕਬੇ ਦਾ ਸਿਰਫ਼ 2.4% ਹੋਣ ਦੇ ਬਾਵਜੂਦ ਇੱਥੇ 8% ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ।

2. ਭਾਰਤ ਨੂੰ 10 ਜੈਵ ਭੂਗੋਲਿਕ ਜ਼ੋਨਾਂ, 26 ਜੈਵਿਕ ਸੂਬਿਆਂ ਵਿੱਚ ਵੰਡਿਆ ਜਾ ਸਕਦਾ ਹੈ, ਜਿਨ੍ਹਾਂ ਵਿੱਚ ਸੰਸਾਰ ਦੇ ਲਗਭਗ ਹਰ ਕਿਸਮ ਦੇ ਪਾਰਿਸਥਿਕ ਤੰਤਰ ਮਿਲਦੇ ਹਨ।

3.ਭਾਰਤ ਵਿੱਚ 41 ਬੋਟੈਨੀਕਲ ਬਾਗ਼, 120 ਰਾਸ਼ਟਰੀ ਪਾਰਕ, 275 ਚਿੜੀਆਘਰ, 504 ਜੰਗਲੀ ਜੀਵ ਰੱਖਾਂ ਅਤੇ 18 ਜੈਵ-ਮੰਡਲ ਰਿਜ਼ਰਵ ਹਨ।

4. ਸਾਡੇ ਦੇਸ਼ ਵਿਚ ਪੌਦਿਆਂ ਦੀਆਂ ਲੱਗਭੱਗ 50,000 ਤੇ ਜੀਵ ਜੰਤੂਆਂ ਦੀਆਂ 81,000 ਪ੍ਰਜਾਤੀਆਂ ਦੀ ਪਛਾਣ ਹੋ ਚੁੱਕੀ ਹੈ ।

5. ਭਾਰਤ ਦੇ ਪੱਛਮੀ ਘਾਟ ਵਿੱਚ ਲੱਗਭੱਗ 60% ਜੈਵ-ਵਿਭਿੰਨਤਾ ਪਾਈ ਜਾਂਦੀ ਹੈ ।ਇਹ ਖਿੱਤਾ ਜੈਵ-ਵਿਭਿੰਨਤਾ ਦਾ ਤੀਖਣ ਬਿੰਦੂ ਹੈ।

6. ਭਾਰਤ ਲੋਪ ਹੋਣ ਕੰਢੇ ਪੁੱਜੀਆਂ ਕਈ ਪਰਜਾਤੀਆਂ ਦੇ ਗ਼ੈਰ-ਕਾਨੂੰਨੀ ਵਪਾਰ ਨੂੰ ਰੋਕਣ ਲਈ ਕੌਮਾਂਤਰੀ ਸੰਧੀਆਂ ਤੇ ਹਸਤਾਖ਼ਰ ਕਰ ਚੁੱਕਾ ਹੈ।

7.ਭਾਰਤ ਵਿੱਚ 40 ਵਿਸ਼ਵ ਵਿਰਾਸਤੀ ਸਥਾਨ ਅਤੇ 75 ਰਾਮਸਰ ਜਲਗਾਹਾਂ ਵੀ ਹਨ।

**3. ਰਾਜਸਥਾਨ ਦੇ ਅਰਧ-ਖੁਸ਼ਕ ਇਲਾਕਿਆਂ ਵਿੱਚ ਕਿਹੜਾ ਵਰਖਾ ਜਲ ਪ੍ਰਬੰਧ ਕੀਤਾ ਜਾ ਸਕਦਾ ਹੈ?**

ਉੱਤਰ:- ਰਾਜਸਥਾਨ ਦੇ ਅਰਧ- ਖ਼ੁਸ਼ਕ ਇਲਾਕਿਆਂ ਵਿਚ ਵਰਖ਼ਾ ਜਲ ਪ੍ਰਬੰਧਨ ਹੇਠ ਦਿੱਤੇ ਅਨੁਸਾਰ ਕੀਤਾ ਜਾ ਰਿਹਾ ਹੈ:-

1. ਰਾਜਸਥਾਨ ਵਿੱਚ ਪੀਣ ਯੋਗ ਪਾਣੀ ਦੀ ਲੋੜ ਪੂਰੀ ਕਰਨ ਲਈ ਪਾਣੀ ਦੀ ਸੰਭਾਲ ‘ਤੇ ਭੰਡਾਰਣ ਦੀ ਵਿਧੀ ਅਪਣਾਈ ਜਾ ਰਹੀ ਹੈ। ਮੀਂਹ ਦਾ ਪਾਣੀ ਘਰਾਂ ਦੀਆਂ ਛੱਤਾਂ ਤੋਂ ਇਕੱਠਾ ਕੀਤਾ ਜਾ ਰਿਹਾ ਹੈ ਅਤੇ ਇੱਕ ਟੈਂਕ ਵਿੱਚ ਭੇਜਿਆ ਜਾ ਰਿਹਾ ਹੈ।

2. ਰਾਜਸਥਾਨ ਦੇ ਖੁਸ਼ਕ ਇਲਾਕਿਆਂ ਵਿੱਚ, ਪੀਣ ਦੇ ਉਦੇਸ਼ਾਂ ਲਈ ਪਾਣੀ ਨੂੰ ਸਟੋਰ ਕਰਨ ਲਈ ਹਰ ਘਰ ਵਿੱਚ ਜ਼ਮੀਨਦੋਜ਼ ਟੈਂਕੀਆਂ ਬਣਾਈਆਂ ਜਾ ਰਹੀਆਂ ਹਨ।

3. ਇਹ ਟੈਂਕ ਵੱਡੇ ਅਤੇ ਡੂੰਘੇ ਕੀਤੇ ਜਾ ਰਹੇ ਹਨ ਤਾਂ ਜੋ ਜ਼ਿਆਦਾ ਪਾਣੀ ਨੂੰ ਸਟੋਰ ਕੀਤਾ ਜਾ ਸਕੇ।

**4. ਰਵਾਇਤੀ ਵਰਖ਼ਾ ਜਲ ਪ੍ਰਬੰਧਨ ਅਜੋਕੇ ਸਮੇਂ ਵਿੱਚ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ?**

ਉੱਤਰ:- ਵਰਖਾ ਦੇ ਪਾਣੀ ਨੂੰ ਰਵਾਇਤੀ ਤਰੀਕਿਆਂ ਜਿਵੇਂ ਕਿ ਛੱਤਾਂ ਉੱਪਰ ਮੌਜੂਦ ਪਾਣੀ ਨੂੰ ਪਾਈਪਾਂ ਦੀ ਸਹਾਇਤਾ ਨਾਲ ਜ਼ਮੀਨਦੋਜ਼ ਟੈਕਾਂ ਵਿੱਚ ਸਟੋਰ ਕੀਤਾ ਜਾ ਰਿਹਾ ਹੈ ਜਾਂ ਆਪਣੇ ਘਰਾਂ ਦੇ ਵਿਹੜਿਆਂ ਵਿੱਚ ਬਣੀਆਂ ਟੈਂਕੀਆਂ ਵਿੱਚ ਸਟੋਰ ਕੀਤਾ ਜਾ ਰਿਹਾ ਹੈ। ਤਾਮਿਲਨਾਡੂ ਰਾਜ ਵਿੱਚ ਹਰ ਘਰ ਦੀ ਛੱਤ ਉੱਪਰ ਮੀਂਹ ਜਲ ਸੰਭਾਲ ਕੇਂਦਰ ਸਥਾਪਤ ਕਰਨਾ ਲਾਜ਼ਮੀ ਕੀਤਾ ਹੋਇਆ ਹੈ। ਮਾਸਿਨਰਮ ਦੇ ਸ਼ਹਿਰ ਗੇਂਦਾਤੁਰ ਜਿੱਥੇ ਸਾਲਾਨਾ 1000 ਮਿਲੀਮੀਟਰ ਮੀਂਹ ਪੈਂਦਾ ਹੈ, ਉੱਥੇ 80 ਫੀਸਦੀ ਜਲ ਦੀ ਸੰਭਾਲ ਕੀਤੀ ਜਾ ਰਹੀ ਹੈ। ਮੇਘਾਲਿਆ ਵਿੱਚ ਵਰਖਾ ਜਲ ਪ੍ਰਬੰਧਨ ਲਈ ਬਾਂਸ ਦੀ ਟਹਿਣੀ ਨੂੰ ਪਾਈਪ ਦੀ ਤਰ੍ਹਾਂ ਵਰਤ ਕੇ ਪਾਣੀ ਦੀ ਸੰਭਾਲ ਕੀਤੀ ਜਾ ਰਹੀ ਹੈ। ਖੁੱਲ੍ਹੀਆਂ ਭਾਈਚਾਰਕ ਜ਼ਮੀਨਾਂ ਤੋਂ ਮੀਂਹ ਦੇ ਪਾਣੀ ਨੂੰ ਇਕੱਠਾ ਕਰਕੇ, ਇਸਨੂੰ ਨਕਲੀ ਖੂਹਾਂ ਵਿੱਚ ਸਟੋਰ ਕੀਤਾ ਜਾ ਰਿਹਾ ਹੈ ।

5. ਬਹੁ-ਮੰਤਵੀ ਪ੍ਰਾਜੈਕਟਾਂ ਨੇ ਖੇਤੀ ਖੇਤਰ ਵਿਚ ਕੀ-ਕੀ ਤਬਦੀਲੀਆਂ ਲਿਆਂਦੀਆਂ ਹਨ?

ਉੱਤਰ:- ਬਹੁ-ਮੰਤਵੀ ਪ੍ਰਾਜੈਕਟਾਂ ਨੇ ਖੇਤੀ ਖੇਤਰ ਵਿੱਚ ਫ਼ਸਲੀ, ਵਾਤਾਵਰਣ, ਸਮਾਜਿਕ ਅਤੇ ਰਾਜਨੀਤਿਕ ਤਬਦੀਲੀਆਂ ਵਿੱਚ ਹੇਠ ਲਿਖੇ ਅਨੁਸਾਰ ਤਬਦੀਲੀਆਂ ਲਿਆਂਦੀਆਂ ਹਨ:

1. ਬਹੁ-ਮੰਤਵੀ ਪ੍ਰੋਜੈਕਟਾਂ ਵਿੱਚ ਸਿੰਚਾਈ ਪ੍ਰਬੰਧ ਵਿਚ ਤਬਦੀਲੀ ਆਉਣ ਨਾਲ ਫ਼ਸਲੀ ਚੱਕਰ ਵੀ ਤਬਦੀਲ ਹੋ ਗਿਆ ਹੈ।

2. ਕਿਸਾਨ ਸੰਘਣੀ ਖੇਤੀ ਅਤੇ ਨਕਦ ਫਸਲਾਂ ਦੇ ਵੱਲ ਜ਼ਿਆਦਾ ਧਿਆਨ ਦੇਣ ਲੱਗ ਪਏ ਹਨ।

3. ਵਾਤਾਵਰਣ ਅਤੇ ਕੁਦਰਤੀ ਤਬਦੀਲੀਆਂ ਸਾਹਮਣੇ ਆ ਰਹੀਆਂ ਹਨ ਜਿਵੇਂ ਮਿੱਟੀ ਵਿੱਚ ਕੱਲਰ ਅਤੇ ਸੇਮ ਆਉਣਾ।

੪. ਧਨਾਢ ਜ਼ਿੰਮੀਦਾਰਾ ਅਤੇ ਗਰੀਬ ਭੂਮੀਹੀਣਾਂ ਵਿਚਕਾਰ ਪਾੜਾ ਵੱਧਣਾ।

5. ਡੈਮਾਂ ਕਾਰਨ, ਇਕ ਹੀ ਜਲ ਸਾਧਨ ਦੀ ਵਰਤੋਂ ਤੇ ਉਸ ਦੇ ਫ਼ਾਇਦਿਆਂ ਵਿੱਚੋਂ ਹਿੱਸਾ ਵੰਡਾਉਣ ਲਈ ਵੱਖੋ-ਵੱਖ ਸਮਾਜਿਕ ਤੇ ਰਾਜਨੀਤਿਕ ਇਕਾਈਆਂ ਵਿੱਚ ਆਪਸੀ ਉਲਝੇਵੇਂ ਆਉਣੇ।

6. ਰਾਜਾਂ ਵਿਚ ਆਪਸੀ ਅੰਤਰ-ਰਾਜੀ ਝਗੜੇ। ਜਿਵੇਂ ਕਿ ਕਰਨਾਟਕ ਤੇ ਤਾਮਿਲਨਾਡੂ ਵਿਚਕਾਰ 'ਕਾਵੇਰੀ ਜਲ ਵਿਵਾਦ'।

**6.ਵਰਸ਼ਾ ਜਲ ਸੰਭਾਲ ਕੀ ਹੈ?ਇਹ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ?**

ਉੱਤਰ:- ਵਰਖਾ ਜਲ ਸੰਭਾਲ ਦਾ ਅਰਥ ਹੈ ਕਿ ਮੀਂਹ ਦੇ ਪਾਣੀ ਨੂੰ ਸੰਭਾਲ ਕੇ ਰੱਖਣਾ ।ਅੱਜ ਦੇ ਸਮੇਂ ਵਿੱਚ ਵਰਖਾ ਜਲ ਸੰਭਾਲ ਨੂੰ ਇਕ ਵਧੀਆ ਬਦਲ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਵਰਸ਼ਾ ਜਲ ਸੰਭਾਲ ਨਾਲ ਸਮਾਜ ਦੀ ਆਰਥਿਕਤਾ ਅਤੇ ਵਾਤਾਵਰਣ ਦੋਹਾਂ ਨੂੰ ਹੀ ਬਹੁਤ ਜ਼ਿਆਦਾ ਫਾਇਦਾ ਹੋਵੇਗਾ। ਵਰਸ਼ਾ ਜਲ ਸੰਭਾਲ ਨੂੰ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾ ਸਕਦਾ ਹੈ:-

1.ਖੁਸ਼ਕ ਤੇ ਅਰਧ ਖੁਸ਼ਕ ਇਲਾਕਿਆਂ ਵਿਚ ਪਾਣੀ ਦੀ ਸੰਭਾਲ ਲਈ ਭੰਡਾਰਨ ਦੀ ਵਿਧੀ ਅਪਣਾਈ ਜਾ ਸਕਦੀ ਹੈ ਅਤੇ ਪਾਣੀ ਨੂੰ ਵੱਡੇ ਟੈਂਕਾਂ ਵਿੱਚ ਸਟੋਰ ਕੀਤਾ ਜਾ ਸਕਦਾ ਹੈ।

2. ਹੜ੍ਹਾਂ ਵਾਲੇ ਮੈਦਾਨੀ ਇਲਾਕਿਆਂ ਵਿਚ ਮੀਂਹ ਦੇ ਪਾਣੀ ਦਾ ਭੂਮੀ 'ਤੇ ਭੰਡਾਰਨ ਕਰਕੇ ਮਿੱਟੀ ਵਿੱਚ ਨਮੀਂ ਨੂੰ ਸੰਭਾਲਿਆ ਜਾ ਸਕਦਾ ਹੈ।

3. ਅਰਧ-ਪਹਾੜੀ ਖੇਤਰਾਂ ਵਿਚ ਅਜਾਈਂ ਵਹਿੰਦੇ ਮੀਂਹ ਦੇ ਪਾਣੀ ਨੂੰ ਨਦੀਆਂ ਦੇ ਨਾਲਿਆਂ ਦੇ ਰਾਹੀਂ ਛੋਟੇ-ਛੋਟੇ ਡੈਮ ਬਣਾ ਕੇ ਰੋਕਿਆ ਜਾ ਸਕਦਾ ਹੈ।

੪. ਮੈਦਾਨੀ ਇਲਾਕਿਆਂ ਵਿੱਚ ਵਾਧੂ ਮੀਂਹ ਦੇ ਪਾਣੀ ਨੂੰ ਤੀਜੇ ਦਰਜੇ ਦੇ ਨਾਲੇ ਬਣਾ ਕੇ, ਖੇਤਾਂ ਵਿੱਚ ਪਾਣੀ ਖੜ੍ਹਨ ਤੋਂ ਰੋਕਿਆ ਜਾ ਸਕਦਾ ਹੈ ਤੇ ਘੱਟ ਮੀਂਹ ਵਾਲੇ ਇਲਾਕੇ ਵਿੱਚ ਸਿੰਚਾਈ ਲਈ ਜਾਂ ਨੇੜਲੇ ਦਰਿਆਵਾਂ ਰਾਹੀਂ ਜ਼ਮੀਨਦੋਜ਼ ਪਾਣੀ ਦੇ ਰੀਚਾਰਜ ਲਈ ਵਰਤਿਆ ਜਾ ਸਕਦਾ ਹੈ।

5. ਸ਼ਹਿਰੀ ਇਲਾਕੇ ਵਿੱਚ ਮੀਂਹ ਦੇ ਪਾਣੀ ਨੂੰ ਨਾਲੇ-ਨਾਲੀਆਂ ਰਾਹੀਂ ਨੇੜਲੇ ਦਰਿਆਵਾਂ ਤੱਕ ਪਹੁੰਚਾਇਆ ਜਾ ਸਕਦਾ ਹੈ।

**7. ਜਲ ਸ਼ੁੱਧੀਕਰਨ ਲਈ ਸੀਚੇਵਾਲ ਮਾਡਲ ਕੀ ਸੀ ਤੇ ਇਹ ਜਲ ਸੰਭਾਲ ਕਿਵੇਂ ਕਰਦਾ ਹੈ?**

ਉੱਤਰ:- ਸੀਚੇਵਾਲ ਮਾਡਲ ਜੋ ਕਿ ਸਧਾਰਨ ਪਾਈਪ ਅਤੇ ਪੰਪ ਫਾਰਮੂਲਾ ਹੈ। ਸੀਚੇਵਾਲ ਮਾਡਲ ਪਾਣੀ ਦੀ ਸ਼ੁੱਧੀਕਰਨ ਵਰਗੀ ਸੰਗੀਨ ਔਕੜ ਦਾ ਹੱਲ ਹੈ। ਇਹ ਤਰੀਕਾ ਜ਼ਿਲ੍ਹਾ ਜਲੰਧਰ ਦੇ ਪਿੰਡ ਸੀਚੇਵਾਲ ਤੇ ਜ਼ਿਲ੍ਹਾ ਕਪੂਰਥਲਾ ਵਿਚ ਸੁਲਤਾਨਪੁਰ ਲੋਧੀ ਸਮੇਤ ਕਈ ਥਾਂਵਾਂ ਤੇ ਲਾਗੂ ਕੀਤਾ ਗਿਆ ਹੈ। ਇਸ ਨੂੰ ਭਾਰਤ ਸਰਕਾਰ ਨੇ ਇਸ ਨੂੰ 'ਸੀਚੇਵਾਲ ਮਾਡਲ' ਦਾ ਨਾਮ ਦਿੱਤਾ ਹੈ ਤੇ ਗੰਗਾ ਸਮੇਤ ਕਈ ਭਾਰਤੀ ਦਰਿਆਵਾਂ ਦੀ ਸਫ਼ਾਈ ਕਰਨ ਹਿੱਤ ਇਸ ਨੂੰ ਲਾਗੂ ਕਰ ਦਿੱਤਾ ਗਿਆ ਹੈ। ਸੀਚੇਵਾਲ ਮਾਡਲ ਦਾ ਮਨੋਰਥ ਪਿੰਡਾਂ ਨੂੰ ਸਾਫ਼ ਸੁਥਰਾ ਅਤੇ ਹਰੇ-ਭਰੇ ਰੱਖਣਾ ਹੈ।

ਸੀਚੇਵਾਲ ਮਾਡਲ:-

1. ਪਿੰਡਾਂ ਦਾ ਗੰਦਾ ਪਾਣੀ/ ਤਰਲ ਇੱਕ ਟੋਭੇ ਵਿਚ ਇਕੱਤਰ ਕਰ ਲਿਆ ਜਾਂਦਾ ਹੈ।

2. ਪਾਣੀ ਦੀ ਸਤਹ ਉੱਤੇ ਤੈਰਦੇ ਪਦਾਰਥਾਂ ਨੂੰ, ਨਿਤਾਰਨ ਦੀ ਵਿਧੀ ਰਾਹੀਂ ਇਕੱਤਰ ਕਰ ਲਿਆ ਜਾਂਦਾ ਹੈ।

3. ਦੂਸ਼ਿਤ ਪਾਣੀ ਨੂੰ ਤਿੰਨ ਖੂਹਾਂ ਵਿਚ ਪਾਇਆ ਜਾਂਦਾ ਹੈ। ਪਹਿਲੇ ਖੂਹ ਵਿਚ ਸਾਰੇ ਮਾਦੇ ਨੂੰ ਘੜੀ ਦੀਆਂ ਸੂਈਆਂ ਦੇ ਸਮਾਨਅੰਤਰ ਘੁਮਾਇਆ ਜਾਂਦਾ ਹੈ ਜਿਸ ਵਿੱਚ ਗਾਧ ਤੇ ਪੱਥਰ ਵੱਖ ਹੋ ਜਾਂਦੇ ਹਨ। ਦੂਜੇ ਖੂਹ ਵਿੱਚ ਘੜੀ ਦੀਆਂ ਸੂਈਆਂ ਦੀ ਹਰਕਤ ਦੇ ਵਿਰੁੱਧ ਘੁੰਮਾਉਣ ਨਾਲ ਦੂਸ਼ਿਤ ਪਾਣੀ ਵਿਚਲੇ ਤੇਲ ਅਧਾਰਤ ਪਦਾਰਥ ਜਿਵੇਂ ਕਿ ਤੇਲ, ਚਰਬੀ ਤੇ ਘਿਉ ਵੱਖਰੇ ਹੋ ਜਾਂਦੇ ਹਨ। ਤੀਜੇ ਖੂਹ ਵਿਚ ਪਾਣੀ ਮੁੱਖ ਤਲਾਅ ਵਿੱਚ ਚਲਾ ਜਾਂਦਾ ਹੈ।

੪.ਪ੍ਰਮੁੱਖ ਤਲਾਅ ਵਿਚਲਾ ਪਾਣੀ ਸੂਰਜੀ ਕਿਰਨਾਂ ਨਾਲ ਸਾਫ਼ ਕੀਤਾ ਜਾਂਦਾ ਹੈ।

5. ਤਲਾਅ ਵਿੱਚੋਂ ਜਲ ਦੇ ਨਿਕਾਸ ਵਾਲੇ ਪਾਸਿਓ, ਮੋਟਰ ਪੰਪ ਦੀ ਸਹਾਇਤਾ ਦਾ ਪਾਣੀ ਚੁੱਕ ਕੇ ਸਿੰਚਾਈ ਲਈ ਭੇਜ ਦਿੱਤਾ ਜਾਂਦਾ ਹੈ।

6. ਜਲ ਸੋਧਕ ਸਹੂਲਤ ਦੇ ਚਾਰੇ ਪਾਸੇ ਵੀ ਪੌਦੇ ਲਗਾਏ ਜਾਂਦੇ ਹਨ।

**8. ਭਾਰਤ ਵਿੱਚ ਜਲ ਸੰਕਟ ਬਾਰੇ 'ਨੀਤੀ ਆਯੋਗ ਦੀ 2018- ਰਿਪੋਰਟ' ਦੀ ਚਰਚਾ ਕਰੋ?**

ਉੱਤਰ:- 'ਨੀਤੀ ਆਯੋਗ ਦੀ 2018- ਰਿਪੋਰਟ' ਅਨੁਸਾਰ ਜਲ ਸਾਧਨਾਂ ਦੇ ਪ੍ਰਬੰਧ ਨੂੰ ਫੌਰਨ ਸੰਵਾਰਨ ਦੀ ਲੋੜ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਦੇਸ਼ ਦੇ ਜਿਹੜੇ ਇਲਾਕਿਆਂ ਵਿਚ ਹਰ ਸਾਲ, ਮੌਜੂਦ ਪਾਣੀ ਦਾ 40 ਫੀਸਦੀ ਹਿੱਸਾ ਵਰਤ ਲਿਆ ਜਾਂਦਾ ਹੈ ਉਹਨਾਂ ਇਲਾਕਿਆਂ ਦੇ ਵਾਸੀ 60 ਕਰੋੜ ਦੇ ਲਗਭਗ ਭਾਰਤੀ ਲੋਕ ਉੱਚ ਗੰਭੀਰ ਤੋਂ ਅਤਿਅੰਤ ਗੰਭੀਰ ਜਲ ਸੰਕਟ ਨਾਲ ਜੂਝ ਰਹੇ ਹਨ। ਜਲ ਪ੍ਰਬੰਧਨ ਬਾਰੇ ਮਿਸ਼ਰਤ ਰਿਪੋਰਟ ਅਨੁਸਾਰ ਦੇਸ਼ ਵਿਚ ਹਰ ਸਾਲ ਲਗਭਗ ਦੋ ਲੱਖ ਲੋਕ ਸਾਫ਼ ਪਾਣੀ ਦੀ ਕਮੀ ਖੁਣੋਂ ਜਾਨ ਗਵਾ ਰਹੇ ਹਨ ਤੇ ਪਾਣੀ ਦੀ ਵੱਧਦੀ ਮੰਗ ਕਾਰਨ ਸੰਨ 2050 ਤਕ ਪੂਰਤੀ ਨਾਲੋਂ ਮੰਗ ਵੱਧ ਜਾਵੇਗੀ। ਰਾਜਾਂ ਨੂੰ ਲੋੜ ਹੈ ਕਿ ਉਹ ਆਪਣੇ ਜ਼ਮੀਨਦੋਜ਼ ਜਲ ਅਤੇ ਖੇਤੀ ਲਈ ਜਲ ਦੀ ਸੰਭਾਲ ਦੇ ਪ੍ਰਬੰਧਨ ਫ਼ੌਰਨ ਆਰੰਭ ਦੇਣ। ਰਿਪੋਰਟ ਅਨੁਸਾਰ ਦਿੱਲੀ, ਬੇਂਗਲੁਰੂ,ਚੇਨੱਈ ਅਤੇ ਹੈਦਰਾਬਾਦ ਸਮੇਤ ਦੇਸ਼ ਦੇ 21 ਸ਼ਹਿਰਾਂ ਵਿਚੋਂ 2020 ਤੱਕ ਜ਼ਮੀਨਦੋਜ਼ ਜਲ ਖ਼ਤਮ ਹੋ ਜਾਵੇਗਾ, 10 ਕਰੋੜ ਲੋਕ ਪੀੜਤ ਹੋਣਗੇ ਅਤੇ ਸੰਨ 2030 ਤੱਕ ਦੇਸ਼ ਦੀ 40 ਫੀਸਦੀ ਆਬਾਦੀ ਕੋਲ ਪੀਣ ਲਈ ਪਾਣੀ ਨਹੀਂ ਹੋਵੇਗਾ।

**9. ਖੇਤੀਬਾੜੀ ਦੀਆਂ ਕਿਸਮਾਂ ਉੱਤੇ ਵਿਸਤ੍ਰਿਤ ਨੋਟ ਲਿਖੋ?**

ਉੱਤਰ:- ਭਾਰਤ ਵਿਚ ਭਿੰਨ-ਭਿੰਨ ਪ੍ਰਕਾਰ ਦੇ ਭੂਗੋਲਿਕ ਅਤੇ ਵਾਤਾਵਰਨ ਵਖਰੇਵਿਆਂ ਕਾਰਨ ਕਈ ਪ੍ਰਕਾਰ ਦੀ ਖੇਤੀ ਕੀਤੀ ਜਾਂਦੀ ਹੈ:-

1.ਸਥਾਨ-ਅੰਤਰੀ ਖੇਤੀ: ਸਥਾਨ-ਅੰਤਰੀ ਖੇਤੀ ਸਿਰਫ਼ ਪੱਛੜੇ ਜੰਗਲੀ ਇਲਾਕਿਆਂ ਵਿਚ ਕੀਤੀ ਜਾਂਦੀ ਹੈ।ਅਜਿਹੀ ਖੇਤੀ ਵਿੱਚ ਕਿਸਾਨ ਜੰਗਲਾਂ ਨੂੰ ਸਾੜ ਕੇ ਜਾਂ ਦਰੱਖਤ ਕੱਟ ਕੇ ਜ਼ਮੀਨ ਨੂੰ ਵਾਹੀ ਯੋਗ ਬਣਾਉਂਦਾ ਹੈ ਤੇ ਰਵਾਇਤੀ ਸੰਦਾਂ ਨਾਲ ਦੋ- ਤਿੰਨ ਸਾਲ ਤੱਕ ਖੇਤੀ ਕਰਦਾ ਹੈ।

2.ਨਿਰਬਾਹ ਖੇਤੀ: ਕਿਸਾਨ ਦੁਆਰਾ ਜਦੋਂ ਸਿਰਫ਼ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਫ਼ਸਲਾਂ ਉਗਾਈਆ ਜਾਣ ਤੇ ਉਪਜ ਨੂੰ ਬਾਜ਼ਾਰ ਵਿੱਚ ਵਿਕਰੀ ਲਈ ਨਾ ਲੈ ਕੇ ਜਾਇਆ ਜਾਵੇ, ਕਿਸ ਕਿਸਮ ਦੀ ਖੇਤੀ ਨੂੰ ਨਿਰਬਾਹ ਖੇਤੀ ਕਿਹਾ ਜ਼ਾਂਦਾ ਹੈ।

3. ਸੰਘਣੀ ਖੇਤੀ :-ਅਬਾਦੀ ਦੇ ਵੱਧਣ ਨਾਲ ਜੋਤਾਂ ਲਗਾਤਾਰ ਛੋਟੀਆਂ ਹੁੰਦੀਆਂ ਜਾ ਰਹੀਆਂ ਹਨ। ਕਿਸਾਨ ਅਜਿਹੇ ਛੋਟੇ ਜ਼ਮੀਨ ਦੇ ਟੁੱਕੜਿਆਂ ਵਿੱਚੋਂ ਵੱਧ ਝਾੜ ਦੇਣ ਵਾਲੇ ਬੀਜ, ਰੂੜੀ ਦੀ ਖਾਦ, ਰਸਾਇਣਿਕ ਖਾਦਾਂ, ਕੀਟ ਨਾਸ਼ਕ ਤੇ ਸਿੰਚਾਈ ਸਹੂਲਤਾਂ ਦੀ ਵਰਤੋਂ ਨਾਲ ਵੱਧ ਤੋਂ ਵੱਧ ਝਾੜ ਲੈਣ ਦੀ ਕੋਸ਼ਿਸ਼ ਕਰਦੇ ਹਨ।

4. ਵਿਆਪਕ ਖੇਤੀ:- ਵਿਆਪਕ ਖੇਤੀ ਵਿੱਚ ਜੋਤਾਂ ਦਾ ਆਕਾਰ ਵੱਡਾ ਹੁੰਦਾ ਹੈ। ਬੀਜ ਬੀਜਣ ਤੋਂ ਲੈ ਕੇ ਫ਼ਸਲ ਦੇ ਕੱਟਣ ਤੱਕ ਜ਼ਿਆਦਾਤਰ ਕੰਮ ਮਸ਼ੀਨਾਂ ਨਾਲ ਕੀਤੇ ਜਾਂਦੇ ਹਨ।

5. ਵਪਾਰਕ ਖੇਤੀ:- ਇਸ ਕਿਸਮ ਦੀ ਖੇਤੀ, ਉਤਪਾਦਾਂ ਨੂੰ ਸਿੱਧੇ ਬਾਜ਼ਾਰ ਵਿੱਚ ਵੇਚਣ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਖੇਤੀ ਘੱਟ ਵਸੋਂ ਵਾਲੇ ਖੇਤਰਾਂ ਵਿੱਚ ਆਧੁਨਿਕ ਤਰੀਕਿਆਂ ਨਾਲ ਕੀਤੀ ਜਾਂਦੀ ਹੈ।

6. ਰੋਪਣ ਖੇਤੀ:- ਰੋਪਣ ਖੇਤੀ ਵਿੱਚ ਵਿਗਿਆਨਕ ਢੰਗਾਂ ਨਾਲ ਫਸਲਾਂ ਰੋਪਿਤ ਕਰ ਕੇ ਉਗਾਈਆਂ ਜਾਂਦੀਆਂ ਹਨ ।ਅਜਿਹੀ ਖੇਤੀ ਦਾ ਮੰਤਵ ਉਪਜਾਂ ਤੋਂ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੁੰਦਾ ਹੈ।

7. ਲੰਬਕਾਰੀ ਜਾ ਖੜ੍ਹੀ ਖੇਤੀ:- ਲੰਬਕਾਰੀ ਖੇਤੀ ਖਾਸ ਵਾਤਾਵਰਨ ਹਾਲਾਤਾਂ ਵਿਚ ਟਰੇਆਂ ਵਿੱਚ ਮਿੱਟੀ, ਪਾਣੀ 'ਤੇ ਉੱਨਤ ਬੀਜਾਂ ਦਾ ਇਸਤੇਮਾਲ ਕਰਕੇ ਕੀਤੀ ਜਾਂਦੀ ਹੈ। ਖੇਤੀ ਮਜ਼ਦੂਰਾਂ ਦਾ ਸਿੱਖਿਅਤ ਹੋਣਾ ਜ਼ਰੂਰੀ ਹੈ।

8. ਮਿਸ਼ਰਤ ਖੇਤੀ:- ਮਿਸ਼ਰਤ ਖੇਤੀ ਵਿੱਚ ਫ਼ਸਲਾਂ ਉਗਾਉਣ ਦੇ ਨਾਲ-ਨਾਲ ਪਸ਼ੂ ਪਾਲਣ ਵੀ ਸ਼ਾਮਲ ਹੈ।ਅਜਿਹੀ ਖੇਤੀ ਜ਼ਿਆਦਾ ਵੱਸੋਂ ਵਾਲੇ ਖੇਤਰਾਂ ਵਿੱਚ ਕੀਤੀ ਜਾਂਦੀ ਹੈ।

**10. ਭਾਰਤ ਵਿੱਚ ਖੇਤੀਬਾੜੀ ਦੇ ਮੌਸਮਾਂ ਬਾਰੇ ਵਿਆਖਿਆ ਕਰੋ?**

ਉੱਤਰ:-ਭਾਰਤ ਵਿਚ ਵੰਨ-ਸੁਵੰਨੀ ਜਲਵਾਯੂ ਮਿਲਣ ਕਾਰਨ, ਵੱਖੋ-ਵੱਖਰੇ ਭੌਤਿਕ,ਸਮਾਜਿਕ ਤੇ ਆਰਥਿਕ ਹਾਲਤਾਂ ਵਿਚ ਵੱਖੋ-ਵੱਖਰੀਆਂ ਫਸਲਾਂ ਬੀਜੀਆਂ ਜਾਂਦੀਆਂ ਹਨ। ਭਾਰਤ ਵਿੱਚ ਖੇਤੀਬਾੜੀ ਦੇ ਮੁੱਖ ਮੌਸਮਾਂ ਵਿੱਚ ਖਰੀਫ਼ ਜਾਂ ਸਾਉਣੀ ਦੀ ਫ਼ਸਲ, ਜ਼ਾਇਦ/ ਜ਼ੈਦ-1 ਫ਼ਸਲ, ਰੱਬੀ ਜਾਂ ਹਾੜ੍ਹੀ ਦੀ ਫ਼ਸਲ ਅਤੇ ਜ਼ਾਇਦ/ ਜ਼ੈਦ-2 ਫ਼ਸਲਾਂ ਹਨ।

1.ਖਰੀਫ਼ ਜਾਂ ਸਾਉਣੀ ਦੀ ਫ਼ਸਲ:- ਸਾਉਣੀ ਜਾਂ ਖ਼ਰੀਫ਼ ਦੀਆਂ ਫ਼ਸਲਾਂ ਵਿੱਚ ਮੁੱਖ ਤੌਰ 'ਤੇ ਝੋਨਾ, ਅਰਹਰ, ਮੂੰਗੀ, ਮਾਂਹ, ਗੰਨਾ, ਸੋਇਆਬੀਨ, ਜਵਾਰ, ਬਾਜਰਾ, ਮੂੰਗਫਲੀ, ਪਟਸਨ, ਤਿੱਲ ਆਦਿ ਮੁੱਖ ਫਸਲਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਨੂੰ ਬੀਜਣ

ਦਾ ਸਮਾਂ 1 ਜੂਨ ਤੋਂ ਅਕਤੂਬਰ ਦੇ ਮੱਧ ਤੱਕ ਹੁੰਦਾ ਹੈ। ਇਨ੍ਹਾਂ ਫ਼ਸਲਾਂ ਲਈ ਨਮੀ ਭਰਪੂਰ ਦੱਖਣੀ -ਪੱਛਮੀ ਮੌਨਸੂਨ ਵਰਖਾ ਕਾਫੀ ਲਾਭਦਾਇਕ ਸਿੱਧ ਹੁੰਦੀ ਹੈ। ਇਹ ਫਸਲਾਂ ਜ਼ਿਆਦਾਤਰ ਗਰਮ ਤੇ ਤਰ ਮੌਸਮ ਉੱਤੇ ਨਿਰਭਰ ਕਰਦੀਆਂ ਹਨ।

2. ਜ਼ਾਇਦ/ ਜ਼ੈਦ-1 ਫ਼ਸਲਾਂ:- ਜ਼ੈਦ ਫ਼ਸਲਾਂ ਵਿਚ ਮੁੱਖ ਤੌਰ ‘ਤੇ ਸ਼ਬਜੀਆਂ ਅਤੇ ਚਾਰਾ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਨੂੰ ਬੀਜਣ ਦਾ ਸਮਾਂ ਅਕਤੂਬਰ ਤੋਂ ਨਵੰਬਰ ਤੱਕ ਹੁੰਦਾ ਹੈ। ਮੌਨਸੂਨ ਦੀ ਵਾਪਸੀ, ਘੱਟਦਾ ਤਾਪਮਾਨ ਤੇ ਵੱਧ ਨਮੀ ਵਾਲਾ ਜਲਵਾਯੂ ਇਹਨਾਂ ਫ਼ਸਲਾਂ ਲਈ ਲਾਹੇਵੰਦ ਹੁੰਦਾ ਹੈ।

3.ਰੱਬੀ ਜਾਂ ਹਾੜ੍ਹੀ ਦੀ ਫ਼ਸਲ:- ਰੱਬੀ ਜਾਂ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਮੁੱਖ ਤੌਰ ‘ਤੇ ਜੌਂ, ਸਰੋਂ, ਕਣਕ, ਅਲਸੀ, ਮਟਰ, ਸੂਰਜਮੁਖੀ, ਮਸਰ ਤੇ ਛੋਲੇ ਆਦਿ ਸ਼ਾਮਲ ਹਨ।ਇਹ ਫ਼ਸਲਾਂ ਅਕਤੂਬਰ ਤੋਂ ਲੈ ਕੇ ਮੱਧ ਮਾਰਚ ਤੱਕ ਸਰਦੀਆਂ ਦੇ ਮਹੀਨਿਆਂ ਵਿੱਚ ਬੀਜੀਆਂ ਜਾਂਦੀਆਂ ਹਨ।

4. ਜ਼ਾਇਦ/ ਜ਼ੈਦ-2 ਫ਼ਸਲਾਂ:- ਜ਼ੈਦ ਫ਼ਸਲਾਂ ਵਿਚ ਮੁੱਖ ਤੌਰ ‘ਤੇ ਸ਼ਬਜੀਆਂ ਅਤੇ ਚਾਰਾ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਫ਼ਸਲਾਂ ਨੂੰ ਬੀਜਣ ਦਾ ਸਮਾਂ ਮੱਧ ਮਾਰਚ ਤੋਂ ਮਈ ਤੱਕ ਹੁੰਦਾ ਹੈ। ਨਿੱਘੀ ਧੁੱਪ, ਗਰਮ ਅਤੇ ਖੁਸ਼ਕ ਮੌਸਮ ਵਾਲਾ ਜਲਵਾਯੂ ਇਹਨਾਂ ਫ਼ਸਲਾਂ ਲਈ ਲਾਹੇਵੰਦ ਹੁੰਦਾ ਹੈ।

**11. ਭਾਰਤ ਵਿਚ ਕਪਾਹ ਉਤਪਾਦਨ ਬਾਰੇ ਵਿਸਥਾਰ ਨਾਲ ਲਿਖੋ?**

ਉੱਤਰ:- ਕਪਾਹ ਨੂੰ ਰੇਸ਼ੇ ਵਾਲੀਆਂ ਫ਼ਸਲਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਕਪਾਹ ਦੇ ਉਤਪਾਦਨ ਲਈ ਲੋੜੀਂਦੀਆਂ ਹਾਲਤਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:-

1. ਤਾਪਮਾਨ:- ਕਪਾਹ ਦੇ ਉਤਪਾਦਨ ਲਈ ਤਾਪਮਾਨ $20^\circ$ ਸੈਲਸੀਅਸ ਤੋਂ $30^\circ$ ਤੱਕ ਹੋਣਾ ਚਾਹੀਦਾ ਹੈ। ਕੋਹਰੇ ਤੋਂ ਬਗੈਰ ਮੌਸਮ ਦੇ ਘੱਟੋਂ-ਘੱਟ 210 ਦਿਨ ਹੋਣੇ ਚਾਹੀਦੇ ਹਨ।

2. ਮਿੱਟੀ:- ਕਪਾਹ ਦੇ ਉਤਪਾਦਨ ਲਈ ਕਾਲੀ ਮਿੱਟੀ ਜਾਂ ਰੇਂਗੁਰ ਮਿੱਟੀ ਕਾਫੀ ਫਾਇਦੇਮੰਦ ਮੰਨੀ ਜਾਂਦੀ ਹੈ।

3. ਕਿਸਮਾਂ:-ਕਪਾਹ ਦੀਆਂ ਪ੍ਰਮੁੱਖ ਤੌਰ ਤੇ ਤਿੰਨ ਕਿਸਮਾਂ ਹੁੰਦੀਆਂ ਹਨ। ਲੰਬੇ ਰੇਸ਼ੇ ਵਾਲੀ ਕਪਾਹ,ਦਰਮਿਆਨੇ ਰੇਸ਼ੇ ਵਾਲੀ ਕਪਾਹ, ਛੋਟੇ ਰੇਸ਼ੇ ਵਾਲੀ ਕਪਾਹ।, ਲੰਬੇ ਰੇਸ਼ੇ ਵਾਲੀ ਕਪਾਹ ਨੂੰ ਸਭ ਤੋਂ ਉੱਤਮ ਕਿਸਮ ਦੀ ਕਪਾਹ ਮੰਨਿਆ ਜਾਂਦਾ ਹੈ।

4. ਕਪਾਹ ਉਤਪਾਦਕ ਰਾਜ:- ਭਾਰਤ ਦੇ ਪ੍ਰਮੁੱਖ ਕਪਾਹ ਉਤਪਾਦਕ ਰਾਜਾਂ ਵਿੱਚ ਗੁਜਰਾਤ, ਤਾਮਿਲਨਾਡੂ, ਪੰਜਾਬ, ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ ਰਾਜ ਹਨ।

**12. ਹੇਠ ਲਿਖਿਆ ਤੋਂ ਜਾਣੂ ਕਰਵਾਓ:-**

**(ੳ) ਦੇਸ਼ ਦਾ ਕੌਫੀ ਹਾਊਸ**:- ਕਰਨਾਟਕ ਨੂੰ ਭਾਰਤ ਦਾ ਕੌਫੀ ਹਾਊਸ ਕਿਹਾ ਜਾਂਦਾ ਹੈ। ਭਾਰਤ ਦੀ ਦੋ ਤਿਹਾਈ ਕੌਫੀ ਸਿਰਫ਼ ਕਰਨਾਟਕਾ ਵਿੱਚ ਪੈਦਾ ਹੁੰਦੀ ਹੈ। ਕਰਨਾਟਕ ਦੇ ਚਿਕਮੰਗਲੂਰ, ਕੋਡਗੂ ਤੇ ਹਸਨ ਜ਼ਿਲ੍ਹੇ ਕੌਫੀ ਦੀ ਖੇਤੀ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ। ਕੋਡਗੂ ਜ਼ਿਲ੍ਹੇ ਵਿੱਚ ਕਰਨਾਟਕ ਦੀ 50%ਕੌਫੀ ਪੈਦਾ ਹੁੰਦੀ ਹੈ।ਮੈਸੂਰ ਅਤੇ ਸ਼ਿਮੋਗਾ ਜ਼ਿਲ੍ਹੇ ਵੀ ਕੌਫੀ ਦੇ ਉਤਪਾਦਨ ਲਈ ਪ੍ਰਸਿੱਧ ਹਨ। ਰੋਬਸਟਾ ਅਤੇ ਅਰੇਬਿਕਾ ਕਿਸਮ ਦੀ ਕੌਫੀ ਦੀ, ਸੰਸਾਰ ਵਿੱਚ ਕਾਫੀ ਮੰਗ ਹੈ। 80% ਕੌਫੀ ਪੱਛਮੀ ਦੇਸ਼ਾਂ ਨੂੰ ਨਿਰਯਾਤ ਕੀਤੀ ਜਾਂਦੀ ਹੈ।

**(ਅ) ਭਾਰਤ ਦਾ ਚਾਹ ਬਾਗ**: ਆਸਾਮ ਨੂੰ ਭਾਰਤ ਦੇ ਚਾਹ ਦੇ ਬਾਗ ਦੇ ਤੌਰ ‘ਤੇ ਜਾਣਿਆ ਜਾਂਦਾ ਹੈ। ਚਾਹ ਦੀ ਝਾੜੀ ਊਸ਼ਣ ਅਤੇ ਉਪ-ਊਸ਼ਣ ਜਲਵਾਯੂ ਦਾ ਪੌਦਾ ਹੈ, ਆਸਾਮ ਦੀ ਗਰਮ ਅਤੇ ਤਰ ਜਲਵਾਯੂ ਵਿੱਚ ਵਧੀਆ ਵੱਧਦਾ ਫੁੱਲਦਾ ਹੈ। $20^\circ$ ਤੋਂ $30^\circ$ ਸੈਲਸੀਅਸ ਤਾਪਮਾਨ ਅਤੇ 150 ਤੋਂ 300 ਸੈਂਟੀਮੀਟਰ ਸਾਲਾਨਾ ਵਰਖਾ ਚਾਹ ਦੀ ਖੇਤੀ ਲਈ ਬੇਹਰਤੀਨ ਹੈ। ਇਸ ਤੋਂ ਇਲਾਵਾ ਨਮੀ, ਤੇਲ ਤੇ ਸਵੇਰ ਦੀ ਧੁੰਦ ਚਾਹ ਦੇ ਪੌਦੇ ਦੇ ਵਧਣ-ਫੁੱਲਣ ਲਈ ਵਧੀਆ ਹਨ। ਇਹ ਸਾਰੀਆਂ ਜਲਵਾਯੂ ਵਿਸ਼ੇਸ਼ਤਾਵਾਂ ਅਸਾਮ ਰਾਜ ਦੇ ਵਿਚ ਪਾਈਆਂ ਜਾਂਦੀਆਂ ਹਨ। ਭਾਰਤ ਦੇ ਕੁੱਲ ਚਾਹ ਉਤਪਾਦਨ ਦਾ 52% ਹਿੱਸਾ ਆਸਾਮ ਵਿੱਚ ਪੈਦਾ ਹੁੰਦਾ ਹੈ।

**(ੲ) ਅਨਾਜ ਸੁਰੱਖਿਆ**:- ਸੰਸਾਰ ਅਨਾਜ ਸੁਰੱਖਿਆ ਦਾ ਸੂਚਕ ਅੰਕ ਸਾਲ 2012 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਸੂਚੀ ਵਿੱਚ ਦਰਜ 70% ਮੁਲਕ ਆਪਣੀ ਵੱਧਦੀ ਹੋਈ ਆਬਾਦੀ ਨੂੰ ਅਨਾਜ ਮੁੱਹਈਆ ਕਰਵਾਉਣ ਦੀ ਬਹੁਤ ਕੋਸ਼ਿਸ਼ ਕਰ ਰਹੇ ਹਨ । ਸੰਸਾਰ ਦੀ ਤੇਜ਼ੀ ਨਾਲ ਵੱਧਦੀ ਅਬਾਦੀ ਤੇ ਘੱਟ ਰਹੇ ਅਨਾਜ ਦੇ ਉਤਪਾਦਨ ਨਾਲ ਦਿਨੋਂ-ਦਿਨ ਅਨਾਜ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਅਸਫ਼ਲ ਹੁੰਦੀ ਨਜ਼ਰ ਆ ਰਹੀ ਹੈ। ਸੰਸਾਰ ਦਾ ਇਹ ਅਨਾਜ ਸੁਰੱਖਿਆ ਦਾ ਸੂਚਕ ਅੰਕ 113 ਦੇਸ਼ਾਂ ਚੋਂ ਇਕੱਠਾ ਕੀਤਾ ਜਾਂਦਾ ਹੈ ਅਤੇ

ਇਹ 28 ਸੰਕੇਤਾਂ 'ਤੇ ਆਧਾਰਿਤ ਹੈ। ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਅਨਾਜ ਸੁਰੱਖਿਆ ਦਾ ਅਧਿਐਨ ਇਹਨਾਂ ਸੰਕੇਤਾਂ 'ਤੇ ਅਧਾਰਤ ਹੁੰਦਾ ਹੈ। ਸਾਲ 2022 ਵਿੱਚ, ਭਾਰਤ ਦਾ 113 ਦੇਸ਼ਾਂ ਵਿੱਚੋਂ 71 ਵਾਂ ਸਥਾਨ ਹੈ।

**(ਸ) ਰਵਾਇਤੀ ਗੰਨਾ ਉਤਪਾਦਕ ਪੇਟੀ**:- ਤਰਾਈ ਦੇ ਖੇਤਰ ਨੂੰ ਰਵਾਇਤੀ ਗੰਨਾ ਉਤਪਾਦਕ ਪੇਟੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਤਰਾਈ ਦਾ ਇਲਾਕਾ ਹਿਮਾਲਿਆ ਦੇ ਪੈਰਾਂ ਵਿਚ ਦਲਦਲੀ ਭੂਮੀ ਵਾਲਾ ਇਲਾਕਾ ਹੈ ਜੋ ਪੱਛਮ ਤੋਂ ਪੂਰਬ ਤੱਕ ਹਿਮਾਲਿਆ ਦੇ ਨਾਲ-ਨਾਲ ਚੱਲਦਾ ਹੈ। ਤਰਾਈ ਦੀ ਗੰਨਾ ਪੇਟੀ ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ ਤੇ ਆਸਾਮ ਰਾਜਾਂ ਵਿੱਚ ਯਮੁਨਾ ਤੋਂ ਬ੍ਰਹਮਪੁੱਤਰ ਦਰਿਆਵਾਂ ਵਿਚਾਲੇ ਚਲਦੀ ਹੈ। ਇੱਥੇ ਗਰਮ ਤੇ ਤਰ ਜਲਵਾਯੂ ਹਾਲਾਤਾਂ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰਦੀਆਂ ਹਨ। ਉੱਤਰ ਪ੍ਰਦੇਸ਼ ਸਭ ਤੋਂ ਜ਼ਿਆਦਾ ਉਤਪਾਦਨ ਕਰਨ ਵਾਲਾ ਰਾਜ ਹੈ।

**13. ਭਾਰਤ ਵਿਚ ਗੈਰ-ਰਵਾਇਤੀ ਊਰਜਾ ਸਾਧਨਾਂ ਦੀ ਵਿਆਖਿਆ ਕਰੋ?**

ਉੱਤਰ:- ਊਰਜਾ ਦੀ ਮੰਗ ਵੱਧਣ ਅਤੇ ਰਵਾਇਤੀ ਸਾਧਨਾਂ ਦੇ ਭੰਡਾਰ ਘੱਟਣ ਕਾਰਨ, ਊਰਜਾ ਦੇ ਕਈ ਨਵੇਂ ਗੈਰ-ਰਵਾਇਤੀ ਸਰੋਤਾਂ ਦੇ ਮਹੱਤਵ ਨੇ ਜ਼ੋਰ ਫੜ ਲਿਆ ਹੈ। ਇਹਨਾਂ ਗੈਰ-ਰਵਾਇਤੀ ਸਰੋਤਾਂ ਵਿੱਚ ਸ਼ਾਮਲ ਹਨ: ਸੂਰਜੀ ਊਰਜਾ, ਪੌਣ ਊਰਜਾ, ਭੌਂ-ਤਾਪੀ ਊਰਜਾ, ਜਵਾਰੀ ਊਰਜਾ, ਸਾਗਰੀ ਛੱਲਾ ਊਰਜਾ, ਪਣ ਬਿਜਲਈ ਊਰਜਾ ਤੇ ਜੈਵ ਪੁੰਜ ਊਰਜਾ ਆਦਿ।

1. ਸੂਰਜੀ ਊਰਜਾ:- ਧਰਤੀ ਦੀ ਸਤ੍ਹਾ ਉੱਤੇ ਊਰਜਾ ਦਾ ਮੁੱਖ ਸੋਮਾ ਸੂਰਜ ਹੈ। ਭਾਰਤ ਊਸ਼ਣ-ਖੰਡੀ ਦੇਸ਼ ਹੋਣ ਕਾਰਨ ਇਸ ਨੂੰ ਸੂਰਜੀ ਊਰਜਾ ਦਾ ਅਥਾਹ ਭੰਡਾਰ ਮਿਲਿਆ ਹੈ। ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਸਾਲ ਭਰ ਕਾਫੀ ਧੁੱਪ ਮਿਲਦੀ ਰਹਿੰਦੀ ਹੈ। ਨਵੀਨਤਮ ਤਕਨੀਕ ਦੀ ਵਰਤੋਂ ਨਾਲ ਸੂਰਜੀ ਊਰਜਾ ਨੂੰ ਕਈ ਤਰੀਕਿਆਂ ਨਾਲ ਵਰਤਿਆ ਜਾ ਰਿਹਾ ਹੈ।

2.ਪੌਣ ਊਰਜਾ:- ਗੈਰ-ਰਵਾਇਤੀ ਊਰਜਾ ਦਾ ਇਕ ਹੋਰ ਮਹੱਤਵਪੂਰਨ ਸਰੋਤ ਪੌਣ ਊਰਜਾ ਹੈ। ਜਿਸ ਲਈ ਭਾਰਤ ਕੋਲ ਬਹੁਤ ਵਧੀਆ ਸੰਭਾਵਨਾਵਾਂ ਹਨ। ਪੌਣ ਊਰਜਾ ਉਤਪਾਦਨ ਪ੍ਰਾਜੈਕਟ ਸਥਾਪਤ ਕਰਨ ਵੇਲੇ ਹੀ ਸਿਰਫ਼ ਪੂੰਜੀ ਦੀ ਲੋੜ ਹੁੰਦੀ ਹੈ, ਪ੍ਰਾਜੈਕਟ ਸਥਾਪਿਤ ਹੋਣ ਮਗਰੋਂ ਲਗਭਗ 20 ਸਾਲ ਤੱਕ ਵੱਡੇ ਪੱਧਰ 'ਤੇ ਇਸ ਤੋਂ ਉਤਪਾਦਨ ਕੀਤਾ ਜਾ ਸਕਦਾ ਹੈ। ਭਾਰਤ ਦੇ ਤੱਟੀ ਰਾਜਾਂ ਤਾਮਿਲਨਾਡੂ, ਕਰਨਾਟਕ, ਕੇਰਲ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ ਵਿੱਚ ਪੌਣ ਊਰਜਾ ਨਾਲ ਬਿਜਲੀ ਉਤਪਾਦਨ ਆਰੰਭਿਆ ਜਾ ਚੁੱਕਾ ਹੈ।

3. ਜਵਾਰੀ ਊਰਜਾ:- ਭਾਰਤੀ ਸਾਗਰਾਂ ਵਿੱਚ ਜਵਾਰਾਂ ਦਾ ਉਛਾਲ ਨਿਯਮਿਤ ਤਰੀਕੇ ਨਾਲ ਹੁੰਦਾ ਹੈ।ਜਵਾਰੀ ਊਰਜਾ ਤੋਂ ਵੀ ਬਿਜਲੀ ਪੈਦਾ ਕੀਤੀ ਜਾਂਦੀ ਹੈ। ਜਵਾਰ ਆਉਣ ਸਮੇਂ ,ਸਾਗਰੀ ਛੱਲਾਂ ਦੇ ਜ਼ੋਰ ਨੂੰ ਟਰਬਾਈਨਾਂ ਚਲਾਉਣ ਲਈ ਵਰਤਿਆ ਜਾਂਦਾ ਹੈ ਜਿਸ ਨਾਲ ਬਿਜਲੀ ਪੈਦਾ ਹੁੰਦੀ ਹੈ।

4. ਭੌਂ-ਤਾਪੀ ਊਰਜਾ:- ਇਸ ਕਿਸਮ ਦੇ ਊਰਜਾ ਉਤਪਾਦਨ ਵਿੱਚ ਧਰਤੀ ਦੀ ਤਾਪ-ਊਰਜਾ ਨੂੰ ਵਰਤਿਆ ਜਾਂਦਾ ਹੈ ਜੋ ਕਿ ਸਿੱਧੇ ਤਾਪ ਦੀ ਵਰਤੋਂ ਲਈ ਤੇ ਊਰਜਾ ਉਤਪਾਦਨ ਲਈ ਵੀ ਸਹਾਈ ਹੁੰਦਾ ਹੈ।

5. ਜੈਵਿਕ ਗੈਸ:- ਜੈਵਿਕ ਗੈਸ ਤੋਂ ਭਾਵ, ਆਕਸੀਜਨ ਦੀ ਅਣਹੋਂਦ ਵਿੱਚ ਜੈਵਿਕ ਰਹਿੰਦ ਖੂੰਦ ਦੇ ਅਣੂਆਂ ਦੀ ਟੁੱਟ-ਭੱਜ ਕਾਰਨ ਪੈਦਾ ਹੁੰਦੀਆਂ ਗੈਸਾਂ ਦਾ ਮਿਸ਼ਰਣ। ਬਾਇਓ ਗੈਸ ਦੇ ਉਤਪਾਦਨ ਲਈ ਕੱਚੇ ਮਾਲ ਵਜੋਂ ਡੰਗਰਾਂ ਦੇ ਗੋਹੇ, ਮੁਰਗੀਖਾਨੇ ਦੀ ਰਹਿੰਦ-ਖੂੰਹਦ, ਰਸੋਈਆਂ ਦੀ ਰਹਿੰਦ -ਖੂੰਹਦ, ਖੇਤਾਂ ਦੀ ਰਹਿੰਦ-ਖੂੰਹਦ, ਮਿਊਂਸਪਲ ਰਹਿੰਦ- ਖੂੰਹਦ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਬਾਇਓ ਗੈਸ ਉਤਪਾਦਨ ਪਲਾਂਟ ਤਿੰਨ ਦਹਾਕਿਆਂ ਤੋਂ ਵਰਤੋਂ ਵਿੱਚ ਹਨ।

**14. ਦੇਸ਼ ਵਿਚ ਨਿਰਮਾਣ ਸਮਰਥਾ ਵਿਚ ਆਏ ਉਛਾਲ ਪਿੱਛੇ ਕਿਹੜੀਆਂ- ਕਿਹੜੀਆਂ ਨਵੀਆਂ ਗਤੀਵਿਧੀਆਂ ਦਾ ਹੱਥ ਹੈ?**

ਉੱਤਰ:-1. ਵਿਸ਼ਵੀਕਰਨ ਦੇ ਪ੍ਰਭਾਵ ਨੇ ਵੀ ਸਾਡੀਆਂ ਸਨਅਤਾਂ ਨੂੰ ਵਧੇਰੇ ਨਿਪੁੰਨ ਅਤੇ ਮੁਕਾਬਲੇਬਾਜ਼ੀ ਦੀ ਭਾਵਨਾ ਦਿੱਤੀ ਹੈ,ਜਿਸ ਨਾਲ ਦੇਸ਼ ਵਿਚ ਨਿਰਮਾਣ ਸਨਅਤਾਂ ਨੂੰ ਉਤਸ਼ਾਹ ਮਿਲਿਆ ਹੈ।

2. ਸਰਕਾਰਾਂ ਦੁਆਰਾ ਨਿਰਮਾਣ ਸਨਅਤਾਂ ਨੂੰ ਵਧੇਰੇ ਪ੍ਰਫੁੱਲਿਤ ਕਰਨ ਲਈ ਸਸਤੇ ਦਰ੍ਹਾਂ ਤੇ ਵਿਸ਼ੇਸ ਬੈਂਕਿੰਗ ਸੁਵਿਧਾਵਾਂ ਮੁੱਹਈਆ ਕਰਵਾਈਆਂ ਗਈਆਂ ਹਨ।

3. ਵਿਦੇਸ਼ੀ ਪੂੰਜੀਕਾਰਾਂ ਵੱਲੋਂ ਸਿੱਧੇ ਨਿਵੇਸ਼ ਕਰਨ ਅਤੇ ਸਰਕਾਰਾਂ ਵੱਲੋਂ ਉਦਾਰੀਕਰਨ ਦੀ ਨੀਤੀ ਅਪਨਾਉਣ ਨਾਲ ਭਾਰਤੀ ਸਨਅਤ ਨਿਰਮਾਣ ਨੂੰ ਹੋਰ ਜ਼ਿਆਦਾ ਉਤਸ਼ਾਹ ਮਿਲਿਆ।

4. ਉਤਪਾਦਨ ਨੂੰ ਵਧਾਉਣ ਲਈ ਸਰਕਾਰਾਂ ਦੁਆਰਾ ਵੱਖ-ਵੱਖ ਥਾਵਾਂ 'ਤੇ ਖੋਜ ਕੇਂਦਰ ਖੋਲ੍ਹੇ ਗਏ ਹਨ।

5. ਹਰੀ ਕ੍ਰਾਂਤੀ ਤੋਂ ਬਾਅਦ, ਖੇਤੀਬਾੜੀ ਵਿੱਚ ਖੇਤੀ ਆਧਾਰਿਤ ਉਦਯੋਗਾਂ ਨੂੰ ਪ੍ਰਫੁੱਲਤ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ।

6. ਪੱਛੜੇ ਇਲਾਕਿਆਂ ਅਤੇ ਕਬਾਇਲੀ ਇਲਾਕਿਆਂ ਵਿੱਚ ਵੀ ਸਰਕਾਰਾਂ ਦੁਆਰਾ ਸਨਅਤੀ ਵਿਕਾਸ ਕੀਤਾ ਗਿਆ ਹੈ।

**15. ਸਨਅਤਾਂ ਵਾਤਾਵਰਣ ਨੂੰ ਕਿਵੇਂ ਪਲੀਤ ਕਰਦੀਆਂ ਹਨ?**

ਉੱਤਰ:- ਸਨਅਤਾਂ ਨੇ ਬੇਸ਼ੱਕ, ਭਾਰਤੀ ਅਰਥਚਾਰੇ ਦੇ ਵਿਕਾਸ ਤੇ ਵਾਧੇ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਪਰ ਇਸਦੇ ਨਾਲ-ਨਾਲ ਹੀ ਧਰਤੀ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਆਵਾਜ਼ ਪ੍ਰਦੂਸ਼ਣ ਅਤੇ ਵਾਤਾਵਰਣ ਦੇ ਮਿਆਰ ਵਿੱਚ ਵੀ ਗਿਰਾਵਟ ਲਿਆਂਦੀ ਹੈ। ਸਨਅਤਾਂ ਚਾਰ ਪ੍ਰਕਾਰ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ:-

1. ਹਵਾ ਜਾਂ ਵਾਯੂ ਪ੍ਰਦੂਸ਼ਣ:- ਹਵਾ ਪ੍ਰਦੂਸ਼ਣ ਸਲਫ਼ਰ ਡਾਇਆਕਸਾਈਡ ਜਾਂ ਕਾਰਬਨ ਮੋਨੋਆਕਸਾਈਡ ਜਿਹੀਆਂ ਬੇਲੋੜੀਆਂ ਗੈਸਾਂ ਦੀ ਮਿਕਦਾਰ ਹਵਾ ਵਿੱਚ ਵੱਧ ਜਾਣ ਕਾਰਨ ਫੈਲਦਾ ਹੈ।
2. ਪਾਣੀ ਜਾਂ ਜਲ ਪ੍ਰਦੂਸ਼ਣ:- ਪਾਣੀ ਜਾਂ ਜਲ ਪ੍ਰਦੂਸ਼ਣ, ਸਨਅਤਾਂ ਵੱਲੋਂ ਦਰਿਆਵਾਂ ਵਿੱਚ ਛੱਡੀ ਗਈ ਆਪਣੀ ਜੈਵਿਕ ਅਤੇ ਅਜੈਵਿਕ ਰਹਿੰਦ-ਖੂੰਹਦ ਕਾਰਨ ਵਾਪਰਦਾ ਹੈ।
3. ਭੂਮੀ ਜਾਂ ਮਿੱਟੀ ਪ੍ਰਦੂਸ਼ਣ:- ਸ਼ੀਸਾ, ਨੁਕਸਾਨਦਾਇਕ ਰਸਾਇਣ, ਸਨਅਤੀ ਰਹਿੰਦ-ਖੂੰਹਦ, ਪੈਕੇਜਿੰਗ ਦਾ ਸਾਮਾਨ, ਲੂਣ ਅਤੇ ਕੂੜਾ-ਕਰਕਟ ਆਦਿ ਮਿੱਟੀ ਵਿੱਚ ਮਿਲ ਕੇ ਮਿੱਟੀ ਨੂੰ ਪ੍ਰਦੂਸ਼ਿਤ ਕਰਦੇ ਹਨ।
4. ਆਵਾਜ਼ ਜਾਂ ਸ਼ੋਰ ਪ੍ਰਦੂਸ਼ਣ:-ਆਵਾਜ਼ ਜਾਂ ਸ਼ੋਰ ਪ੍ਰਦੂਸ਼ਣ ਨਾ ਸਿਰਫ਼ ਮਨੁੱਖੀ ਮਨਾਂ ਵਿੱਚ ਕਾਹਲ ਪੈਦਾ ਕਰਦਾ ਹੈ ਸਗੋਂ ਗੁੱਸਾ ਤੇ ਉਦਾਸੀ ਵਧਾਉਣ ਤੋਂ ਇਲਾਵਾ ਦਿਲ ਦੀ ਧੜਕਨ ਵਧਾਉਣ, ਖ਼ੂਨ ਦਾ ਦੌਰਾ ਤੇਜ਼ ਕਰਨ ਤੋਂ ਇਲਾਵਾ ਮਨੋਰੋਗਾਂ ਦਾ ਅਧਾਰ ਵੀ ਬਣਦਾ ਹੈ।

**16. ਸਨਅਤਾਂ ਕਾਰਨ ਵਾਤਾਵਰਨ ਪਲੀਤ ਹੋਣ ਦੇ ਅਸਰ ਘਟਾਉਣ ਲਈ ਕੀ-ਕੀ ਕਦਮ ਚੁੱਕੇ ਜਾ ਸਕਦੇ ਹਨ?**

ਉੱਤਰ:- 1. ਪਾਣੀ ਦੀ ਰੀਸਾਈਕਲਿੰਗ ਅਤੇ ਮੁੜ-ਵਰਤੋਂ ਰਾਹੀਂ ਉਸੇ ਪਾਣੀ ਨੂੰ ਮੁੜ-ਮੁੜ ਵਰਤਿਆ ਜਾਵੇ।

2. ਤਾਜ਼ੇ ਪਾਣੀ ਨੂੰ ਅਜਾਈਂ ਨਾ ਗਵਾਇਆ ਜਾਵੇ।

3. ਪਾਣੀ ਦੀ ਲੋੜ ਪੂਰੀ ਕਰਨ ਲਈ ਮੀਂਹ ਦੇ ਪਾਣੀ ਦੀ ਸੰਭਾਲ ਕਰ ਕੇ, ਉਸ ਨੂੰ ਵਰਤਿਆ ਜਾਵੇ।

4. ਭਾਰੇ ਤੇ ਗਰਮ ਪਾਣੀ ਨੂੰ ਦਰਿਆਵਾਂ ਜਾਂ ਟੋਭਿਆਂ ਵਿੱਚ ਛੱਡਣ ਤੋਂ ਪਹਿਲਾਂ ਉਸਨੂੰ ਸਾਫ਼ ਕੀਤਾ ਜਾਵੇ।

5. ਫੈਕਟਰੀਆਂ ਵਿੱਚ ਕੋਲੇ ਦੀ ਥਾਂ, ਤੇਲ ਅਤੇ ਗੈਸ ਦੀ ਵਰਤੋਂ ਕਰਨ ਨਾਲ ਵੀ, ਧੂੰਆਂ ਘਟਾਇਆ ਜਾ ਸਕਦਾ ਹੈ।

6. ਹਵਾ ਵਿੱਚ ਛੱਡੀਆਂ ਜਾਂਦੀਆਂ ਅਸ਼ੁੱਧੀਆਂ ਨੂੰ ਇਲੈਕਟ੍ਰੋਸਟੈਟਿਕ ਪ੍ਰੀਸੈਪਟਰਜ਼, ਫੈਬਰਿਕ ਫਿਲਟਰ ਆਦਿ ਤਕਨੀਕਾਂ ਦੀ ਵਰਤੋਂ ਕਰਕੇ ਹਵਾ ਨੂੰ ਸਾਫ਼ ਕੀਤਾ ਜਾ ਸਕਦਾ ਹੈ।

7. ਸ਼ੋਰ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਘੱਟ ਆਵਾਜ਼ ਵਾਲੀ ਮਸ਼ੀਨਰੀ ਨੂੰ ਮੁੜ ਡਿਜ਼ਾਇਨ ਕੀਤਾ ਜਾ ਸਕਦਾ ਹੈ।

**17. ਸਰਵਜਨਕ ਕਰਜ਼ੇ ਤੋਂ ਕੀ ਭਾਵ ਹੈ? ਇਸ ਦੇ ਵੱਖ ਵੱਖ ਸਾਧਨਾਂ ਦੀ ਵਿਆਖਿਆ ਕਰੋ?**

ਉੱਤਰ:- ਸਰਕਾਰ ਦੀ ਆਮਦਨ ਦੇ ਸਾਧਨ, ਸਰਕਾਰ ਦੇ ਖ਼ਰਚਿਆਂ ਦੇ ਮੁਕਾਬਲੇ ਕਾਫੀ ਸੀਮਤ ਹੁੰਦੇ ਹਨ । ਜਦੋਂ ਸਰਕਾਰ ਦੀ ਆਮਦਨ, ਉਸਦੇ ਖ਼ਰਚਿਆਂ ਦੇ ਮੁਕਾਬਲੇ ਘੱਟ ਰਹਿ ਜਾਂਦੀ ਹੈ ਜੋ ਕਿ ਸਰਕਾਰ ਨੇ ਕੁਝ ਜ਼ਰੂਰੀ ਵਸਤੂਆਂ ਤੇ ਕਰਨੇ ਹੀ ਹੁੰਦੇ ਹਨ, ਤਾਂ ਸਰਕਾਰ ਨੂੰ ਇਸ ਘਾਟੇ ਨੂੰ ਪੂਰਾ ਕਰਨ ਲਈ ਕਈ ਸਾਧਨਾਂ ਤੋਂ ਕਰਜ਼ਾ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਲਈ ਵੱਖ-ਵੱਖ ਸਾਧਨਾਂ ਤੋਂ ਸਰਕਾਰ ਦੁਆਰਾ ਲਏ ਜਾਣ ਵਾਲੇ ਸਾਰੇ ਤਰ੍ਹਾਂ ਦੇ ਕਰਜਿਆਂ, ਚਾਹੇ ਉਹ ਅੰਦਰੂਨੀ ਸਾਧਨ ਹੋਣ (ਜੋ ਕਿ ਦੇਸ਼ ਦੇ ਅੰਦਰ ਹੁੰਦੇ ਹਨ), ਚਾਹੇ ਬਾਹਰੀ ਸਾਧਨ ( ਜੋ ਕਿ ਦੇਸ਼ ਦੇ ਬਾਹਰ ਹੁੰਦੇ ਹਨ), ਨੂੰ ਸਰਵਜਨਕ ਕਰਜ਼ੇ ਕਿਹਾ ਜਾਂਦਾ ਹੈ।

**18. ਟਿਕਾਊ ਵਿਕਾਸ ਦੀ ਲੋੜ 'ਤੇ ਇਕ ਨੋਟ ਲਿਖੋ?**

ਉੱਤਰ:- ਵਰਤਮਾਨ ਸਮੇਂ ਵਿਚ ਅਸੀਂ ਵਾਤਾਵਰਣੀ ਗਿਰਾਵਟ ਦੇ ਆਖਰੀ ਬਿੰਦੂ ਤੱਕ ਪਹੁੰਚ ਚੁੱਕੇ ਹਾਂ।ਆਪਣੇ ਆਪ ਨੂੰ ਵਿਕਸਤ ਕਹਾਉਣ ਅਤੇ ਆਪਣੇ ਕੁੱਲ ਘਰੇਲੂ ਉਤਪਾਦਨ ਵਿਚ ਵਾਧਾ ਕਰਨ ਦੇ ਲਾਲਚ ਨਾਲ, ਸਾਡੇ ਦੁਆਰਾ ਜਿਹੜੀਆਂ ਵੀ ਨੀਤੀਆਂ ਦਾ ਨਿਰਮਾਣ ਕੀਤਾ ਗਿਆ ਹੈ ਉਹ ਸਾਰੀਆਂ ਨੀਤੀਆਂ ਨੇ ਸਾਡੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਇਆ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਅਸੀਂ ਆਪਣਾ ਭਵਿੱਖ ਤਾਂ ਖਰਾਬ ਕੀਤਾ ਹੀ ਹੈ ਨਾਲ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਖਰਾਬ ਕਰ ਦਿੱਤਾ ਹੈ। ਵਰਤਮਾਨ ਪੀੜ੍ਹੀ ਦੀ ਇਹ ਇੱਕ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਚੰਗਾ ਅਤੇ ਸਿਹਤਮੰਦ ਵਾਤਾਵਰਨ ਪ੍ਰਦਾਨ ਕਰੇ। ਅੱਜ ਦੇ ਸਮੇਂ ਵਿਚ ਅਸੀਂ ਵਿਕਾਸ ਦੇ ਨਾਂ ਤੇ ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ, ਪਾਣੀ ਦੀ ਕਮੀ, ਵਾਤਾਵਰਨ ਬਦਲਾਅ, ਕੋਇਲੇ ਅਤੇ ਪੈਟਰੋਲ ਪਦਾਰਥਾਂ ਦੀ ਕਮੀ ਦਾ ਸਾਹਮਣਾ ਕਰ ਰਹੇ ਹਾਂ। ਪ੍ਰੰਤੂ ਵਰਤਮਾਨ ਸਮੇਂ ਵਿੱਚ ਮੁੱਦਾ ਸਿਰਫ਼ ਵਿਕਾਸ ਦਾ ਨਹੀਂ ਬਲਕਿ ਵਿਕਾਸ ਦੀ ਗਤੀ ਨੂੰ ਬਣਾ ਕੇ ਰੱਖਣ ਦਾ ਵੀ ਹੈ ਤਾਂ ਕਿ ਵਿਕਾਸ ਦੇ ਲਾਭ ਸਿਰਫ ਵਰਤਮਾਨ ਪੀੜ੍ਹੀ ਨੂੰ ਨਹੀਂ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰਾਪਤ ਹੋ ਸਕਣ। ਇਸ ਵਿਚਾਰ ਨੇ ਹੀ ਧਿਆਨ ਵਿਕਾਸ ਦੀ ਥਾਂ ਤੇ ਟਿਕਾਊ ਵਿਕਾਸ ਵੱਲ ਖਿੱਚਿਆ ਹੈ।

**19. ਉਧਾਰ ਦੇ ਵੱਖੋ-ਵੱਖਰੇ ਸਰੋਤਾਂ ਦੀ ਵਿਆਖਿਆ ਕਰੋ?**

ਉੱਤਰ:- ਉਧਾਰ ਕਈ ਵਾਰ ਲੋਕ ਨੂੰ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੈਣਾ ਹੀ ਪੈਂਦਾ ਹੈ। ਇਸਦੇ ਲਈ ਉਨ੍ਹਾਂ ਨੂੰ ਅਜਿਹੇ ਸ੍ਰੋਤਾਂ ਦੀ ਜ਼ਰੂਰਤ ਹੁੰਦੀ ਹੈ ਜੋ ਉਹਨਾਂ ਨੂੰ ਉਧਾਰ ਦੇ ਸਕਣ। ਉਧਾਰ ਦੇ ਸਰੋਤ ਦੋ ਕਿਸਮ ਦੇ ਹੁੰਦੇ ਹਨ:-

1. ਗੈਰ-ਰਸਮੀ ਸਰੋਤ :-ਗੈਰ-ਰਸਮੀ ਸਰੋਤ ਦਾ ਅਰਥ ਉਹ ਸਰੋਤ ਹਨ ਜੋ ਲੋਕਾਂ ਨੂੰ ਕਰਜ਼ਾ ਪ੍ਰਦਾਨ ਕਰਦੇ ਸਮੇਂ ਕਿਸੇ ਵੀ ਨਿਯਮ ਜਾਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਜਿਵੇਂ ਕਿ ਕਰਜ਼ੇ ਦੀ ਰਕਮ, ਕਰਜ਼ੇ ਦੀ ਮਿਆਦ, ਵਿਆਜ਼ ਦੀ ਦਰ ਆਦਿ। ਇਹਨਾਂ ਵਿੱਚ ਇਹ ਸਾਰੇ ਫੈਸਲੇ ਉਹਨਾਂ ਦੁਆਰਾ ਆਪਣੀ ਮਰਜ਼ੀ ਨਾਲ ਲਏ ਜਾਂਦੇ ਹਨ। ਇਸ ਵਿਚ ਸ਼ਾਹੂਕਾਰ, ਵਪਾਰੀ, ਮਾਲਕ, ਰਿਸ਼ਤੇਦਾਰ ਅਤੇ ਦੋਸਤ ਸ਼ਾਮਲ ਹੁੰਦੇ ਹਨ।

2. ਰਸਮੀ ਸਰੋਤ:- ਰਸਮੀ ਸਰੋਤ, ਉਹ ਸਰੋਤ ਹਨ ਜਿਨ੍ਹਾਂ ਵਿੱਚ ਦਿੱਤੇ ਗਏ ਕਰਜ਼ਿਆਂ ਦੀ ਮਾਤਰਾ, ਕਰਜ਼ੇ ਦੀ ਮਿਆਦ, ਵਿਆਜ ਦੀ ਦਰ ਆਦਿ ਬਾਰੇ ਕੁਝ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ ਅਤੇ ਉਹ ਇਨ੍ਹਾਂ ਨਿਯਮਾਂ ਅਤੇ ਕਾਨੂੰਨਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਇਸ ਵਿੱਚ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

3. ਸਹਿਕਾਰਤਾਵਾਂ ਤੋਂ ਕਰਜ਼ੇ:- ਸਹਿਕਾਰਤਾ , ਬੈਕਾਂ ਤੋਂ ਇਲਾਵਾ ਪੇਂਡੂ ਖੇਤਰਾਂ ਵਿੱਚ ਸਸਤਾ ਉਧਾਰ ਪ੍ਰਦਾਨ ਕਰਵਾਉਣ ਦਾ ਇੱਕ ਪ੍ਰਮੁੱਖ ਸਰੋਤ ਹੈ।

4. ਗਰੀਬਾਂ ਲਈ ਸਵੈ-ਸਹਾਇਤਾ ਸਮੂਹ:- ।ਇਹਨਾਂ ਸਮੂਹਾਂ ਦੇ ਮੈਂਬਰ ਇੱਕ ਦੂਜੇ ਨੂੰ ਉਨ੍ਹਾਂ ਦੀਆਂ ਉਧਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਦੇ ਹਨ। ਇੱਕ ਸਵੈ- ਸਹਾਇਤਾ ਸਮੂਹ ਦੇ 15-20 ਮੈਂਬਰ ਹੁੰਦੇ ਹਨ, ਜੋ ਕਿ ਆਮ ਤੌਰ ਤੇ ਇੱਕ ਗੁਆਂਢ ਨਾਲ ਸੰਬੰਧਿਤ ਹੁੰਦੇ ਹਨ, ਜੋ ਨਿਯਮਿਤ ਤੌਰ 'ਤੇ ਮਿਲਦੇ ਹਨ ਅਤੇ ਬੱਚਤ ਕਰਦੇ ਹਨ। ਮੈਂਬਰ ਆਪਣੀਆਂ ਨਿਯਮਿਤ ਲੋੜਾਂ ਪੂਰੀਆਂ ਕਰਨ ਲਈ ਛੋਟੇ ਕਰਜ਼ੇ ਲੈ ਸਕਦੇ ਹਨ।

**20. ਕੰਮ ਦੇ ਸੁਭਾਅ ਦੇ ਅਧਾਰ 'ਤੇ ਅਰਥਵਿਵਸਥਾ ਦੀਆ ਕਿਸਮਾਂ ਦਾ ਵਰਣਨ ਕਰੋ?**

ਉੱਤਰ:- ਕੰਮ ਦੇ ਸੁਭਾਅ ਦੇ ਆਧਾਰ ਤੋਂ ਭਾਵ ਹੈ ਕਿ ਲੋਕਾਂ ਦੁਆਰਾ ਕਿਸ ਤਰ੍ਹਾਂ ਦੀਆਂ ਆਰਥਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ। ਇਸ ਆਧਾਰ 'ਤੇ ਅਰਥ ਵਿਵਸਥਾ ਦੇ ਹੇਠ ਲਿਖੇ ਖੇਤਰ ਹੋ ਸਕਦੇ ਹਨ :-

1.ਪ੍ਰਾਥਮਿਕ ਖੇਤਰ:- ਪ੍ਰਾਥਮਿਕ ਖੇਤਰ ਤੋਂ ਭਾਵ ਇੱਕ ਅਜਿਹੇ ਖੇਤਰ ਤੋਂ ਹੈ ਜਿਸਦਾ ਸੰਬੰਧ ਉਹਨਾਂ ਕਿਰਿਆਵਾਂ ਦੇ ਨਾਲ ਹੈ ਜੋ ਕਿ ਸਿੱਧੇ ਤੌਰ ਤੇ ਕੁਦਰਤ 'ਤੇ ਨਿਰਭਰ ਕਰਦੀਆਂ ਹਨ ਕਿਉਂਕਿ ਇਨ੍ਹਾਂ ਕਿਰਿਆਵਾਂ ਵਿੱਚ ਕੁਦਰਤ ਦੁਆਰਾ ਦਿੱਤੇ ਗਏ ਸਾਧਨ ਜਿਵੇਂ ਕਿ ਭੂਮੀ, ਪਾਣੀ ਬਨਸਪਤੀ ਅਤੇ ਖਣਿਜ ਪਦਾਰਥਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਪ੍ਰਾਥਮਿਕ ਖੇਤਰ ਦੁਆਰਾ ਕੀਤੀਆਂ ਜਾਣ ਵਾਲੀਆਂ ਮੁੱਖ ਕਿਰਿਆਵਾਂ ਵਿੱਚ ਮੱਛੀ ਪਾਲਣ ਅਤੇ ਡੇਅਰੀ ਫਾਰਮਿੰਗ ਪ੍ਰਮੁੱਖ ਹਨ।

2.ਗੌਣ ਖੇਤਰ:- ਗੌਣ ਖੇਤਰ ਨੂੰ ਨਿਰਮਾਣ ਖੇਤਰ ਵੀ ਕਿਹਾ ਜਾਂਦਾ ਹੈ। ਇਹ ਖੇਤਰ ਪ੍ਰਾਥਮਿਕ ਖੇਤਰ ਦੁਆਰਾ ਪ੍ਰਦਾਨ ਕਰਵਾਏ ਗਏ ਸਾਧਨਾਂ ਦੀ ਕੱਚੇ ਮਾਲ ਦੇ ਤੌਰ 'ਤੇ ਵਰਤੋਂ ਕਰਦਾ ਹੈ ਅਤੇ ਇੱਕ ਉਤਪਾਦਨ ਕਿਰਿਆ ਦੇ ਦੁਆਰਾ ਇਸ ਕੱਚੇ ਮਾਲ ਨੂੰ ਅੰਤਿਮ

ਵਸਤੂਆਂ ਵਿੱਚ ਬਦਲਦਾ ਹੈ। ਗੌਣ ਖੇਤਰ ਵਿੱਚ ਮਿੱਟੀ ਦੇ ਬਰਤਨ ਬਣਾਉਣ ਵਾਲੇ ਘੁਮਿਆਰ, ਕੱਪੜਾ ਰੰਗਣ ਵਾਲੇ, ਲੋਹਾ -ਇਸਪਾਤ, ਪਲਾਸਟਿਕ, ਕਾਰਾਂ ਬਣਾਉਣ ਵਾਲੀਆਂ ਫਰਮਾਂ ਅਤੇ ਫੈਕਟਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

3.ਸੇਵਾ ਖੇਤਰ:- ਸੇਵਾ ਖੇਤਰ ਜਾਂ ਟਰਸ਼ਰੀ ਖੇਤਰ ਅਰਥ ਅਵਸਥਾ ਦਾ ਤੀਜਾ ਸਭ ਤੋਂ ਮਹੱਤਵਪੂਰਨ ਖੇਤਰ ਮੰਨਿਆ ਜਾਂਦਾ ਹੈ। ਇਹ ਖੇਤਰ ਵਸਤੂਆਂ ਦੇ ਪ੍ਰਤੱਖ ਉਤਪਾਦਨ ਦੇ ਨਾਲ ਸੰਬੰਧ ਨਹੀਂ ਰੱਖਦਾ। ਇਹ ਖੇਤਰ ਪ੍ਰਾਥਮਿਕ ਖੇਤਰ ਅਤੇ ਗੌਣ ਖੇਤਰ ਨੂੰ ਆਪਣੀਆਂ ਵਸਤੂਆਂ ਬਣਾਉਣ ਅਤੇ ਉਨ੍ਹਾਂ ਦੀ ਵੰਡ ਕਰਨ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕਰਵਾਉਂਦਾ ਹੈ। ਇਸ ਖੇਤਰ ਵਿੱਚ ਬੈਂਕਿੰਗ ਸੇਵਾਵਾਂ, ਬੀਮਾ ਸੇਵਾਵਾਂ, ਯਾਤਾਯਾਤ ਦੇ ਸਾਧਨਾਂ ਦੀਆਂ ਸੇਵਾਵਾਂ ਅਤੇ ਸੰਚਾਰ ਦੇ ਸਾਧਨਾਂ ਦੀਆਂ ਸ਼ਾਮਲ ਕੀਤਾ ਜਾਂਦਾ ਹੈ।

**21. ਭਾਰਤ ਨੇ 1991 ਵਿੱਚ ਨਵੀਂ ਆਰਥਿਕ ਨੀਤੀ ਕਿਉਂ ਅਪਣਾਈ ?ਕਾਰਨ ਲਿਖੋ।**

ਉੱਤਰ:- ਭਾਰਤ ਦੁਆਰਾ ਸਾਲ 1991 ਵਿੱਚ ਨਵੀਂ ਆਰਥਿਕ ਨੀਤੀ ਅਪਣਾਉਣ ਦੇ ਹੇਠ ਲਿਖੇ ਕਾਰਨ ਸਨ:-

1. ਭਾਰਤ ਸਰਕਾਰ ਨੇ ਸਰਵਜਨਕ ਖੇਤਰ ਦੀਆਂ ਇਕਾਈਆਂ ਵਿੱਚ ਭਾਰੀ ਮਾਤਰਾ ਵਿੱਚ ਖਰਚ ਕੀਤਾ, ਪਰੰਤੂ ਇਹਨਾਂ ਇਕਾਈਆਂ ਤੋਂ ਪ੍ਰਾਪਤ ਆਮਦਨ ਬਹੁਤ ਘੱਟ ਸੀ।ਇਸ ਲਈ ਸਰਕਾਰ ਦੀ ਆਮਦਨ ਅਤੇ ਖਰਚੇ ਵਿਚਕਾਰ ਪਾੜਾ ਵੱਧ ਗਿਆ ਜਿਸ ਨੇ ਸਰਕਾਰ ਨੂੰ ਇੱਕ ਵੱਡੇ ਰਾਜਕੋਸ਼ੀ ਘਾਟੇ ਵੱਲ ਧੱਕ ਦਿੱਤਾ। ਇਸ ਘਾਟੇ ਨੂੰ ਦੂਰ ਕਰਨ ਲਈ ਭਾਰਤ ਸਰਕਾਰ ਨੂੰ ਨਵੀਂ ਆਰਥਿਕ ਨੀਤੀ ਅਪਣਾਉਣੀ ਪਈ।

2.ਭੁਗਤਾਨ ਸੰਤੁਲਨ ਵਿਚ ਘਾਟੇ ਬਹੁਤ ਜ਼ਿਆਦਾ ਵੱਧ ਗਿਆ ਸੀ ਉਸਨੂੰ ਠੀਕ ਕਰਨ ਕਰਨ ਲਈ ਸਰਕਾਰ ਨੂੰ ਬਾਹਰੀ ਉਧਾਰ ‘ਤੇ ਨਿਰਭਰ ਹੋਣਾ ਪਿਆ। ਉਧਾਰ ਦੀ ਇਹ ਰਕਮ ਇੰਨ੍ਹੀ ਜ਼ਿਆਦਾ ਹੋ ਗਈ ਸੀ ਕਿ ਸਰਕਾਰ ਲਈ ਇਸ ਦਾ ਭੁਗਤਾਨ ਕਰਨਾ ਮੁਸ਼ਕਿਲ ਹੋ ਗਿਆ ਸੀ। ਇਸ ਲਈ ਨਵੀਂ ਆਰਥਿਕ ਨੀਤੀ ਦਾ ਅਪਣਾਇਆ ਜਾਣਾ ਜ਼ਰੂਰੀ ਹੋ ਗਿਆ।

3. ਸਰਵਜਨਕ ਖੇਤਰ ਦੀਆਂ ਇਕਾਈਆ ਵੱਲੋਂ ਪੈਦਾ ਕੀਤਾ ਜਾਣ ਵਾਲਾ ਉਤਪਾਦਨ ਬਹੁਤ ਘੱਟ ਸੀ ਜਿਸ ਦੇ ਨਤੀਜੇ ਵਜੋਂ ਇਹ ਖੇਤਰ ਬਜ਼ਾਰ ਵਿੱਚ ਵਸਤੂਆਂ ਦੀ ਵੱਧ ਰਹੀ ਮੰਗ ਨੂੰ ਪੂਰਾ ਨਹੀਂ ਕਰ ਸਕਿਆ। ਇਸ ਲਈ ਸਰਕਾਰ ਕੋਲ ਆਪਣੀ ਆਰਥਿਕ ਨੀਤੀ ਨੂੰ ਬਦਲਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਿਹਾ।

4. ਸਰਕਾਰ ਨੂੰ ਵੱਡੀ ਮਾਤਰਾ ਵਿੱਚ ਵਸਤੂਆਂ ਦਾ ਆਯਾਤ ਕਰਨਾ ਪਿਆ, ਨਤੀਜੇ ਵਜੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੇ ਬਿੱਲ ਵੱਧਦੇ ਗਏ ਅਤੇ ਸੰਕਟ ਇੰਨਾ ਗੰਭੀਰ ਸੀ ਉਸ ਸਮੇਂ ਦੀ ਸਰਕਾਰ ਨੂੰ ਵਿਦੇਸ਼ੀ ਕਰਜ਼ ਅਤੇ ਇਸਦੇ ਉੱਪਰਲੇ ਵਿਆਜ਼ ਦੀ ਰਕਮ ਨੂੰ ਚੁਕਾਉਣ ਲਈ ਵਿਦੇਸ਼ਾਂ ਵਿੱਚ ਸੋਨੇ ਗਹਿਣੇ ਰੱਖਣਾ ਪਿਆ। ਇਸ ਲਈ ਸਰਕਾਰ ਨੂੰ ਆਪਣੀ ਆਰਥਿਕ ਨੀਤੀ ਨੂੰ ਬਦਲਣ ਲਈ ਮਜ਼ਬੂਰ ਹੋਣਾ ਪਿਆ।

5. ਸਰਕਾਰੀ ਖੇਤਰ ਦੀਆਂ ਇਕਾਈਆਂ ਦੇ ਤਰਸਯੋਗ/ ਮਾੜੇ ਯੋਗਦਾਨ ਦੇ ਨਿੱਜੀਕਰਨ ਦੀ ਨੀਤੀ ਨੂੰ ਅਪਨਾਉਣ ਲਈ ਸਰਕਾਰ ਨੂੰ ਬੇਬੱਸ ਕਰ ਦਿੱਤਾ ।

6.ਈਰਾਨ ਅਤੇ ਇਰਾਕ ਵਿਚਕਾਰ 1990-91 ਦੇ ਖਾੜੀ ਦੇ ਯੁੱਧ ਕਾਰਨ ਪੈਟਰੋਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ। ਜਿਸ ਨਾਲ ਭਾਰਤ ਦਾ ਭੁਗਤਾਨ ਸੰਤੁਲਨ ਹੋਰ ਵੀ ਨਿਰਾਸ਼ਾਜਨਕ ਹੋ ਗਿਆ।

**22. ਸਾਰੇ ਇਸ਼ਤਿਹਾਰ ਭਰੋਸੇਯੋਗ ਹੁੰਦੇ ਹਨ? ਉਦਾਹਰਣਾਂ ਸਹਿਤ ਵਿਆਖਿਆ ਕਰੋ।**

ਉੱਤਰ:- ਨਹੀਂ, ਸਾਰੇ ਇਸ਼ਤਿਹਾਰ ਭਰੋਸੇਯੋਗ ਨਹੀਂ ਹੁੰਦੇ ਹਨ ਕਿਉਂਕਿ ਕਈ ਕੰਪਨੀਆਂ ਅਜਿਹੀਆਂ ਹੋ ਸਕਦੀਆਂ ਹਨ ਜੋ ਗਾਹਕਾਂ ਨਾਲ ਧੋਖਾਬਾਜ਼ੀ ਕਰਦੀਆਂ ਹਨ। ਕਈ ਕੰਪਨੀਆਂ ਇਸ਼ਤਿਹਾਰ ਦਿੰਦੀਆਂ ਹਨ ਕਿ ਉਨ੍ਹਾਂ ਦਾ ਉਤਪਾਦ ਬੱਚਿਆਂ ਦੇ ਖਾਣ ਲਈ ਸਿਹਤਮੰਦ ਹੈ, ਅਸਲ ਵਿੱਚ ਉਹ ਬੱਚਿਆਂ ਲਈ ਸਿਹਤਮੰਦ ਨਹੀਂ ਹੁੰਦਾ।ਕਈ ਵਾਰ ਇੱਕ ਮੋਬਾਇਲ ਨੈੱਟਵਰਕ ਕੰਪਨੀ ਸਭ ਤੋਂ ਤੇਜ਼ ਨੈੱਟਵਰਕ ਦੀ ਮਸ਼ਹੂਰੀ ਕਰਦੀ ਹੈ, ਪਰ ਵਰਤਣ ਵਿੱਚ ਅਜਿਹਾ ਨਹੀਂ ਹੁੰਦਾ।ਅਜਿਹੀਆਂ ਧਾਰਨਾਂਵਾਂ ਗਲਤ ਇਸ਼ਤਿਹਾਰਬਾਜ਼ੀ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ ਅਤੇ ਜਿੱਥੇ ਉਪਭੋਗਤਾ ਨੂੰ ਗੁੰਮਰਾਹ ਕੀਤਾ ਜਾਂਦਾ ਹੈ। ਕਿਸੇ ਚੀਜ਼ ਦੀ ਭਰੋਸੇਯੋਗਤਾ ਉਸ ਦੀ ਵਰਤੋਂ ਤੋਂ ਬਾਅਦ ਹੀ ਪਤਾ ਲੱਗਦੀ ਹੈ।

**23. ਉਤਪਾਦ ਦੇ ਉੱਪਰ, ਤੁਸੀਂ ਉਤਪਾਦ ਸੰਬੰਧੀ ਕਿਸ ਕਿਸਮ ਦੀ ਸੂਚਨਾ ਦੇਖਣਾ ਚਾਹੁੰਦੇ ਹੋ?**

ਉੱਤਰ:- ਉਤਪਾਦ ਦੇ ਉੱਪਰ ਅਸੀਂ ਹੇਠ ਲਿਖੀਆਂ ਕੁੱਝ ਸੂਚਨਾਵਾਂ ਦੇਖਣਾ ਚਾਹੁੰਦੇ ਹਾਂ:-

1.ਉਪਭੋਗਤਾ ਦੁਆਰਾ ਉਸ ਚੀਜ਼ ਦੀ ਗੁਣਵੱਤਾ ਨੂੰ ਜਾਣਨਾ।

2.ਉਤਪਾਦ ਦੀ ਉਤਪਾਦਨ ਤਰੀਕ ਅਤੇ ਮਿਆਦ ਪੁੱਗਣ ਦੀ ਤਰੀਕ।

3.ਉਤਪਾਦ ਦੀ ਭਰੋਸੇਯੋਗਤਾ।

4. ਹੰਢਣਸਾਰਤਾ ਸੰਬੰਧੀ ਜਾਣਕਾਰੀ।

5. ਉਤਪਾਦ ਦਾ ਬੈਚ ਨੰ: ਅਤੇ ਕੀਮਤ ਆਦਿ ਬਾਰੇ।

6.ਉਤਪਾਦਨ ਸਥਾਨ ਦਾ ਪੂਰਾ ਪਤਾ।

**24.ਭਾਰਤ ਵਿਚ ਉਪਭੋਗਤਾ ਅਦਾਲਤਾਂ ਦੇ ਤਿੰਨ ਪੱਧਰੀ ਪ੍ਰਬੰਧ ਦੀ ਵਿਆਖਿਆ ਕਰੋ?**

ਉੱਤਰ:-ਉਪਭੋਗਤਾ ਸਰੰਖਣ ਕਾਨੂੰਨ ਅਧੀਨ ਤਿੰਨ ਪੱਧਰੀ ਅਰਧ-ਨਿਆਂਇਕ ਅਦਾਲਤਾਂ ਦੀ ਸਥਾਪਨਾ ਕੀਤੀ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:-

1. ਜ਼ਿਲ੍ਹਾ ਪੱਧਰੀ:-ਇਹਨਾਂ ਅਦਾਲਤਾਂ ਵਿੱਚ 20 ਲੱਖ ਰੁਪਏ ਤੱਕ ਦੇ ਕੇਸਾਂ ਨੂੰ ਨਿਪਟਾਇਆ ਜਾਂਦਾ ਹੈ।
2. ਰਾਜ ਪੱਧਰੀ:- ਇਹਨਾਂ ਅਦਾਲਤਾਂ ਵਿੱਚ 20 ਲੱਖ ਰੁਪਏ ਤੋਂ ਇੱਕ ਕਰੋੜ ਤੱਕ ਦੇ ਕੇਸਾਂ ਨੂੰ ਨਿਪਟਾਇਆ ਜਾਂਦਾ ਹੈ।
3.ਰਾਸ਼ਟਰੀ ਪੱਧਰੀ :-ਇਹਨਾਂ ਅਦਾਲਤਾਂ ਵਿੱਚ 1 ਕਰੋੜ ਤੋਂ ਵੱਧ ਰੁਪਏ ਦੇ ਦਾਅਵਿਆਂ ਨੂੰ ਨਜਿੱਠਿਆ ਜਾਂਦਾ ਹੈ

**25. ਵੱਖ-ਵੱਖ ਉਤਪਾਦਾਂ ਦੇ ਮਾਨਕੀਕਰਣ ਲਈ ਮਹੱਤਵਪੂਰਨ ਲੋਗੋ ਕਿਹੜੇ-ਕਿਹੜੇ ਹਨ?**

ਉੱਤਰ:-ਸਰਕਾਰ ਦੁਆਰਾ ਨਿਰਧਾਰਿਤ ਕੁਆਲਿਟੀ ਦੇ ਮਿਆਰਾਂ ਨੂੰ ਪੂਰਾ ਕਰਨ ਲਈ, ਕਈ ਸਰਕਾਰੀ ਸੰਸਥਾਵਾਂ ਇਸ ਦੀ ਜਾਂਚ ਕਰਦੀਆਂ ਹਨ ਅਤੇ ਮਾਨਕੀਕਰਣ ਚਿੰਨ੍ਹ ਜਾਰੀ ਕਰਦੀਆਂ ਹਨ। ਅਜਿਹੇ ਲੋਗੋ ਜਾਂ ਨਿਸ਼ਾਨ ਚਿੰਨ੍ਹ ਉਪਭੋਗਤਾ ਨੂੰ ਗੁਣਵੱਤਾ ਦੇ ਭਰੋਸੇ ਨਾਲ ਉਤਪਾਦ ਖਰੀਦਣ ਵਿੱਚ ਸਹਾਇਤਾ ਕਰਦੇ ਹਨ। ਮਹੱਤਵਪੂਰਨ ਚਿੰਨ੍ਹ ਇਸ ਪ੍ਰਕਾਰ ਹਨ:

| ਲੜੀ ਨੰ: | ਉਤਪਾਦ ਦਾ ਨਾਂ | ਮਾਨਕੀਕਰਣ ਚਿੰਨ੍ਹ |
|---|---|---|
| 1. | ਉਦਯੋਗਿਕ ਉਤਪਾਦਾਂ ਲਈ ਆਈ.ਐੱਸ.ਆਈ (ISI) | ISI |
| 2. | ਖੇਤੀਬਾੜੀ ਉਤਪਾਦਾਂ ਲਈ (ਐਗਮਾਰਕ) | भारत सरकार AGMARK GOVERNMENT OF INDIA |
| 3. | ਸੋਨੇ ਦੇ ਗਹਿਣਿਆਂ ਲਈ (ਹਾਲਮਾਰਕ) | BIS 100% HallMarked Jewellery |

**26. ਉਪਭੋਗਤਾਵਾਂ ਦੇ ਅਧਿਕਾਰਾਂ 'ਤੇ ਇਕ ਨੋਟ ਲਿਖੋ?**

ਉੱਤਰ:- ਉਪਭੋਗਤਾਵਾਂ ਨੂੰ ਸੋਸ਼ਣ ਤੋਂ ਬਚਾਉਣ ਲਈ, ਉਪਭੋਗਤਾ ਸਰੰਖਣ ਐਕਟ ਅਧੀਨ ਛੇ ਮੁੱਖ ਅਧਿਕਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:-

1. ਸੁਰੱਖਿਆ ਦਾ ਅਧਿਕਾਰ:- ਇਹ ਅਧਿਕਾਰ ਇਹ ਸੁਨਿਸ਼ਚਿਤ ਕਰਦਾ ਹੈ ਕਿ ਉਪਭੋਗਤਾ ਨੂੰ ਅਜਿਹੀਆਂ ਵਸਤੂਆਂ ਦੀ ਵਿਕਰੀ ਅਤੇ ਸੇਵਾਵਾਂ ਮੁੱਹਈਆ ਕਰਨ ਤੋਂ ਬਚਾਇਆ ਜਾਵੇ, ਜੋ ਉਹਨਾਂ ਦੀ ਜ਼ਿੰਦਗੀ ਅਤੇ ਜਾਇਦਾਦ ਲਈ ਅਸੁਰੱਖਿਅਤ ਹਨ।
2. ਚੋਣ ਕਰਨ ਦਾ ਅਧਿਕਾਰ:- ਉਪਭੋਗਤਾ ਨੂੰ ਚੋਣ ਕਰਨ ਦਾ ਅਧਿਕਾਰ ਪ੍ਰਾਪਤ ਹੈ ਕਿ ਉਹ ਵਿਕਰੇਤਾ ਦੁਆਰਾ ਪੇਸ਼ ਕੀਤੀਆਂ ਚੀਜ਼ਾਂ ਖਰੀਦਣ ਜਾਂ ਨਾ ਖਰੀਦਣ।
3. ਸੂਚਨਾ ਦਾ ਅਧਿਕਾਰ:- ਆਰ. ਟੀ. ਆਈ ਐਕਟ ਦੇ ਅਧੀਨ ਸਾਰੇ ਨਾਗਰਿਕਾਂ ਨੂੰ ਵੱਖ-ਵੱਖ ਸਰਕਾਰੀ ਮਹਿਕਮਿਆਂ ਦੇ ਕੰਮ-ਕਾਰਾਂ ਬਾਰੇ ਜਾਣਨ ਦਾ ਅਧਿਕਾਰ ਹੈ।
4. ਉਪਭੋਗਤਾ ਦੀ ਸਿੱਖਿਆ ਦਾ ਅਧਿਕਾਰ:- ਉਪਭੋਗਤਾ ਦੀ ਸਿੱਖਿਆ ਦਾ ਅਧਿਕਾਰ ਅਨੁਸਾਰ ਉਪਭੋਗਤਾ ਨੂੰ ਲੋੜੀਂਦਾ ਗਿਆਨ ਅਤੇ ਹੁਨਰ ਹਾਸਲ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਜੋ ਉਹ ਬਾਕੀ ਅਧਿਕਾਰਾਂ ਦੀ ਸਹੀ ਵਰਤੋਂ ਕਰ ਸਕੇ।

5. ਸੁਣੇ ਜਾਣ ਦਾ ਅਧਿਕਾਰ:- ਇਕ ਅਜਿਹਾ ਅਧਿਕਾਰ ਹੈ ਜਿਸ ਵਿਚੋਂ ਉਪਭੋਗਤਾ ਨੂੰ ਵਸਤੂਆਂ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਕੀਮਤ ਬਾਰੇ ਰਾਇ ਮਿਲਦੀ ਹੈ।
6. ਨਿਪਟਾਰੇ ਦਾ ਅਧਿਕਾਰ:- ਜੇਕਰ ਉਪਭੋਗਤਾ ਨੂੰ ਖਰਾਬ ਹੋਇਆ ਉਤਪਾਦ ਮਿਲਦਾ ਹੈ ਤਾਂ ਉਹ ਉਸ ਦੀ ਮੁਰੰਮਤ ਮੁਫ਼ਤ ਕਰਵਾ ਸਕਦਾ ਹੈ, ਉਸ ਨੂੰ ਬਦਲ ਸਕਦਾ ਹੈ ਜਾਂ ਪੂਰੀ ਕੀਮਤ 'ਤੇ ਵਾਪਸ ਕੀਤਾ ਜਾ ਸਕਦਾ ਹੈ ਜਾਂ ਮੁਆਵਜ਼ਾ ਪ੍ਰਾਪਤ ਕੀਤਾ ਜਾ ਸਕਦਾ ਹੈ।

**27. ਉਪਭੋਗਤਾਵਾਂ ਦੇ ਕਰਤੱਵਾਂ 'ਤੇ ਇੱਕ ਨੋਟ ਲਿਖੋ?**

ਉੱਤਰ: ਜਿੱਥੇ ਉਪਭੋਗਤਾ ਨੂੰ ਅਧਿਕਾਰ ਦਿੱਤੇ ਗਏ ਹਨ, ਉੱਥੇ ਉਪਭੋਗਤਾ ਦੀਆਂ ਕਈ ਜ਼ਿੰਮੇਵਾਰੀਆਂ ਵੀ ਬਣਦੀਆਂ ਹਨ ਜੋ ਇਸ ਪ੍ਰਕਾਰ ਹਨ:-

1. ਆਪਣੇ ਆਪ ਨੂੰ ਪੁੱਛੋ।
2. ਆਲੋਚਨਾਤਮਕ ਤੌਰ 'ਤੇ ਸੁਚੇਤ ਰਹੋ।
3. ਸ਼ਾਮਲ ਰਹੋ।
4. ਸੰਗਠਿਤ ਰਹੋ।
5. ਟਿਕਾਊ ਖਪਤ ਦਾ ਅਭਿਆਸ ਕਰੋ।
6. ਵਾਤਾਵਰਨ ਪ੍ਰਤੀ ਜ਼ਿੰਮੇਵਾਰ ਬਣੋ।

**28. ਬੀਮੇ ਦੇ ਲਾਭ ਦਾ ਵਰਣਨ ਆਪਣੇ ਸ਼ਬਦਾਂ ਵਿੱਚ ਕਰੋ।**

ਉੱਤਰ:- ਬੀਮਾ ਕਰਵਾਉਣ ਦੇ ਬਹੁਤ ਲਾਭ ਹੁੰਦੇ ਹਨ ਜਿਨ੍ਹਾਂ ਦਾ ਵਰਨਣ ਇਸ ਪ੍ਰਕਾਰ ਹੈ:-

1. ਵਿਅਕਤੀ ਨੂੰ ਲਾਭ:- ਬੀਮੇ ਦਾ ਮੁੱਖ ਲਾਭ ਇਹ ਹੈ ਕਿ ਇਹ ਸਾਡੀ ਜ਼ਿੰਦਗੀ ਵਿਚ ਆਉਣ ਵਾਲੀਆਂ ਅਨਿਸ਼ਚਿਤਤਾਵਾਂ ਨੂੰ ਘੱਟ ਕਰਦਾ ਹੈ। ਮਨੁੱਖੀ ਜੀਵਨ ਦਾ ਕੋਈ ਵੀ ਭਰੋਸਾ ਨਹੀਂ ਹੈ ਭਾਵ ਕਿ ਕਿਸੇ ਬਿਮਾਰੀ, ਹਾਦਸੇ ਜਾਂ ਕਿਸੇ ਹੋਰ ਕਾਰਨ ਕਰਕੇ ਸਾਡੀ ਮੌਤ ਹੋ ਜਾਂਦੀ ਹੈ ਤਾਂ ਬੀਮਾ ਸਾਡੀਆਂ ਅਣਸੁਖਾਵੀਆਂ ਹਲਾਤਾਂ ਵਿੱਚ ਮਦਦ ਕਰਦਾ ਹੈ ਅਤੇ ਸਾਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਵਾਉਂਦਾ ਹੈ।
2. ਸਮਾਜ ਨੂੰ ਲਾਭ:-ਜਦੋਂ ਸਾਨੂੰ ਅਣਸੁਖਾਵੀਆਂ ਹਲਾਤਾਂ ਵਿੱਚ ਬੀਮੇ ਤੋਂ ਮਦਦ ਪ੍ਰਾਪਤ ਹੋ ਜਾਂਦੀ ਹੈ, ਤਾਂ ਇਸ ਨਾਲ ਵਿਅਕਤੀ ਦੀ ਆਮਦਨ ਵਿੱਚ ਕਮੀ ਨਹੀਂ ਆਉਂਦੀ।ਜਿਸ ਨਾਲ ਉਸ ਦੀ ਉਤਪਾਦਕਤਾ ਅਤੇ ਜੀਵਨ ਪੱਧਰ ਵਿੱਚ ਵਾਧਾ ਹੁੰਦਾ ਹੈ ਅਤੇ ਉਹ ਸਮਾਜ ਦੇ ਵਿਕਾਸ ਲਈ ਬਿਹਤਰ ਤਰੀਕੇ ਨਾਲ ਕੰਮ ਕਰ ਸਕਦਾ ਹੈ।
3. ਅਰਥਵਿਵਸਥਾ ਨੂੰ ਲਾਭ:- ਸਰਕਾਰ ਨੂੰ ਦੇਸ਼ ਦਾ ਆਰਥਿਕ ਵਿਕਾਸ ਕਰਨ ਲਈ ਧਨ ਦੀ ਲੋੜ ਹੁੰਦੀ ਹੈ ਅਤੇ ਸਰਕਾਰ ਇਹਨਾਂ ਕੰਪਨੀਆਂ ਤੋਂ ਇਹ ਧਨ ਲੈ ਕੇ ਦੇਸ਼ ਦੇ ਵਿਕਾਸ ਦੇ ਕੰਮਾਂ ਜਿਵੇਂ ਕਿ ਸੜਕ ਨਿਰਮਾਣ, ਪੁੱਲ ਨਿਰਮਾਣ, ਸਕੂਲਾਂ ਅਤੇ ਕਾਲਜਾਂ ਦਾ ਨਿਰਮਾਣ, ਸਿਹਤ ਸੁਵਿਧਾਵਾਂ ਪ੍ਰਦਾਨ ਕਰਨ ਆਦਿ ਵਿੱਚ ਲਗਾਉਂਦੀ ਹੈ ਅਤੇ ਇਸ ਧਨ ਦਾ ਨਿਵੇਸ਼ ਕਰਕੇ ਦੇਸ਼ ਦਾ ਤੇਜ਼ੀ ਨਾਲ ਵਿਕਾਸ ਕਰਦੀ ਹੈ।

**29. ਭਾਰਤ ਵਿੱਚ ਸਟਾਕ ਐਕਸਚੇਂਜ ਬਜ਼ਾਰ ਦੀਆਂ ਦੋ ਮੁੱਖ ਕਿਸਮਾਂ ਦੀ ਵਿਆਖਿਆ ਕਰੋ?**

ਉੱਤਰ:-ਭਾਰਤ ਵਿਚ ਮੁੱਖ ਤੌਰ ਤੇ ਦੋ ਸਟਾਕ ਐਕਸਚੇਂਜ ਬਜ਼ਾਰ ਸਭ ਤੋਂ ਵੱਧ ਮਹੱਤਵਪੂਰਨ ਹਨ। ਇਹਨਾਂ ਦਾ ਵਰਣਨ ਇਸ ਪ੍ਰਕਾਰ ਹੈ:-

(1) ਬੰਬੇ ਸਟਾਕ ਐਕਸਚੇਂਜ ਬਜ਼ਾਰ:- ਇਸ ਦੀ ਸਥਾਪਨਾ ਸਾਲ 1875 ਵਿੱਚ ਮੁੰਬਈ ਵਿੱਚ ਦਲਾਲ ਸਟ੍ਰੀਟ ਵਿਖੇ ਕੀਤੀ ਗਈ ਸੀ।ਇਹ ਦੁਨੀਆ ਦੀਆਂ ਸਭ ਤੋਂ ਪ੍ਰਾਚੀਨ ਸਟਾਕ ਐਕਸਚੇਂਜ ਵਿੱਚੋਂ ਇੱਕ ਹੈ ਅਤੇ ਵਰਤਮਾਨ ਵਿੱਚ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ SENSEX ਦੁਆਰਾ ਮਾਪਿਆ ਜਾਂਦਾ ਹੈ।

(2) ਰਾਸ਼ਟਰੀ ਸਟਾਕ ਐਕਸਚੇਂਜ ਬਜ਼ਾਰ:- ਇਸ ਦੀ ਸਥਾਪਨਾ 1992 ਵਿੱਚ ਮੁੰਬਈ ਵਿੱਚ ਕੀਤੀ ਗਈ ਸੀ। ਇਸ ਸਮੇਂ ਇਹ ਦੁਨੀਆਂ ਦੀ 12ਵੀਂ ਸਭ ਤੋਂ ਵੱਡੀ ਸਟਾਕ ਐਕਸਚੇਂਜ ਹੈ। ਇਸ ਦੇ ਪ੍ਰਦਰਸ਼ਨ ਨੂੰ NIFTI ਦੁਆਰਾ ਮਾਪਿਆ ਜਾਂਦਾ ਹੈ।

**30. ਸਟਾਕ ਐਕਸਚੇਂਜ ਬਜ਼ਾਰ ਵਿਚ ਨਿਵੇਸ਼ ਕਰਨ ਲਈ ਕਿਹੜੀਆਂ ਗੱਲਾਂ ਨੂੰ ਜਾਨਣਾ ਜ਼ਰੂਰੀ ਹੈ?**

ਉੱਤਰ:- ਸਟਾਕ ਐਕਸਚੇਂਜ ਬਜ਼ਾਰ ਵਿਚ ਨਿਵੇਸ਼ ਕਰਨ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:-

1. ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼, ਵੱਖ-ਵੱਖ ਤਰ੍ਹਾਂ ਦੇ ਨਿਵੇਸ਼ਾਂ ਵਿੱਚੋਂ ਇਕ ਤਰ੍ਹਾਂ ਦਾ ਨਿਵੇਸ਼ ਹੈ, ਜਿਸ ਵਿੱਚ ਤੁਸੀਂ ਆਪਣਾ ਧਨ ਲਗਾ ਸਕਦੇ ਹੋ। ਇਸ ਤੋਂ ਇਲਾਵਾ ਅਸੀਂ ਆਪਣੇ ਧਨ ਦਾ ਨਿਵੇਸ਼ ਬੈਂਕ ਜਮ੍ਹਾਂ, ਜ਼ਮੀਨ ਜਾਇਦਾਦ ਖ਼ਰੀਦਣ, ਸੋਨਾ ਖ਼ਰੀਦਣ ਆਦਿ ਵਿੱਚ ਵੀ ਕਰ ਸਕਦੇ ਹਾਂ।

2. ਸਟਾਕ ਐਕਸਚੇਂਜ ਬਜ਼ਾਰ ਵਿਚ ਨਿਵੇਸ਼ ਕਰਦੇ ਸਮੇਂ ਇਹ ਯਾਦ ਰੱਖਣ ਦੀ ਲੋੜ ਹੈ ਕਿ ਕਦੇ ਵੀ ਸਾਡੇ ਦੁਆਰਾ ਕੀਤੀ ਗਈ ਸ਼ੇਅਰਾਂ ਦੀ ਖਰੀਦ ਜੋਖ਼ਮ ਤੋਂ ਬਿਨ੍ਹਾਂ ਨਹੀਂ ਹੋਵੇਗੀ। ਬਜ਼ਾਰ ਵਿੱਚ ਜਿੱਥੇ ਸ਼ੇਅਰਾਂ ਦੀਆਂ ਕੀਮਤਾਂ ਉੱਪਰ ਜਾਣ ਦਾ ਲਾਭ ਹੁੰਦਾ ਹੈ ਉੱਥੇ ਸ਼ੇਅਰਾਂ ਦੀਆਂ ਕੀਮਤਾਂ ਘੱਟ ਹੋਣ ਨਾਲ ਨੁਕਸਾਨ ਦਾ ਡਰ ਵੀ ਬਣਿਆ ਰਹਿੰਦਾ ਹੈ।

3. ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਤੁਹਾਨੂੰ ਇਕ ਵਿਚੋਲਾ ਫ਼ਰਮ ਦੁਆਰਾ ਆਪਣਾ ਖਾਤਾ ਖੁਲ੍ਹਵਾਉਣ ਦੀ ਲੋੜ ਹੁੰਦੀ ਹੈ।

4. ਕਦੇ ਵੀ ਕਿਸੇ ਇੱਕ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਕੰਪਨੀ ਜੇਕਰ ਘਾਟੇ ਵਿੱਚ ਚਲੀ ਜਾਵੇ ਤਾਂ ਸਾਡੇ ਸਾਰੇ ਪੈਸੇ ਡੁੱਬ ਜਾਣਗੇ।ਇਸ ਲਈ ਕਈ ਕੰਪਨੀਆਂ ਦੇ ਸ਼ੇਅਰਾਂ ਵਿੱਚ ਥੋੜ੍ਹਾ-ਥੋੜ੍ਹਾ ਨਿਵੇਸ਼ ਕਰਨਾ ਚਾਹੀਦਾ ਹੈ।

**31. ਸਟਾਕ ਐਕਸਚੇਂਜ ਬਾਜ਼ਾਰ ਦੇ ਮਹੱਤਵ ਦਾ ਵਰਣਨ ਕਰੋ?**

ਉੱਤਰ:- ਵਰਤਮਾਨ ਸਮੇਂ ਵਿੱਚ ਸਟਾਕ ਐਕਸਚੇਂਜ ਬਾਜ਼ਾਰ ਦਾ ਮਹੱਤਵ ਬਹੁਤ ਵੱਧ ਗਿਆ ਹੈ। ਇਸ ਦੇ ਮਹੱਤਵ ਦਾ ਵਰਣਨ ਇਸ ਪ੍ਰਕਾਰ ਹੈ:-

1. ਇਹ ਵੱਖ-ਵੱਖ ਕੰਪਨੀਆਂ ਨੂੰ ਆਪਣੀ ਉਤਪਾਦਨ ਸ਼ਕਤੀ ਦਾ ਵਿਸਤਾਰ ਕਰਨ ਲਈ ਧਨ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਬਜ਼ਾਰ ਵਿੱਚ ਕੰਪਨੀਆਂ ਆਪਣੇ ਸ਼ੇਅਰ ਜਾਰੀ ਕਰਦੀਆਂ ਹਨ ਅਤੇ ਵੱਖ-ਵੱਖ ਨਿਵੇਸ਼ਕਰਤਾ, ਜੋ ਇਹਨਾਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਰੁਚੀ ਰੱਖਦੇ ਹਨ, ਇਹਨਾਂ ਦੀ ਖਰੀਦ ਕਰਦੇ ਹਨ। ਇਸ ਨਾਲ ਕੰਪਨੀ ਨੂੰ ਧਨ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੀ ਵਰਤੋਂ ਨਵੀਆਂ ਫੈਕਟਰੀਆਂ ਖੋਲ੍ਹਣ ਵਿੱਚ ਕੀਤੀ ਜਾਂਦੀ ਹੈ।

2. ਇਹ ਬਾਜ਼ਾਰ ਇੱਕ ਆਮ ਆਦਮੀ ਨੂੰ ਵੀ, ਜਿਸ ਕੋਲ ਵੱਧ ਮਾਤਰਾ ਵਿੱਚ ਧਨ ਮੌਜੂਦ ਨਹੀਂ ਹੈ, ਆਪਣੇ ਧਨ ਦਾ ਨਿਵੇਸ਼ ਕਰਨ ਦੀ ਸੁਵਿਧਾ ਪ੍ਰਦਾਨ ਕਰਵਾਉਂਦਾ ਹੈ। ਇਸ ਬਜ਼ਾਰ ਵਿੱਚ ਛੋਟੇ ਨਿਵੇਸ਼ਕਰਤਾ ਆਪਣੇ ਕੋਲ ਮੌਜੂਦ ਧਨ ਦੇ ਮੁਤਾਬਕ ਆਪਣੀ ਪਸੰਦ ਦੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਖਰੀਦ ਸਕਦੇ ਹਨ ਅਤੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ।

3.ਸਟਾਕ ਐਕਸਚੇਂਜ ਬਜ਼ਾਰ ਲੋਕਾਂ ਕੋਲ਼ ਮੌਜੂਦ ਬੱਚਤ ਨੂੰ ਨਿਵੇਸ਼ ਵਿੱਚ ਬਦਲਣ ਵਿੱਚ ਮਦਦ ਕਰਦਾ ਹੈ। ਇਸ ਨਾਲ ਪੂੰਜੀ ਦੀ ਗਤੀਸ਼ੀਲਤਾ ਵਿਚ ਵਾਧਾ ਹੁੰਦਾ ਹੈ।

4.ਸਟਾਕ ਐਕਸਚੇਂਜ ਬਜ਼ਾਰ ਕਿਸੇ ਅਰਥਵਿਵਸਥਾ ਦੇ ਆਰਥਿਕ ਵਿਕਾਸ ਦੇ ਸੂਚਕ ਦੇ ਤੌਰ ‘ਤੇ ਵੀ ਕੰਮ ਕਰਦਾ ਹੈ। ਜੇਕਰ ਬਜ਼ਾਰ ਉੱਪਰ ਵੱਲ ਜਾਂਦਾ ਹੈ ਤਾਂ ਇਹ ਉਸ ਦੇਸ਼ ਦੇ ਆਰਥਿਕ ਵਿਕਾਸ ਦੀ ਤੇਜ਼ ਦਰ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਤੇ ਜੇਕਰ ਇਹ ਬਜ਼ਾਰ ਹੇਠਾਂ ਜਾ ਰਿਹਾ ਹੈ ਤਾਂ ਇਸ ਨਾਲ ਉਸ ਦੇਸ਼ ਦੇ ਆਰਥਿਕ ਵਿਕਾਸ ਦੀ ਦਰ ਘੱਟ ਹੋ ਜਾਂਦੀ ਹੈ।

**32.ਹਿਮਾਲਿਆ ਅਤੇ ਉੱਤਰ ਪੱਛਮੀ ਪਹਾੜੀਆਂ ਦਾ ਵਰਨਣ ਕਰੋ ।**

ਉੱਤਰ -ਹਿਮਾਲਿਆ ਦੀਆਂ ਪਹਾੜੀਆਂ ਪੰਜਾਬ ਵਿੱਚ ਲੜੀਵਾਰ ਹਨ। ਇਹਨਾਂ ਵਿੱਚ ਕਈ ਘਾਟੀਆਂ ਵੀ ਹਨ।ਇਹਨਾਂ ਦੀ ਚੌੜ੍ਹਾਈ ਲਗਭਗ 250 ਕਿਲੋਮੀਟਰ ਹੈ ।ਇਹ ਪਹਾੜੀਆਂ ਇਕਸਾਰ ਨਹੀਂ ਹਨ ਇਸ ਲਈ ਇਨ੍ਹਾਂ ਨੂੰ ਉੱਚਾਈ ਦੇ ਲਿਹਾਜ਼ ਨਾਲ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ -ਮਹਾਨ ਹਿਮਾਲਿਆ ,ਮੱਧ ਹਿਮਾਲਿਆ ਅਤੇ ਬਾਹਰੀ ਹਿਮਾਲਿਆ ।ਮਹਾਨ ਹਿਮਾਲਿਆ ਦੀਆਂ ਪਹਾੜੀਆਂ ਦੀ ਲੜੀ ਪੂਰਬ ਵੱਲ ਨੇਪਾਲ ਅਤੇ ਤਿੱਬਤ ਵਿੱਚ ਚਲੀ ਜਾਂਦੀ ਹੈ ।ਇਹਨਾਂ ਦੀ ਉੱਚਾਈ ਲਗਭਗ 5851 ਮੀਟਰ ਤੋਂ 6718 ਮੀਟਰ ਦੇ ਵਿਚਕਾਰ ਹੈ ।ਇਹ ਪਹਾੜੀਆਂ ਸਦਾ ਬਰਫ਼ ਨਾਲ ਢੱਕੀਆਂ ਰਹਿੰਦੀਆਂ ਹਨ । ਮੱਧ ਹਿਮਾਲਿਆ ਨੂੰ ਆਮ ਕਰਕੇ ਪਾਂਗੀ ਪਹਾੜੀਆਂ ਦੀ ਲੜੀ ਕਿਹਾ ਜਾਂਦਾ ਹੈ ਇਹ ਪਹਾੜੀਆਂ ਰੋਹਤਾਂਗ ਦੱਰੇ ਤੋਂ ਚੱਲ ਕੇ ਚੰਬੇ ਵਿੱਚੋਂ ਹੋ ਕੇ ਚਨਾਬ ਅਤੇ ਰਾਵੀ ਦਰਿਆਵਾਂ ਦੀਆਂ ਘਾਟੀਆਂ ਨੂੰ ਨਿਖੇੜਦੀਆਂ ਹਨ। ਇਹਨਾਂ ਪਹਾੜੀਆਂ ਦੀ ਉੱਚਾਈ ਲਗਭਗ 2155 ਮੀਟਰ ਹੈ।ਬਾਹਰਲੇ ਹਿਮਾਲਿਆ ਦੀਆਂ ਪਹਾੜੀਆਂ ਮੱਧ ਹਿਮਾਲਿਆ ਦੀਆਂ ਪਹਾੜੀਆਂ ਦੇ ਬਰਾਬਰ ਹੀ ਚੱਲਦੀਆਂ ਹਨ ਇਹ ਪਹਾੜੀਆਂ ਚੰਬਾ ਅਤੇ ਧਰਮਸ਼ਾਲਾ ਤੋਂ ਹੋ ਕੇ ਕਸ਼ਮੀਰ ਵਿੱਚ ਦੀ ਰਾਵਲਪਿੰਡੀ, ਜਿਹਲਮ ਅਤੇ ਗੁਜਰਾਤ ਜ਼ਿਲ੍ਹਿਆਂ ਦੇ ਇਲਾਕਿਆਂ ਵਿਚ ਜਾ ਕੇ ਨਿਕਲਦੀਆਂ ਹਨ ।ਇਹਨਾਂ ਦੀ ਉੱਚਾਈ ਲਗਪਗ 923 ਮੀਟਰ ਹੈ ।ਇਨ੍ਹਾਂ ਨੂੰ ਧੌਲਾਧਾਰ ਦੀਆਂ ਪਹਾੜੀਆਂ ਵੀ ਕਿਹਾ ਜਾਂਦਾ ਹੈ ।ਉੱਤਰ ਪੱਛਮੀ ਪਹਾੜੀਆਂ-ਹਿਮਾਲਿਆ ਦੀਆਂ ਪੱਛਮੀ ਪਹਾੜੀ ਲੜੀਆਂ ਦਾ ਨਾਂ ਸੁਲੇਮਾਨ ਅਤੇ ਕਿਰਥਾਰ ਦੀਆਂ ਪਹਾੜੀਆਂ ਹੈ । ਇਨ੍ਹਾਂ ਪਹਾੜੀਆਂ ਵਿੱਚ ਕਈ ਦੱਰੇ ਬਣੇ ਹੋਏ ਹਨ ਜਿਨ੍ਹਾਂ ਵਿੱਚੋਂ ਖੈਬਰ, ਕੁੱਰਮ, ਟੋਚੀ, ਬੋਲਾਨ ਅਤੇ ਗੋਮਲ ਪ੍ਰਸਿੱਧ ਹਨ ।ਇਹਨਾਂ ਦਰਿਆ ਰਾਹੀਂ ਪੰਜਾਬ ਦੇ ਸੰਬੰਧ ਮੱਧ ਏਸ਼ੀਆ ਨਾਲ ਬਣੇ। ਦੱਰੇ ਖ਼ੈਬਰ ਰਾਹੀਂ ਸਾਰੇ ਪੱਛਮੀ ਹਮਲਾਵਰ ਪੰਜਾਬ ਵਿੱਚ ਆਏ ।

**33 .ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਵਸਥਾ ਦਾ ਵਰਨਣ ਕਰੋ।**

ਉੱਤਰ- ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਕ ਅਵਸਥਾ ਬਹੁਤ ਖਰਾਬ ਸੀ। ਜਿਸ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:

1.ਉਸ ਸਮੇਂ ਪੰਜਾਬ ਵਿੱਚ ਨਿਰਕੁੰਸ਼ ਸ਼ਾਸਨ ਸੀ। ਇੱਥੋਂ ਦੇ ਹਾਕਮ ਕਮਜ਼ੋਰ ਅਤੇ ਆਪਸੀ ਫੁੱਟ ਦਾ ਸ਼ਿਕਾਰ ਸਨ। ਪੰਜਾਬ ਉੱਤੇ ਬਾਹਰੀ ਹਮਲੇ ਹੋ ਰਹੇ ਸਨ।

2.ਉਸ ਸਮੇਂ ਪੰਜਾਬ ਲੋਧੀ ਸੁਲਤਾਨਾਂ ਦੇ ਅਧੀਨ ਸੀ ਅਤੇ ਉਹ ਸਾਜ਼ਿਸ਼ਾਂ ਰੱਚ ਰਹੇ ਸਨ।

3.16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਵਿੱਚ ਅਨਿਆਂ ਦਾ ਬੋਲਬਾਲਾ ਸੀ।

4. ਸਰਕਾਰੀ ਕਰਮਚਾਰੀ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁੱਕੇ ਸਨ ਅਤੇ ਆਪਣੇ ਕਰਤੱਵ ਭੁੱਲ ਚੁੱਕੇ ਸਨ।

5. ਇਸ ਸਮੇਂ ਵਿੱਚ ਪੰਜਾਬ ਯੁੱਧਾਂ ਦਾ ਅਖਾੜਾ ਬਣਿਆ ਹੋਇਆ ਸੀ।

6. ਇਸ ਸਮੇਂ ਦੌਰਾਨ ਇਬਰਾਹੀਮ ਲੋਧੀ ਅਤੇ ਦੌਲਤ ਖਾਂ ਲੋਧੀ ਵਿਚਕਾਰ ਆਪਸੀ ਸ਼ੰਘਰਸ ਚੱਲ ਰਿਹਾ ਸੀ। ਜਿਸ ਨੇ ਪੰਜਾਬ ਉੱਤੇ ਬਾਬਰ ਨੂੰ ਹਮਲੇ ਕਰਨ ਲਈ ਉਤਸ਼ਾਹਿਤ ਕੀਤਾ।

**34.ਗੁਰੂ ਨਾਨਕ ਦੇਵ ਜੀ ਦੀਆਂ ਕੋਈ ਛੇ ਸਿੱਖਿਆਵਾਂ ਬਾਰੇ ਲਿਖੋ।**

ਉੱਤਰ-1.ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਇਕ ਹੈ। ਪਰਮਾਤਮਾ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤੋਂ ਉਚੇਰਾ ਹੈ ।ਦੁਨੀਆਂ ਦਾ ਕੋਈ ਦੇਵਤਾ ਉਸ ਦੀ ਥਾਂ ਨਹੀਂ ਲੈ ਸਕਦਾ ।

2.ਪਰਮਾਤਮਾ ਸਰਬ ਸ਼ਕਤੀਮਾਨ ਅਤੇ ਸਰਬ- ਵਿਆਪਕ ਹੈ। ਉਹ ਸੰਸਾਰ ਦੇ ਹਰ ਜੀਵ ਵਿਚ ਰਹਿੰਦਾ ਹੈ ।

3.ਗੁਰੂ ਜੀ ਅਨੁਸਾਰ ਪਰਮਾਤਮਾ ਮਹਾਨ ਅਤੇ ਸਰਵ-ਉੱਚ ਹੈ। ਉਸ ਦੀ ਮਹਾਨਤਾ ਅਤੇ ਸਰਵ-ਉੱਚਤਾ ਨੂੰ ਬਿਆਨ ਕਰਨਾ ਮਨੁੱਖ ਲਈ ਸੰਭਵ ਨਹੀਂ ।

4.ਪ੍ਰਮਾਤਮਾ ਨਿਰਾਕਾਰ ਹੈ। ਪਰਮਾਤਮਾ ਦਾ ਕੋਈ ਰੰਗ- ਰੂਪ ਜਾਂ ਆਕਾਰ ਨਹੀਂ ਹੈ। ਇਸ ਲਈ ਉਸ ਦੀ ਮੂਰਤੀ ਬਣਾ ਕੇ ਪੂਜਾ ਨਹੀਂ ਕੀਤੀ ਜਾ ਸਕਦੀ ।

5.ਪ੍ਰਮਾਤਮਾ ਬਹੁਤ ਦਿਆਲੂ ਹੈ। ਸਾਨੂੰ ਜੋ ਕੁਝ ਵੀ ਮਿਲਦਾ ਹੈ ਉਹ ਸਭ ਪ੍ਰਮਾਤਮਾ ਦੀ ਦੇਣ ਹੈ ।

6.ਸ੍ਰਿਸ਼ਟੀ ਦਾ ਹਰ ਕੰਮ ਪਰਮਾਤਮਾ ਦੇ ਹੁਕਮ ਨਾਲ ਹੁੰਦਾ ਹੈ। ਸਾਨੂੰ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ ।

7.ਪ੍ਰਮਾਤਮਾ ਦੀ ਮਿਹਰ ਅਤੇ ਦਇਆ ਪ੍ਰਾਪਤ ਕਰਨ ਲਈ ਆਤਮ ਤਿਆਗ ਜਾਂ ਆਤਮ ਸਮਰਪਣ ਬਹੁਤ ਜ਼ਰੂਰੀ ਹੈ ।

**35.ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ- ਕੀ ਕਾਰਜ ਕੀਤੇ ?**

ਉੱਤਰ-1. ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਗੋਇੰਦਵਾਲ ਵਿਖੇ ਬਣਵਾਈ ਬਉਲੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ 84 ਪੌੜੀਆਂ ਬਣਵਾਈਆਂ। ਗੁਰੂ ਜੀ ਨੇ ਵਚਨ ਕੀਤਾ ਕਿ ਜੇਕਰ ਕੋਈ ਸਿੱਖ ਹਰ ਪੌੜੀ ਤੇ ਸੱਚੇ ਮਨ ਨਾਲ ਜਪੁਜੀ ਸਾਹਿਬ ਦਾ ਪਾਠ ਕਰਕੇ 84ਵੀਂ ਪੌੜੀ 'ਤੇ ਇਸ਼ਨਾਨ ਕਰੇਗਾ ਤਾਂ ਉਸ ਦੀ 84 ਕੱਟੀ ਜਾਵੇਗੀ। ਇਸ ਨਾਲ ਸਿੱਖਾਂ ਨੂੰ ਇੱਕ ਸੁਤੰਤਰ ਤੀਰਥ ਸਥਾਨ ਮਿਲ ਗਿਆ।

2.ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਲੰਗਰ ਪ੍ਰਥਾ ਨੂੰ ਵਿਸਤ੍ਰਿਤ ਰੂਪ ਦਿੱਤਾ। ਇਹ ਪ੍ਰਥਾ ਸਿੱਖ ਧਰਮ ਦੇ ਪ੍ਰਚਾਰ ਵਿਚ ਸ਼ਕਤੀਸ਼ਾਲੀ ਸਾਧਨ ਸਿੱਧ ਹੋਈ।

3.ਗੁਰੂ ਜੀ ਨੇ ਆਪ 907 ਸ਼ਬਦਾਂ ਦੀ ਰਚਨਾ ਕੀਤੀ ਅਤੇ ਅਨੇਕ ਭਗਤਾਂ ਦੇ ਸ਼ਲੋਕ ਅਤੇ ਭਜਨ ਵੀ ਇਕੱਠੇ ਕੀਤੇ।

4.ਗੁਰੂ ਜੀ ਦੁਆਰਾ ਮੰਜੀ ਪ੍ਰਥਾ ਦੀ ਸਥਾਪਨਾ ਕਰਨ ਨਾਲ ਸਿੱਖ ਧਰਮ ਦਾ ਬਹੁਤ ਵਿਸਥਾਰ ਹੋਇਆ।

5.ਉਨ੍ਹਾਂ ਨੇ ਜਾਤੀ ਭੇਦ-ਭਾਵ ਅਤੇ ਛੂਤ-ਛਾਤ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਜਾਤ ਦਾ ਅਭਿਮਾਨ ਕਰਨ ਵਾਲੇ ਲੋਕ ਮੂਰਖ ਅਤੇ ਗੰਵਾਰ ਹਨ।

6. ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਮੌਤ ਦੇ ਮੌਕੇ ਈਸ਼ਵਰ ਦੀ ਉਸਤਤ ਅਤੇ ਭਗਤੀ ਦੇ ਸ਼ਬਦ ਗਾਉਣੇ ਚਾਹੀਦੇ ਹਨ।

7.ਉਨ੍ਹਾਂ ਨੇ ਵਿਆਹ ਦੀਆਂ ਰੀਤਾਂ ਵਿਚ ਸੁਧਾਰ ਕਰਨ ਲਈ 'ਆਨੰਦ' ਨਾਮੀ ਬਾਣੀ ਦੀ ਰਚਨਾ ਕੀਤੀ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਜਨਮ, ਵਿਆਹ ਅਤੇ ਹੋਰ ਖ਼ੁਸ਼ੀ ਦੇ ਮੌਕਿਆਂ ਤੇ ਅਨੰਦ ਸਾਹਿਬ ਦਾ ਪਾਠ ਕਰਨ।

8.ਗੁਰੂ ਜੀ ਨੇ ਸਿੱਖਾਂ ਨੂੰ ਵਿਸਾਖੀ, ਮਾਘੀ ਅਤੇ ਦੀਵਾਲੀ ਦੇ ਤਿਉਹਾਰ ਨਵੇਂ ਢੰਗ ਨਾਲ ਮਨਾਉਣ ਲਈ ਕਿਹਾ ਜਿਸ ਨਾਲ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਹੋਇਆ।

**36 .ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ- 1.ਜਨਮ ਤੇ ਬਚਪਨ -ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਈਸਵੀ ਨੂੰ ਪਟਨਾ ਵਿਖੇ ਹੋਇਆ ।ਉਨ੍ਹਾਂ ਦੇ ਮਾਤਾ ਦਾ ਨਾਂ ਗੁਜਰੀ ਸੀ। ਉਹ ਗੁਰੂ ਤੇਗ ਬਹਾਦਰ ਜੀ ਦੇ ਇਕਲੌਤੇ ਪੁੱਤਰ ਸਨ

2. ਸਿੱਖਿਆ -ਚੱਕ ਨਾਨਕੀ ਵਿਖੇ ਗੁਰੂ ਜੀ ਨੇ ਕਾਜ਼ੀ ਪੀਰ ਮੁਹੰਮਦ ਤੋਂ ਫਾਰਸੀ, ਪੰਡਿਤ ਹਰਜਸ ਤੋਂ ਸੰਸਕ੍ਰਿਤ, ਰਾਜਪੂਤ ਬਜਰ ਸਿੰਘ ਤੋਂ ਘੋੜ ਸਵਾਰੀ ਅਤੇ ਸ਼ਸਤਰ ਚਲਾਉਣ ਦੀ ਸਿੱਖਿਆ ਅਤੇ ਭਾਈ ਸਤੀ ਦਾਸ ਤੋਂ ਗੁਰਮੁਖੀ ਦਾ ਗਿਆਨ ਪ੍ਰਾਪਤ ਕੀਤਾ।

3.ਗੁਰਗੱਦੀ ਪ੍ਰਾਪਤੀ ਤੇ ਪਿਤਾ ਜੀ ਦੀ ਸ਼ਹੀਦੀ- 1675 ਈਸਵੀ ਵਿੱਚ ਕਸ਼ਮੀਰੀ ਪੰਡਤਾਂ ਤੇ ਹੋ ਰਹੇ ਮੁਗਲ-ਅੱਤਿਆਚਾਰਾਂ ਕਾਰਨ ਬਾਲਕ ਗੋਬਿੰਦ ਰਾਏ ਦੇ ਕਹਿਣ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦੇਣ ਦਾ ਨਿਸ਼ਚਾ ਕਰ ਲਿਆ। ਉਹ ਗੁਰੂ ਗੋਬਿੰਦ ਰਾਏ ਨੂੰ ਗੁਰਗੱਦੀ ਸੌਂਪ ਕੇ ਆਪ ਦਿੱਲੀ ਵੱਲ ਚੱਲ ਪਏ। 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਤੇ ਉਹਨਾਂ ਦੇ ਸਾਥੀਆਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ।

4.ਗੁਰੂ ਜੀ ਦਾ ਵਿਆਹ-ਗੁਰੂ ਜੀ ਦਾ ਵਿਆਹ ਮਾਤਾ ਜੀਤੋ ਜੀ ਨਾਲ ਹੋਇਆ ਜਿਨ੍ਹਾਂ ਦਾ ਦੂਜਾ ਨਾਂ ਮਾਤਾ ਸੁੰਦਰੀ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਤੀਜਾ ਨਾਂ ਮਾਤਾ ਸਾਹਿਬ ਕੌਰ ਹੋਇਆ। ਗੁਰੂ ਜੀ ਦੇ ਚਾਰ ਪੁੱਤਰ ਸਨ ਇਨ੍ਹਾਂ ਨੂੰ ਸਾਹਿਬਜ਼ਾਦੇ ਕਿਹਾ ਜਾਂਦਾ ਹੈ।

5.ਸੈਨਾ ਦਾ ਸੰਗਠਨ-ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਧਰਮ ਦੀ ਰੱਖਿਆ ਕਰਨ ਲਈ ਗੁਰੂ ਜੀ ਨੇ ਐਲਾਨ ਕਰ ਦਿੱਤਾ ਕਿ ਜਿਸ ਸਿੱਖ ਦੇ ਚਾਰ ਪੁੱਤਰ ਹੋਣ ਉਹ ਉਨ੍ਹਾਂ ਵਿੱਚੋਂ ਦੋ ਪੁੱਤਰ ਗੁਰੂ ਸਾਹਿਬ ਦੀ ਸੈਨਾ ਵਿੱਚ ਭਰਤੀ ਕਰਵਾਵੇ ਅਤੇ ਹੋਰ ਵਸਤੂਆਂ ਦੀ ਥਾਂ ਉਨ੍ਹਾਂ ਨੂੰ ਘੋੜੇ ਅਤੇ ਸ਼ਸਤਰ ਭੇਟ ਕਰਨ ।ਇਸ ਤਰ੍ਹਾਂ ਛੇਤੀ ਹੀ ਗੁਰੂ ਸਾਹਿਬ ਕੋਲ ਅਣਗਿਣਤ ਸੈਨਿਕ ਅਤੇ ਯੁੱਧ ਸਮੱਗਰੀ ਇਕੱਠੀ ਹੋ ਗਈ।

6.ਰਾਜਸੀ ਚਿੰਨ੍ਹ -ਗੁਰੂ ਜੀ ਨੇ ਆਪਣੇ ਦਾਦਾ ਗੁਰੂ ਹਰਗੋਬਿੰਦ ਜੀ ਵਾਂਗ ਰਾਜਸੀ ਚਿੰਨ੍ਹਾਂ ਨੂੰ ਅਪਣਾਇਆ। ਉਹ ਆਪਣੀ ਦਸਤਾਰ ਤੇ ਕਲਗੀ ਸਜਾਉਣ ਲੱਗੇ ਅਤੇ ਰਾਜ ਗੱਦੀ ਵਾਂਗ ਉਸ ਤੇ ਬਿਰਾਜਮਾਨ ਵੀ ਹੋਣ ਲੱਗੇ ।ਉਨ੍ਹਾਂ ਨੇ ਇੱਕ ਨਗਾਰਾ ਬਣਾਇਆ ਜਿਸ ਦਾ ਨਾਂ 'ਰਣਜੀਤ ਨਗਾਰਾ' ਸੀ।

7.ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਕਾਰਜ-ਗੁਰੂ ਜੀ ਨੇ ਜਮੁਨਾ ਨਦੀ ਦੇ ਕੰਢੇ ਇੱਕ ਸੁੰਦਰ ਇਕਾਂਤ ਥਾਂ ਚੁਣੀ ਜਿਸ ਦਾ ਨਾਂ 'ਪਾਉਂਟਾ'ਰੱਖਿਆ ਗਿਆ ਜਿਸ ਦਾ ਅਰਥ ਹੈ 'ਪੈਰ ਰੱਖਣ ਦੀ ਥਾਂ' ਇੱਥੇ ਉਨ੍ਹਾਂ ਨੇ 52 ਕਵੀ ਰੱਖੇ।

8.ਖਾਲਸਾ ਸਾਜਨਾ ਤੋਂ ਪਹਿਲਾਂ ਦੀਆਂ ਲੜਾਈਆਂ -1688 ਵਿੱਚ ਗੁਰੂ ਜੀ ਨੂੰ ਭੰਗਾਣੀ ਦੀ ਜੰਗ ਲੜਨੀ ਪਈ ।ਇਹ ਜੰਗ ਜਿੱਤ ਕੇ ਗੁਰੂ ਜੀ ਨੇ ਆਨੰਦਪੁਰ ਆ ਕੇ ਉੱਥੇ ਆਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ ਤੇ ਫ਼ਤਹਿਗੜ੍ਹ ਨਾਮੀ ਚਾਰ ਕਿਲ੍ਹਿਆਂ ਦੀ ਉਸਾਰੀ ਕਰਵਾਈ।

9.ਖਾਲਸਾ ਦੀ ਸਾਜਨਾ-1699 ਈਸਵੀ ਵਿੱਚ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਰਾਏ ਜੀ ਨੇ ਖ਼ਾਲਸਾ ਦੀ ਸਾਜਨਾ ਕੀਤੀ। ਉਨ੍ਹਾਂ ਨੇ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰਿਆਂ ਦੀ ਚੋਣ ਕੀਤੀ। ਫਿਰ ਉਨ੍ਹਾਂ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਆਪਣੇ ਨਾਂ ਨਾਲ 'ਸਿੰਘ' ਸ਼ਬਦ ਲਾਇਆ। ਫ਼ਲਸਰੂਪ ਸਿੰਘ ਵੀ ਸਜ ਗਏ ਅਤੇ ਉਨ੍ਹਾਂ ਦਾ ਨਾਂ ਗੁਰੂ ਗੋਬਿੰਦ ਸਿੰਘ ਹੋ ਗਿਆ।

10.ਉੱਤਰ ਖਾਲਸਾ ਕਾਲ ਦੀਆਂ ਲੜਾਈਆਂ -ਖ਼ਾਲਸਾ ਦੀ ਸਾਜਨਾ ਤੋਂ ਬਾਅਦ ਦੇ ਕਾਲ ਨੂੰ ਉੱਤਰ- ਖ਼ਾਲਸਾ ਕਾਲ ਕਿਹਾ ਜਾਂਦਾ ਹੈ। ਇਸ ਕਾਲ ਵਿੱਚ ਗੁਰੂ ਜੀ ਨੇ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ, ਨਿਰਮੋਹ ਦਾ ਯੁੱਧ, ਬਸੌਲੀ ਦਾ ਯੁੱਧ, ਆਨੰਦਪੁਰ ਸਾਹਿਬ ਦਾ ਦੂਜਾ ਯੁੱਧ, ਸ਼ਾਹੀ ਟਿੱਬੀ ਦਾ ਯੁੱਧ ਸਰਸਾ ਦਾ ਯੁੱਧ, ਚਮਕੌਰ ਸਾਹਿਬ ਤੇ ਖਿਦਰਾਣਾ ਦਾ ਯੁੱਧ ਲੜਿਆ। ਇੱਥੋਂ ਉਹ ਦੱਖਣ ਵੱਲ ਚਲੇ ਗਏ।

11.ਜੋਤੀ -ਜੋਤ ਸਮਾਉਣਾ-1708 ਈਸਵੀ ਵਿੱਚ ਗੁਰੂ ਜੀ ਨੰਦੇੜ ਪਹੁੰਚੇ।ਇੱਥੇ ਉਨ੍ਹਾਂ ਨੇ ਮਾਧੋਦਾਸ ਨੂੰ ਬੰਦਾ ਬਹਾਦਰ ਦੇ ਰੂਪ ਵਿੱਚ ਪੰਜਾਬ ਭੇਜਿਆ ।ਸਰਹਿੰਦ ਦੇ ਫੌਜਦਾਰ ਨੇ ਦੋ ਪਠਾਣਾਂ ਨੂੰ ਗੁਰੂ ਸਾਹਿਬ ਦੀ ਹੱਤਿਆ ਕਰਨ ਲਈ ਨੰਦੇੜ ਭੇਜਿਆ ।ਉਨ੍ਹਾਂ ਵਿੱਚੋਂ ਇੱਕ ਨੇ ਉਚਿੱਤ ਮੌਕਾ ਵੇਖ ਕੇ ਗੁਰੂ ਜੀ ਦੇ ਢਿੱਡ ਵਿੱਚ ਛੁਰਾ ਖੋਭ ਦਿੱਤਾ। ਇੱਕ ਵਾਰ ਤਾਂ ਇਹ ਜ਼ਖ਼ਮ ਠੀਕ ਹੋ ਗਿਆ ਪਰ ਬਾਅਦ ਵਿੱਚ ਕਮਾਨ ਦਾ ਚਿੱਲਾ ਚੜ੍ਹਾਉਣ ਸਮੇਂ ਉਹ ਜ਼ਖ਼ਮ ਫਿਰ ਵਿਗੜ ਗਿਆ ਤੇ ਗੁਰੂ ਜੀ 7 ਅਗਸਤ 1708 ਈਸਵੀ ਨੂੰ ਜੋਤੀ ਜੋਤ ਸਮਾ ਗਏ।

**37.ਗੁਰੂ ਗੋਬਿੰਦ ਸਿੰਘ ਜੀ ਨੂੰ ਖਾਲਸਾ ਸਿਰਜਣਾ ਦੀ ਲੋੜ ਕਿਉਂ ਪਈ ?**

ਉੱਤਰ-1.**ਪਹਿਲੇ ਨੌਂ ਗੁਰੂਆਂ ਦੇ ਸਿੱਖ ਮਤ ਦੇ ਵਿਕਾਸ ਲਈ ਕਾਰਜ-** ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਾਰੇ ਗੁਰੂਆਂ ਨੇ ਮੂਰਤੀ ਪੂਜਾ 'ਤੇ ਵਿਅਰਥ ਦੇ ਰੀਤੀ ਰਿਵਾਜਾਂ ਦਾ ਖੰਡਨ ਕੀਤਾ ।ਉਹਨਾਂ ਨੇ ਸੰਗਤ ਅਤੇ ਪੰਗਤ ਪ੍ਰਥਾ ਚਲਾ ਕੇ ਜਾਤੀ ਪ੍ਰਥਾ ਤੇ ਵੀ ਚੋਟ ਮਾਰੀ।ਸਿੱਟੇ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿੱਚੋਂ ਸਾਰੀਆਂ ਬੁਰਾਈਆਂ ਖਤਮ ਕਰਨ, ਹਿੰਮਤ ,ਦਲੇਰੀ ਅਤੇ ਬਹਾਦਰੀ ਭਰਨ ਲਈ ਖਾਲਸਾ ਦੀ ਸਾਜਨਾ ਕੀਤੀ ।

**2.ਔਰੰਗਜ਼ੇਬ ਦੁਆਰਾ ਹਿੰਦੂਆਂ ਤੇ ਅੱਤਿਆਚਾਰ** -ਔਰੰਗਜ਼ੇਬ ਭਾ ਨੇ ਹਿੰਦੂਆਂ ਉੱਤੇ ਬਹੁਤ ਅੱਤਿਆਚਾਰ ਕੀਤੇ ਤੇ ਪਵਿੱਤਰ ਮੰਦਿਰਾਂ ਨੂੰ ਢਾਹਿਆ। ਉਸਨੇ ਹਿੰਦੂਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਮਜ਼ਬੂਰ ਕੀਤਾ।

**3.ਪਹਾੜੀ ਰਾਜਿਆਂ 'ਤੇ ਨਿਰਭਰ ਨਾ ਰਹਿਣਾ** -ਗੁਰੂ ਜੀ ਨੇ ਪਹਾੜੀ ਰਾਜਿਆਂ ਨਾਲ ਮਿੱਤਰਤਾਪੂਰਨ ਸੰਬੰਧ ਸਥਾਪਤ ਕਰਨ ਦੇ ਯਤਨ ਕੀਤੇ ਪਰ ਨਾਦੌਣ ਦੇ ਯੁੱਧ ਵਿੱਚ ਉਹ ਜਾ ਕੇ ਮੁਗਲਾਂ ਦੇ ਨਾਲ ਰਲ ਗਏ ।ਜਿਸ ਕਾਰਨ ਗੁਰੂ ਜੀ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਕਿਸੇ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ ਇਸ ਲਈ ਉਨ੍ਹਾਂ ਨੇ ਆਪਣੀ ਸ਼ਕਤੀ ਨੂੰ ਵਧਾਉਣ ਲਈ ਖ਼ਾਲਸਾ ਦੀ ਸਾਜਨਾ ਕੀਤੀ ।

**4.ਜਾਤੀ ਪ੍ਰਥਾ ਦਾ ਬੰਧਨ** -ਭਾਵੇਂ ਪਹਿਲੇ ਨੌਂ ਸਿੱਖ ਗੁਰੂਆਂ ਨੇ ਜਾਤੀ ਪ੍ਰਥਾ ਦਾ ਖੰਡਨ ਕੀਤਾ ਸੀ ਪਰ ਫਿਰ ਵੀ ਹਾਲੇ ਤੱਕ ਸਿੱਖ ਸਮਾਜ ਵਿਚੋਂ ਜਾਤੀ ਪ੍ਰਥਾ ਖ਼ਤਮ ਨਹੀਂ ਸੀ ਹੋਈ ।ਇਸ ਲਈ ਗੁਰੂ ਸਾਹਿਬ ਨੇ ਜਾਤੀ ਪ੍ਰਥਾ ਦੇ ਬੰਧਨ ਨੂੰ ਖ਼ਤਮ ਕਰਕੇ ਵੱਖ ਵੱਖ ਜਾਤਾਂ ਤੇ ਧਰਮਾਂ ਦੇ ਵਿਅਕਤੀਆਂ ਵਿਚੋਂ ਖ਼ਾਲਸਾ ਦੀ ਸਾਜਨਾ ਕੀਤੀ।

**5.ਗੁਰੂ ਸਾਹਿਬ ਦੇ ਜੀਵਨ ਦਾ ਉਦੇਸ਼**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਜੀਵਨ ਕਥਾ 'ਬਚਿੱਤਰ ਨਾਟਕ' ਵਿੱਚ ਲਿਖਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਉਦੇਸ਼ ਸੰਸਾਰ ਵਿਚ ਧਰਮ ਦਾ ਪ੍ਰਚਾਰ ਕਰਨਾ, ਸੰਤਾਂ ਦੀ ਰੱਖਿਆ ਕਰਨਾ ਤੇ ਅੱਤਿਆਚਾਰੀ ਲੋਕਾਂ ਦਾ ਨਾਸ਼ ਕਰਨਾ ਹੈ ।ਇਸ ਉਦੇਸ਼ ਲਈ ਖ਼ਾਲਸਾ ਦੀ ਸਾਜਣਾ ਜ਼ਰੂਰੀ ਸਮਝੀ ਗਈ।

**38.ਖਾਲਸਾ ਸਿਰਜਣਾ ਦਾ ਕੀ ਮਹੱਤਵ ਸੀ ?**

ਉੱਤਰ-1.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ ਦੇ ਕਾਰਜਾਂ ਨੂੰ ਸੰਪੂਰਨ ਰੂਪ ਦਿੱਤਾ ।

2.ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਮਸੰਦ ਸੁਆਰਥੀ, ਲੋਭੀ ਅਤੇ ਭ੍ਰਿਸ਼ਟਾਚਾਰੀ ਹੋ ਗਏ ਸਨ ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਨੂੰ ਹੁਕਮ ਦਿੱਤਾ ਕਿ ਉਹ ਮਸੰਦਾਂ ਨਾਲ ਕਿਸੇ ਕਿਸਮ ਦਾ ਵੀ ਸੰਬੰਧ ਨਾ ਰੱਖਣ ਜਿਸ ਕਾਰਨ ਮਸੰਦ ਪ੍ਰਥਾ ਦਾ ਖ਼ਾਤਮਾ ਹੋ ਗਿਆ ।

3.ਖ਼ਾਲਸਾ ਸੰਗਤਾਂ ਨੂੰ 'ਖੰਡੇ ਦੀ ਪਾਹੁਲ' ਛਕਾਉਣ ਦਾ ਅਧਿਕਾਰ ਦਿੱਤਾ ਗਿਆ ।ਉਨ੍ਹਾਂ ਨੂੰ ਸਿੱਖਾਂ ਵਿੱਚ ਨਿਰਣੇ ਕਰਨ ਦਾ ਵੀ ਅਧਿਕਾਰ ਦਿੱਤਾ ਗਿਆ ਜਿਸ ਨਾਲ ਖ਼ਾਲਸਾ ਸੰਗਤਾਂ ਦਾ ਮਹੱਤਵ ਵਧ ਗਿਆ ।

4.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ।

5.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਵਿੱਚ ਨਵੀਂ ਸ਼ਕਤੀ ਦਾ ਸੰਚਾਰ ਹੋਇਆ ।ਉਹ ਅੰਮ੍ਰਿਤ ਛਕਣ ਪਿੱਛੋਂ ਆਪਣੇ ਆਪ ਨੂੰ ਸਿੰਘ ਅਖਵਾਉਣ ਲੱਗੇ ਅਤੇ ਜਾਤ-ਪਾਤ ਦੇ ਭੇਦਭਾਵ ਨੂੰ ਭੁੱਲ ਗਏ। ਸਿੰਘ ਅਖਵਾਉਣ ਕਰਕੇ ਉਨ੍ਹਾਂ ਵਿੱਚ ਡਰ ਅਤੇ ਕਾਇਰਤਾ ਦਾ ਕੋਈ ਅੰਸ਼ ਨਾ ਰਿਹਾ ।

6.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਵਿੱਚ ਬਹਾਦਰੀ ਅਤੇ ਦਲੇਰੀ ਦੀਆਂ ਭਾਵਨਾਵਾਂ ਭਰ ਗਈਆਂ ਜਿਸ ਕਾਰਨ ਗੁਰੂ ਜੀ ਦੇ ਸਿੱਖਾਂ ਨੇ ਮੁਗਲਾਂ ਨਾਲ ਕਈ ਯੁੱਧ ਲੜੇ ਅਤੇ ਗੁਰੂ ਜੀ ਨੇ ਸੀਮਤ ਸਾਧਨਾਂ ਅਤੇ ਮੁੱਠੀ ਭਰ ਸੈਨਿਕਾਂ ਨਾਲ ਸ਼ਕਤੀਸ਼ਾਲੀ ਮੁਗ਼ਲ ਫ਼ੌਜ ਦਾ ਸਫ਼ਲਤਾਪੂਰਵਕ ਵਿਰੋਧ ਕੀਤਾ ।

7.ਖ਼ਾਲਸਾ ਦੀ ਸਾਜਨਾ ਤੋਂ ਪਹਾੜੀ ਰਾਜੇ ਘਬਰਾ ਗਏ ਤੇ ਉਨ੍ਹਾਂ ਨੇ ਗੱਠਜੋੜ ਕਰ ਕੇ ਗੁਰੂ ਜੀ ਦੀ ਸ਼ਕਤੀ ਨੂੰ ਦਬਾਉਣ ਦਾ ਮਨ ਬਣਾਇਆ ।ਖ਼ਾਲਸਾ ਸਾਜਣਾ ਤੋਂ ਪਿੱਛੋਂ ਵੀ ਗੁਰੂ ਜੀ ਨੂੰ ਪਹਾੜੀ ਰਾਜਿਆਂ ਨਾਲ ਕਈ ਯੁੱਧ ਕਰਨੇ ਪਏ।

8.ਖ਼ਾਲਸਾ ਦੀ ਸਥਾਪਨਾ ਨਾਲ ਸਿੱਖਾਂ ਨੇ ਪੰਜ 'ਕਕਾਰਾਂ' ਦੀ ਪਾਲਣਾ ਕਰਕੇ ਆਪਣੇ ਬਾਹਰੀ ਸਰੂਪ ਨੂੰ ਵੀ ਆਮ ਲੋਕਾਂ ਨਾਲੋਂ ਵੱਖਰਾ ਕਰ ਲਿਆ। ਖ਼ਾਲਸਾ ਵਰਗ ਦੇ ਮਰਦ 'ਸਿੰਘ' ਅਤੇ ਔਰਤਾਂ 'ਕੌਰ' ਬਣ ਗਈਆਂ ਸਨ।

9.ਔਰੰਗਜ਼ੇਬ ਹਿੰਦੂਆਂ ਤੇ ਬਹੁਤ ਜ਼ੁਲਮ ਕਰ ਰਿਹਾ ਸੀ ।ਪੰਜਾਬ ਵਿੱਚ ਉਸ ਦੇ ਜ਼ੁਲਮ ਦਾ ਟਾਕਰਾ ਕਰਨ ਵਾਲਾ ਖ਼ਾਲਸਾ ਹੀ ਸੀ ।ਖ਼ਾਲਸਾ ਤੋਂ ਪ੍ਰਭਾਵਿਤ ਹੋ ਕੇ ਦੂਜੇ ਸੂਬਿਆਂ ਵਿਚਲੇ ਲੋਕ ਵੀ ਔਰੰਗਜ਼ੇਬ ਦੇ ਜ਼ੁਲਮ ਦਾ ਵਿਰੋਧ ਕਰਨ ਲੱਗੇ ਜਿਸ ਕਾਰਨ ਹਿੰਦੂ ਧਰਮ ਖ਼ਤਮ ਹੋਣ ਤੋਂ ਬਚ ਗਿਆ।

10.ਖ਼ਾਲਸਾ ਨੇ ਯੱਗਾਂ, ਬਲੀਆਂ, ਵਰਤਾਂ, ਮੂਰਤੀ ਪੂਜਾ ਅਤੇ ਅੰਧਵਿਸ਼ਵਾਸਾਂ ਨਾਲੋਂ ਨਾਤਾ ਤੋੜ ਲਿਆ ।ਜਿਸ ਕਾਰਨ ਖ਼ਾਲਸਾ ਨੇ ਅੰਧ ਵਿਸ਼ਵਾਸਾਂ ਤੇ ਅਗਿਆਨਤਾ ਦਾ ਅੰਤ ਕਰ ਦਿੱਤਾ ।

11.ਗੁਰੂ ਜੀ ਨੇ ਗੁਰੂ-ਸ਼ਕਤੀ, ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਵਿੱਚ ਵੰਡ ਕੇ ਲੋਕਤੰਤਰ ਦੀ ਸਥਾਪਨਾ ਕਰ ਦਿੱਤੀ ।ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇਸ਼ ਦੇ ਪਹਿਲੇ ਲੋਕਤੰਤਰੀ ਹੋਏ।

12.ਖ਼ਾਲਸਾ ਦੀ ਸਾਜਨਾ ਨਾਲ ਸਿੱਖਾਂ ਵਿੱਚ ਦਲੇਰੀ, ਬਹਾਦਰੀ, ਨਿਡਰਤਾ, ਹਿੰਮਤ ਅਤੇ ਆਤਮ ਬਲੀਦਾਨ ਦੀਆਂ ਭਾਵਨਾਵਾਂ ਜਾਗ੍ਰਿਤ ਹੋਈਆਂ ।

**39.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪੂਰਬ -ਖਾਲਸਾ ਕਾਲ ਦੀਆਂ ਲੜਾਈਆਂ ਦਾ ਵਰਨਣ ਕਰੋ ।**

ਉੱਤਰ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਮ ਸਿਮਰਨ ਵਾਲੇ ਇੱਕ ਸੰਤ ਅਤੇ ਇਕ ਮਹਾਨ ਸਿਪਾਹੀ ਵੀ ਸਨ । ਉਨ੍ਹਾਂ ਦੀਆਂ ਅਧਿਆਤਮਕ ਅਤੇ ਰਾਜਨੀਤਿਕ ਗਤੀਵਿਧੀਆਂ ਦੇਖ ਕੇ ਨਾ ਤਾਂ ਪਹਾੜੀ ਰਾਜਿਆਂ ਤੋਂ ਬਰਦਾਸ਼ਤ ਹੋਇਆ ਅਤੇ ਨਾ ਹੀ ਮੌਕੇ ਦੀ ਸਰਕਾਰ ਤੋਂ ।ਇਹ ਲੋਕ ਮਜ਼ਲੂਮਾਂ ਤੇ ਜ਼ੁਲਮ ਕਰਕੇ ਉਹਨਾਂ ਨੂੰ ਲੜਨ ਲਈ ਮਜ਼ਬੂਰ ਕਰਦੇ ਸਨ ।ਇਸ ਲਈ ਗੁਰੂ ਜੀ ਨੂੰ ਵਿਰੋਧੀਆਂ ਦੇ ਨਾਲ ਕਈ ਲੜਾਈਆਂ ਲੜਨੀਆਂ ਪਈਆਂ। ਕੁਝ ਲੜਾਈਆਂ ਉਹ ਹਨ ਜਿਹੜੀਆਂ ਖ਼ਾਲਸਾ ਦੀ ਸਾਜਨਾ ਤੋਂ ਪਹਿਲਾਂ ਲੜੀਆਂ ਗਈਆਂ ਉਨ੍ਹਾਂ ਅਸੀਂ ਪੂਰਬ- ਖਾਲਸਾ ਕਾਲਜ ਦੀਆਂ ਲੜਾਈਆਂ ਕਹਿੰਦੇ ਹਾਂ ਜੋ ਹੇਠ ਲਿਖੇ ਅਨੁਸਾਰ ਹਨ-

**1.ਭੰਗਾਣੀ ਦਾ ਯੁੱਧ 1688 ਈਸਵੀ** -ਬਿਲਾਸਪੁਰ ਦੇ ਰਾਜੇ ਭੀਮ ਚੰਦ ਨਾਲ ਝਗੜਾ ਹੋਣ ਕਰ ਕੇ ਗੁਰੂ ਜੀ ਪਾਉਂਟਾ ਸਾਹਿਬ ਰਹਿਣ ਲੱਗੇ ਅਤੇ ਆਪਣੀਆਂ ਸਾਹਿਤਿਕ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ।ਉੱਥੇ ਗਰੂ ਵੀ ਆਪਣੀਆਂ ਸੈਨਿਕ ਤਿਆਰੀਆਂ ਵੀ ਕਰਦੇ ਰਹੇ ਜਿਨ੍ਹਾਂ ਨੂੰ ਪਹਾੜੀ ਰਾਜੇ ਆਪਣੇ ਲਈ ਖ਼ਤਰਾ ਸਮਝਦੇ ਸਨ ।ਇਸ ਯੁੱਧ ਦਾ ਤਤਕਾਲੀ ਕਾਰਨ ਸੀ ਕਿ ਭੀਮ ਚੰਦ ਦੇ ਪੁੱਤਰ ਦੀ ਬਰਾਤ ਜੋ ਗੜਵਾਲ ਜਾ ਰਹੀ ਸੀ ਨੂੰ ਸਿੱਖਾਂ ਨੇ ਪਾਉਂਟਾ ਸਾਹਿਬ ਤੋਂ ਲੰਘਣ ਨਾ ਦਿੱਤਾ ਸਿੱਟੇ ਵਜੋਂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਯੁੱਧ ਕਰਨ ਦਾ ਮਨ ਬਣਾ ਲਿਆ ।ਗੁਰੂ ਜੀ ਨੇ ਪਹਾੜੀ ਰਾਜਿਆਂ ਨਾਲ ਯੁੱਧ ਕਰਨ ਲਈ ਭੰਗਾਣੀ ਦੇ ਸਥਾਨ ਨੂੰ ਚੁਣਿਆ। ਜਿਵੇਂ ਹੀ ਯੁੱਧ ਆਰੰਭ ਹੋਇਆ ਸਢੌਰਾ ਦੇ ਪੀਰ ਬੁੱਧੂ ਸ਼ਾਹ ਦੇ 500 ਪਠਾਣਾਂ ਦੀ ਸੈਨਾ ਗੁਰੂ ਜੀ ਨੂੰ ਛੱਡ ਗਈ ।ਪਰ ਗੁਰੂ ਜੀ ਨੇ ਥੋੜ੍ਹੇ ਜਿਹੇ ਸਾਥੀਆਂ ਨਾਲ ਵੀ ਯੁੱਧ ਜਾਰੀ ਰੱਖਿਆ । ਉਸ ਸਮੇਂ ਸਢੌਰੇ ਦਾ ਪੀਰ ਬੁੱਧੂ ਸ਼ਾਹ ਆਪਣੇ ਚਾਰ ਪੁੱਤਰਾਂ ਅਤੇ 700 ਚੇਲਿਆਂ ਸਮੇਤ ਗੁਰੂ ਜੀ ਨਾਲ ਆ ਮਿਲਿਆ। 22 ਸਤੰਬਰ 1688 ਨੌਂ ਘੰਟੇ ਤੱਕ ਯੁੱਧ ਚੱਲਿਆ। ਗੁਰੂ ਜੀ ਨੇ ਆਪ ਅੱਗੇ ਹੋ ਕੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇਸ ਨਾਲ ਸਿੱਖਾਂ ਦਾ ਹੌਸਲਾ ਵਧਿਆ। ਸਿੱਟੇ ਵਜੋਂ ਪਹਾੜੀ ਰਾਜਾਂ ਨੂੰ ਬਹੁਤ ਸਾਰਾ ਨੁਕਸਾਨ ਉਠਾਉਣਾ ਪਿਆ। ਉਹ ਹਾਰ ਕੇ ਭੱਜ ਨਿਕਲੇ ਤੇ ਅੰਤ ਵਿੱਚ ਗੁਰੂ ਜੀ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ ।ਇਸ ਜਿੱਤ ਤੋਂ ਬਾਅਦ ਪਹਾੜੀ ਰਾਜਿਆਂ ਨੇ ਗੁਰੂ ਜੀ ਦਾ ਵਿਰੋਧ ਛੱਡ ਕੇ ਉਨ੍ਹਾਂ ਨਾਲ ਮਿੱਤਰਤਾਪੂਰਨ ਸੰਬੰਧ ਕਾਇਮ ਕਰ ਲਏ। ਗੁਰੂ ਜੀ ਪਾਉਂਟਾ ਸਾਹਿਬ ਛੱਡ ਕੇ ਮੁੜ ਆਨੰਦਪੁਰ ਸਾਹਿਬ ਆ ਵਸੇ ।

**2.ਨਾਦੌਣ ਦਾ ਯੁੱਧ,1690 ਈਸਵੀ** - ਨਾਦੌਣ ਦੀ ਲੜਾਈ ਪਹਾੜੀ ਰਾਜਿਆਂ ਅਤੇ ਮੁਗਲਾਂ ਦੇ ਵਿਚਕਾਰ ਲੜੀ ਗਈ ।ਇਸ ਲੜਾਈ ਵਿੱਚ ਗੁਰੂ ਜੀ ਨੇ ਪਹਾੜੀ ਰਾਜਿਆਂ ਦਾ ਸਾਥ ਦਿੱਤਾ। ਇਸ ਦਾ ਇੱਕੋ ਇੱਕ ਕਾਰਨ ਇਹ ਸੀ ਕਿ ਗੁਰੂ ਗੋਬਿੰਦ ਰਾਏ ਜੀ ਨਾਲ ਮਿੱਤਰਤਾ ਸਥਾਪਤ ਕਰਨ ਪਿੱਛੋਂ ਬਿਲਾਸਪੁਰ ਦੇ ਰਾਜੇ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨੂੰ ਸਾਲਾਨਾ ਕਰ ਦੇਣਾ ਬੰਦ ਕਰ ਦਿੱਤਾ ।ਉਨ੍ਹਾਂ ਰਾਜਿਆਂ ਨੇ ਭੀਮ ਚੰਦ ਦੀ ਅਗਵਾਈ ਹੇਠ ਇਕ ਸੰਘ ਬਣਾ ਲਿਆ।ਪਹਾੜੀ ਰਾਜਿਆਂ ਵੱਲੋਂ ਕਰ ਨਾ ਦੇਣ ਤੇ ਜੰਮੂ ਦੇ ਮੁਗਲ ਸੂਬੇਦਾਰ ਮੀਆਂ ਖ਼ਾਂ ਨੇ ਪਹਾੜੀ ਰਾਜਿਆਂ ਵਿਰੁੱਧ 1690 ਈਸਵੀ ਵਿਚ ਅਲਿਫ ਖਾਂ ਦੀ ਅਗਵਾਈ ਹੇਠ ਇਕ ਮੁਹਿੰਮ ਭੇਜੀ ।ਇਸ ਲੜਾਈ ਵਿੱਚ ਕਾਂਗੜਾ ਦੇ ਰਾਜਾ ਕਿਰਪਾਲ ਚੰਦ ਨੇ ਅਲਿਫ ਖਾਂ ਦਾ ਸਾਥ ਦਿੱਤਾ।ਗੁਰੂ ਸਾਹਿਬ ਨੇ ਰਾਜਾ ਰਾਮ ਸਿੰਘ ਅਤੇ ਉਸ ਦੇ ਪਹਾੜੀ ਰਾਜਿਆਂ ਦਾ ਪੱਖ ਲਿਆ ।ਕਾਂਗੜਾ ਤੋਂ 32 ਕਿਲੋਮੀਟਰ ਦੂਰ ਬਿਆਸ ਨਦੀ ਦੇ ਤੱਟ 'ਤੇ ਨਾਦੌਣ ਨਾਮੀਂ ਸਥਾਨ ਤੇ ਯੁੱਧ ਹੋਇਆ।ਇਸ ਯੁੱਧ ਵਿਚ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਸਿੱਖਾਂ ਨੇ ਆਪਣੀ ਬਹਾਦਰੀ ਦਾ ਪ੍ਰਮਾਣ ਦਿੱਤਾ। ਅਲਿਫ ਖਾਂ ਹਾਰ ਗਿਆ

ਅਤੇ ਮੈਦਾਨ ਛੱਡ ਗਿਆ। ਨਦੌਣ ਦੀ ਜਿੱਤ ਤੋਂ ਬਾਅਦ ਭੀਮ ਚੰਦ ਨੇ ਗੁਰੂ ਸਾਹਿਬ ਤੋਂ ਪੁੱਛੇ ਬਿਨਾਂ ਹੀ ਅਲਿਫ ਖਾਂ ਨਾਲ ਸਮਝੌਤਾ ਕਰ ਲਿਆ। ਗੁਰੂ ਸਾਹਿਬ ਨੂੰ ਉਸ ਦੇ ਵਿਸਵਾਸ਼ਘਾਤ ਕਰਨ ਤੇ ਬਹੁਤ ਦੁੱਖ ਹੋਇਆ ।

**3.ਖਾਨਜਾਦਾ ਰੁਸਤਮ ਖਾਂ ਦੀ ਮੁਹਿੰਮ,1694ਈ**: -ਦੱਖਣ ਵਿਚ ਮੁਗਲ ਸਮਰਾਟ ਔਰੰਗਜ਼ੇਬ ਨੂੰ ਗੁਰੂ ਜੀ ਦੀ ਵੱਧਦੀ ਹੋਈ ਸ਼ਕਤੀ ਦਾ ਪਤਾ ਲੱਗਾ। ਉਸ ਨੇ ਪੰਜਾਬ ਦੇ ਮੁਗਲ ਫ਼ੌਜਦਾਰਾਂ ਨੂੰ ਹੁਕਮ ਕੀਤਾ ਕਿ ਉਹ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ ।ਇਸ ਹੁਕਮ ਨੂੰ ਅਮਲੀ ਰੂਪ ਦੇਣ ਲਈ ਕਾਂਗੜਾ ਪ੍ਰਦੇਸ਼ ਦੇ ਫੌਜਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਖ਼ਾਨਜ਼ਾਦਾ ਰੁਸਤਮ ਖਾਂ ਦੇ ਅਧੀਨ ਗੁਰੂ ਸਾਹਿਬ ਦੇ ਵਿਰੁੱਧ ਸੈਨਾ ਭੇਜੀ ।ਉਸ ਨੇ ਗੁਰੂ ਸਾਹਿਬ ਉੱਤੇ ਅਚਾਨਕ ਹੀ ਹਮਲਾ ਕਰਨ ਲਈ 1694 ਈਸਵੀ ਨੂੰ ਸਰਦੀ ਦੀ ਇੱਕ ਰਾਤ ਵਿੱਚ ਆਪਣੀ ਸੈਨਾ ਸਮੇਤ ਸਤਲੁਜ ਨੂੰ ਪਾਰ ਕੀਤਾ।ਸਿੱਖ ਪਹਿਲਾਂ ਹੀ ਉਸ ਨਾਲ ਟੱਕਰ ਲੈਣ ਲਈ ਤਿਆਰ ਸਨ ।ਉਨ੍ਹਾਂ ਨੇ ਵੈਰੀ ਤੇ ਅਜੇ ਕੁਝ ਗੋਲੇ ਵਰਸਾਏ ਸਨ ਕਿ ਖਾਨਜ਼ਾਦਾ ਅਤੇ ਉਸ ਦੇ ਸੈਨਿਕ ਭੈਅ-ਭੀਤ ਹੋ ਕੇ ਭੱਜ ਨਿਕਲੇ ।ਇਸ ਪ੍ਰਕਾਰ ਗੁਰੂ ਸਾਹਿਬ ਨੂੰ ਬਿਨਾਂ ਯੁੱਧ ਕੀਤੇ ਹੀ ਮੁਗਲਾਂ ਉਤੇ ਜਿੱਤ ਪ੍ਰਾਪਤ ਹੋ ਗਈ ।

**4.ਹੁਸੈਨ ਖਾਂ ਦੀ ਮੁਹਿੰਮ,1696 ਈਸਵੀ**- ਖ਼ਾਨਜ਼ਾਦਾ ਦੀ ਹਾਰ ਪਿੱਛੋਂ ਦਿਲਾਵਰ ਖਾਂ ਨੇ 1696 ਈਸਵੀ ਦੇ ਆਰੰਭ 'ਚ ਆਪਣੇ ਸਭ ਤੋਂ ਬਹਾਦਰ ਸੈਨਿਕ ਹੁਸੈਨ ਖਾਂ ਨੂੰ ਅਨੰਦਪੁਰ ਸਾਹਿਬ ਤੇ ਹਮਲਾ ਕਰਨ ਲਈ ਭੇਜਿਆ। ਰਸਤੇ ਵਿੱਚ ਹੁਸੈਨ ਖਾਂ ਨੇ ਗੁਲੇਰ ਅਤੇ ਜਸਵਾਨ ਦੇ ਰਾਜਿਆਂ ਤੋਂ ਕਰ ਮੰਗਿਆ । ਉਨ੍ਹਾਂ ਨੇ ਕਰ ਦੇਣ ਤੋਂ ਟਾਲਮਟੋਲ ਕੀਤੀ । ਉਨ੍ਹਾਂ ਨੇ ਹੁਸੈਨ ਖ਼ਾਨ ਨਾਲ ਯੁੱਧ ਦਾ ਫ਼ੈਸਲਾ ਕਰ ਲਿਆ। ਭੀਮ ਚੰਦ(ਬਿਲਾਸਪੁਰ) ਅਤੇ ਕਿਰਪਾਲ ਚੰਦ (ਕਾਂਗੜਾ) ਹੁਸੈਨ ਖਾਂ ਨਾਲ ਜਾ ਮਿਲੇ ।ਗੁਰੂ ਜੀ ਨੇ ਆਪਣੇ ਕੁਝ ਸਿੱਖਾਂ ਨੂੰ ਹੁਸੈਨ ਖਾਂ ਦੇ ਵਿਰੁੱਧ ਭੇਜਿਆ। ਭਾਵੇਂ ਉਹ ਸਾਰੇ ਹੀ ਸ਼ਹੀਦ ਹੋ ਗਏ ਪਰ ਹੁਸੈਨ ਖਾਨ ਦੀ ਹਾਰ ਹੋਈ ਤੇ ਉਹ ਵੀ ਮਾਰਿਆ ਗਿਆ ।

5.ਸ਼ਹਿਜ਼ਾਦਾ ਮੁਅੱਜ਼ਮ ਦੀ ਜੰਗੀ ਕਾਰਵਾਈ-ਮੁਗਲ ਸਮਰਾਟ ਔਰੰਗਜ਼ੇਬ ਨੂੰ ਦੱਖਣ ਵਿਖੇ ਮੁਗਲਾਂ ਦੀ ਹਾਰ ਦੀਆਂ ਖਬਰਾਂ ਮਿਲ ਰਹੀਆਂ ਸਨ । ਇਸ ਕਰਕੇ ਉਸ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ ਦੇ ਵਿਰੁੱਧ ਭੇਜਿਆ ।ਉਸ ਨੇ ਲਾਹੌਰ ਪਹੁੰਚ ਕੇ ਮਿਰਜ਼ਾ ਬੇਗ ਦੀ ਅਗਵਾਈ ਹੇਠ ਇਕ ਵਿਸ਼ਾਲ ਸੈਨਾ ਪਹਾੜੀ ਰਾਜਿਆਂ ਦੇ ਵਿਰੁੱਧ ਭੇਜੀ ।ਉਹ ਪਹਾੜੀ ਰਾਜਾਂ ਨੂੰ ਹਾਰ ਦੇਣ ਵਿਚ ਸਫਲ ਹੋ ਗਿਆ।

**40 .ਗੁਰੂ ਗੋਬਿੰਦ ਸਿੰਘ ਜੀ ਦੀਆਂ ਉੱਤਰ-ਖਾਲਸਾ ਕਾਲ ਦੀਆਂ ਲੜਾਈਆਂ ਦਾ ਹਾਲ ਲਿਖੋ ।**

ਉੱਤਰ- ਖ਼ਾਲਸਾ ਦੀ ਸਥਾਪਨਾ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ -ਜੋਤ ਸਮਾਉਣ ਤੱਕ ਦੇ ਸਮੇਂ ਨੂੰ ਉੱਤਰ -ਖਾਲਸਾ ਕਾਲ ਕਿਹਾ ਜਾਂਦਾ ਹੈ ਇਸ ਕਾਲ ਵਿਚ ਗੁਰੂ ਸਾਹਿਬ ਜ਼ਿਆਦਾਤਰ ਯੁੱਧਾਂ ਵਿਚ ਹੀ ਲੱਗੇ ਰਹੇ।

**1.ਆਨੰਦਪੁਰ ਸਾਹਿਬ ਦਾ ਪਹਿਲਾ ਯੁੱਧ 1701 ਈਸਵੀ**- ਖ਼ਾਲਸਾ ਪੰਥ ਦੀ ਸਥਾਪਨਾ ਨਾਲ ਪਹਾੜੀ ਰਾਜੇ ਘਬਰਾ ਗਏ ।ਖ਼ਾਲਸਾ ਦੇ ਸਿਧਾਂਤ ਵੀ ਪਹਾੜੀ ਰਾਜਿਆਂ ਦੇ ਧਰਮ ਦੇ ਖ਼ਿਲਾਫ਼ ਸਨ। ਇਸ ਲਈ ਬਿਲਾਸਪੁਰ ਦੇ ਰਾਜਾ ਭੀਮ ਚੰਦ ਨੇ ਕਿਹਾ ਕਿ ਜਾਂ ਤਾਂ ਗੁਰੂ ਜੀ ਆਨੰਦਪੁਰ ਸਾਹਿਬ ਛੱਡ ਦੇਣ ਜਾਂ ਫਿਰ ਜਿੰਨ੍ਹਾਂ ਸਮਾਂ ਉਹ ਉੱਥੇ ਰਹੇ ਸਨ ਉਸ ਦਾ ਬਣਦਾ ਕਿਰਾਇਆ ਦੇਣ। ਗੁਰੂ ਜੀ ਨੇ ਇਸ ਮੰਗ ਨੂੰ ਠੁਕਰਾ ਦਿੱਤਾ। ਸਿੱਟੇ ਵਜੋਂ 1701 ਈਸਵੀ ਨੂੰ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ।ਗੁਰੂ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਹੋਰ ਸਿੱਖਾਂ ਨੇ ਵੈਰੀ ਦਾ ਬਹੁਤ ਸਾਰਾ ਨੁਕਸਾਨ ਕੀਤਾ। ਸਿੱਟੇ ਵਜੋਂ ਨਿਰਾਸ਼ ਹੋ ਕੇ ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਸਮਝੌਤਾ ਕਰਨਾ ਚਾਹਿਆ ।ਗੁਰੂ ਜੀ ਪਹਾੜੀ ਰਾਜਿਆਂ ਨਾਲ ਪਹਿਲਾਂ ਹੀ ਲੜਨਾ ਨਹੀਂ ਚਾਹੁੰਦੇ ਸਨ, ਉਨ੍ਹਾਂ ਨਾਲ ਸਮਝੌਤਾ ਕਰ ਲਿਆ। ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਗੁਰੂ ਜੀ ਆਨੰਦਪੁਰ ਸਾਹਿਬ ਛੱਡ ਕੇ ਕੀਰਤਪੁਰ ਸਾਹਿਬ ਦੇ ਨੇੜੇ ਨਿਰਮੋਹ ਵਿਖੇ ਚਲੇ ਗਏ ।

**2.ਨਿਰਮੋਹ ਦਾ ਯੁੱਧ,1702 ਈਸਵੀ**- ਰਾਜਾ ਭੀਮ ਚੰਦ ਨੇ ਮਹਿਸੂਸ ਕੀਤਾ ਕਿ ਸਿੱਖਾਂ ਦੀ ਸ਼ਕਤੀ ਨੂੰ ਖ਼ਤਮ ਕਰਨਾ ਅਸੰਭਵ ਹੈ। ਉਨ੍ਹਾਂ ਦੀ ਸ਼ਕਤੀ ਨੂੰ ਖ਼ਤਮ ਕਰਨ ਲਈ ਉਸ ਨੇ ਮੁਗਲ ਸਰਕਾਰ ਤੋਂ ਸਹਾਇਤਾ ਦੀ ਮੰਗ ਕੀਤੀ। ਸਿੱਟੇ ਵਜੋਂ 1702 ਈਸਵੀ ਦੇ ਸ਼ੁਰੂ ਵਿੱਚ ਇੱਕ ਪਾਸਿਓਂ ਰਾਜਾ ਭੀਮ ਚੰਦ ਦੀ ਸੈਨਾ ਨੇ ਅਤੇ ਦੂਸਰੇ ਪਾਸਿਉਂ ਸਰਹਿੰਦ ਦੇ ਸੂਬੇਦਾਰ ਦੀ ਕਮਾਨ ਹੇਠ ਮੁਗ਼ਲ ਸੈਨਾ ਨੇ ਨਿਰਮੋਹ 'ਤੇ ਹਮਲਾ ਕਰ ਦਿੱਤਾ ।ਨੇੜੇ ਦੇ ਗੁੱਜਰਾਂ ਨੇ ਹਮਲਾਵਰਾਂ ਦਾ ਸਾਥ ਦਿੱਤਾ। ਅੱਗੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਿੱਖ ਵੀ ਯੁੱਧ ਲਈ ਤਿਆਰ ਸਨ ।ਸਿੱਖਾਂ ਨੇ ਬੜੀ ਬਹਾਦਰੀ ਨਾਲ ਵੈਰੀ ਦਾ ਟਾਕਰਾ ਕੀਤਾ ।ਇੱਕ ਰਾਤ ਅਤੇ ਇੱਕ ਦਿਨ ਲੜਾਈ ਹੁੰਦੀ ਰਹੀ। ਅੰਤ ਨੂੰ ਗੁਰੂ ਜੀ ਨੇ ਵੈਰੀ ਦੀ ਫ਼ੌਜ ਨੂੰ ਹਰਾ ਕੇ ਭੱਜਣ ਲਈ ਮਜਬੂਰ ਕਰ ਦਿੱਤਾ ।

**3.ਸਤਲੁਜ ਦੀ ਲੜਾਈ,1702ਈਸਵੀ**- ਭਾਵੇਂ ਗੁਰੂ ਜੀ ਨੇ ਨਿਰਮੋਹ ਦੀ ਲੜਾਈ ਵਿੱਚ ਜਿੱਤ ਪ੍ਰਾਪਤ ਕਰ ਲਈ ਸੀ ਪਰ ਫਿਰ ਵੀ ਗੁਰੂ ਜੀ ਨੇ ਨਿਰਮੋਹ ਨੂੰ ਛੱਡਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਸਤਲੁਜ ਨਦੀ ਨੂੰ ਪਾਰ ਹੀ ਨਹੀਂ ਕੀਤਾ ਸੀ ਕਿ ਵੈਰੀ ਦੀ ਸੈਨਾ ਨੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ।ਗੁਰੂ ਜੀ ਦੀ ਫੌਜ ਨੇ ਵੈਰੀ ਦਾ ਡਟ ਕੇ ਮੁਕਾਬਲਾ ਕੀਤਾ। ਲਗਪਗ ਚਾਰ ਘੰਟੇ ਲੜਾਈ ਹੋਈ ।ਇਸ ਲੜਾਈ ਵਿੱਚ ਗੁਰੂ ਜੀ ਹੀ ਜੇਤੂ ਰਹੇ ।

**4.ਬਸੌਲੀ ਦਾ ਯੁੱਧ,1702 ਈਸਵੀ**- ਸਤਲੁਜ ਨਦੀ ਨੂੰ ਪਾਰ ਕਰਕੇ ਗੁਰੂ ਜੀ ਅਤੇ ਸਿੱਖ ਬਸੌਲੀ ਵਿਖੇ ਚਲੇ ਗਏ ।ਰਾਜਾ ਭੀਮ ਚੰਦ ਦੀ ਸੈਨਾ ਨੇ ਗੁਰੂ ਜੀ ਦੀ ਸੈਨਾ ਦਾ ਪਿੱਛਾ ਕੀਤਾ। ਪਰ ਗੁਰੂ ਜੀ ਨੇ ਉਨ੍ਹਾਂ ਨੂੰ ਫਿਰ ਹਰਾ ਦਿੱਤਾ ਕਿਉਂਕਿ ਬਸੌਲੀ ਅਤੇ ਜਸਵਾਨ ਦੇ ਰਾਜੇ ਗੁਰੂ ਜੀ ਦੇ ਮਿੱਤਰ ਸਨ।ਇਸ ਲਈ ਭੀਮ ਚੰਦ ਨੇ ਗੁਰੂ ਜੀ ਨਾਲ ਸਮਝੌਤਾ ਕਰਨਾ ਹੀ ਠੀਕ ਸਮਝਿਆ। ਇਹ ਸੰਧੀ1702 ਈਸਵੀ ਦੇ ਮੱਧ ਵਿਚ ਹੋਈ। ਸਿੱਟੇ ਵਜੋਂ ਗੁਰੂ ਜੀ ਫਿਰ ਆਨੰਦਪੁਰ ਸਾਹਿਬ ਵਿੱਚ ਜਾ ਕੇ ਰਹਿਣ ਲੱਗੇ ।ਇਸ ਪਿੱਛੋਂ ਦੋ ਸਾਲ ਗੁਰੂ ਜੀ ਨੂੰ ਹੋਰ ਕੋਈ ਲੜਾਈ ਨਾ ਲੜਨੀ ਪਈ।

**5.ਅਨੰਦਪੁਰ ਸਾਹਿਬ ਦਾ ਦੂਜਾ ਯੁੱਧ,1704ਈਸਵੀ**- ਗੁਰੂ ਜੀ ਦੀ ਵਧਦੀ ਹੋਈ ਸ਼ਕਤੀ ਨੂੰ ਦੇਖ ਕੇ ਪਹਾੜੀ ਰਾਜੇ ਫਿਰ ਉਨ੍ਹਾਂ ਨਾਲ ਈਰਖਾ ਕਰਨ ਲੱਗੇ ਉਨ੍ਹਾਂ ਦੇ ਬਣੇ ਸੰਘ ਨੇ ਗੁਰੂ ਜੀ ਨੂੰ ਆਨੰਦਪੁਰ ਸਾਹਿਬ ਛੱਡ ਕੇ ਜਾਣ ਲਈ ਕਿਹਾ। ਜਦੋਂ ਗੁਰੂ ਜੀ ਨੇ ਉਨ੍ਹਾਂ ਦੀ ਮੰਗ ਠੁਕਰਾ ਦਿੱਤੀ ਤਾਂ ਉਨ੍ਹਾਂ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ ।ਪਰ ਗੁਰੂ ਜੀ ਨੇ ਉਨ੍ਹਾਂ ਨੂੰ ਹਰਾ ਕੇ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ।ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨੇ ਮੁਗ਼ਲ ਸਰਕਾਰ ਤੋਂ ਸਹਾਇਤਾ ਮੰਗੀ। ਸਰਹਿੰਦ ਦਾ ਫੌਜਦਾਰ ਵਜ਼ੀਰ ਖਾਂ ਆਪਣੀ ਫ਼ੌਜ ਲੈ ਕੇ ਉੱਥੇ ਆ ਗਿਆ ।ਵਜ਼ੀਰ ਖਾਂ, ਪਹਾੜੀ ਰਾਜਿਆਂ ਅਤੇ ਰੰਘੜਾਂ ਨੇ ਮਿਲ ਕੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ ।ਸਿੱਖਾਂ ਨੇ ਕਿਲ੍ਹੇ ਦੇ ਅੰਦਰੋਂ ਹੀ ਵੈਰੀ ਦੀ ਫ਼ੌਜ ਦੇ ਧਾਵੇ ਨੂੰ ਅਸਫ਼ਲ ਕਰ ਦਿੱਤਾ ।ਫਿਰ ਵੈਰੀ ਨੇ ਆਨੰਦਪੁਰ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਸਿੱਟੇ ਵਜੋਂ ਸਿੱਖਾਂ ਨੂੰ ਹੋਰ ਸਮਾਂ ਯੁੱਧ ਜਾਰੀ ਰੱਖਣਾ ਅਸੰਭਵ ਹੋ ਗਿਆ। ਸਿੱਖਾਂ ਨੇ ਆਨੰਦਪੁਰ ਸਾਹਿਬ ਛੱਡ ਕੇ ਜਾਣਾ ਚਾਹਿਆ ਪਰ ਗੁਰੂ ਜੀ ਨਾ ਮੰਨੇ ਇਸ ਲਈ ਚਾਲੀ ਸਿੱਖ ਆਪਣਾ 'ਬੇਦਾਵਾ' ਲਿਖ ਕੇ ਗੁਰੂ ਜੀ ਦਾ ਸਾਥ ਛੱਡ ਗਏ। ਅੰਤ 21ਦਸੰਬਰ 1704 ਈਸਵੀ ਨੂੰ ਮਾਤਾ ਗੁਜਰੀ ਜੀ ਦੇ ਕਹਿਣ ਤੇ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡ ਦਿੱਤਾ।

**6.ਸ਼ਾਹੀ ਟਿੱਬੀ ਦਾ ਯੁੱਧ-** ਜਿਵੇਂ ਹੀ ਮੁਗਲਾਂ ਨੂੰ ਪਤਾ ਲੱਗਿਆ ਕਿ ਸਿੱਖਾਂ ਨੇ ਆਨੰਦਪੁਰ ਸਾਹਿਬ ਨੂੰ ਖਾਲੀ ਕਰ ਦਿੱਤਾ ਹੈ ਤਾਂ ਮੁਗਲਾਂ ਨੇ ਆਨੰਦਪੁਰ ਸਾਹਿਬ ਉੱਤੇ ਕਬਜ਼ਾ ਕਰ ਲਿਆ ।ਉਨ੍ਹਾਂ ਨੇ ਸਿੱਖਾਂ ਦਾ ਪਿੱਛਾ ਵੀ ਕੀਤਾ ।ਗੁਰੂ ਜੀ ਨੇ ਆਪਣੇ ਸਿੱਖ ਉਦੈ ਸਿੰਘ ਨੂੰ ਹੁਕਮ ਕੀਤਾ ਕਿ ਉਹ ਵੈਰੀ ਨੂੰ ਰੋਕੇ । ਉਸ ਨੇ ਆਪਣੇ 50 ਸਾਥੀਆਂ ਨਾਲ ਵੈਰੀ ਦੀ ਵਿਸ਼ਾਲ ਸੈਨਾ ਦਾ ਸ਼ਾਹੀ ਟਿੱਬੀ ਦੇ ਸਥਾਨ 'ਤੇ ਡਟ ਕੇ ਮੁਕਾਬਲਾ ਕੀਤਾ ।ਭਾਵੇਂ ਉਹ ਸਾਰੇ ਜਣੇ ਸ਼ਹੀਦ ਹੋ ਗਏ ਪਰ ਉਨ੍ਹਾਂ ਨੇ ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ।

**7.ਸਰਸਾ ਦੀ ਲੜਾਈ-** ਜਦੋਂ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀ ਸਰਸਾ ਨਦੀ 'ਤੇ ਪੁੱਜੇ ਤਾਂ ਵੈਰੀ ਦੀ ਸੈਨਾ ਉਨ੍ਹਾਂ ਦੇ ਨੇੜੇ ਪੁੱਜ ਚੁੱਕੀ ਸੀ। ਗੁਰੂ ਜੀ ਨੇ ਆਪਣੇ ਇਕ ਸਿੱਖ ਜੀਵਨ ਸਿੰਘ ਰੰਘਰੇਟਾ (ਭਾਈ ਜੈਤਾ ਜੀ) ਨੂੰ ਅਤੇ 100 ਕੁ ਸਿੱਖਾਂ ਨੂੰ ਵੈਰੀ ਦਾ ਮੁਕਾਬਲਾ ਕਰਨ ਲਈ ਪਿੱਛੇ ਛੱਡ ਦਿੱਤਾ। ਉਨ੍ਹਾਂ ਸਿੰਘਾਂ ਨੇ ਵੈਰੀ ਨਾਲ ਡੱਟ ਕੇ ਮੁਕਾਬਲਾ ਕੀਤਾ। ਉਸ ਲੜਾਈ ਵਿੱਚ ਵੈਰੀ ਦਾ ਬਹੁਤ ਸਾਰਾ ਨੁਕਸਾਨ ਵੀ ਹੋਇਆ ।ਉਸ ਸਮੇਂ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਬਹੁਤ ਸਾਰੇ ਸਿੱਖ ਨਦੀ ਵਿੱਚ ਡੁੱਬ ਗਏ ਅਤੇ ਬਹੁਤ ਸਾਰਾ ਅਨਮੋਲ ਸਾਹਿਤ ਵੀ ਉਸ ਨਦੀ ਵਿਚ ਰੁੜ੍ਹ ਗਿਆ। ਇਸ ਭੱਜ-ਦੌੜ ਵਿੱਚ ਬਹੁਤ ਸਾਰੇ ਸਿੱਖ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਉਨ੍ਹਾਂ ਤੋਂ ਵਿੱਛੜ ਗਏ ।

**8.ਚਮਕੌਰ ਸਾਹਿਬ ਦਾ ਯੁੱਧ,1705 ਈਸਵੀ**- ਸਰਸਾ ਨਦੀ ਨੂੰ ਪਾਰ ਕਰਨ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦੇ ਕੁਝ ਸਿੱਖ ਅਤੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਘਨੌਲਾ ਅਤੇ ਕੋਟਲਾ ਨਿਹੰਗ ਖਾਂ ਹੁੰਦੇ ਹੋਏ ਚਮਕੌਰ ਸਾਹਿਬ ਪੁੱਜੇ ।ਉਸ ਸਮੇਂ ਉਨ੍ਹਾਂ ਨਾਲ ਕੇਵਲ ਚਾਲੀ ਸਿੱਖ ਸਨ। ਉਨ੍ਹਾਂ ਨੇ ਉਥੇ ਇਕ ਕੱਚੀ ਗੜ੍ਹੀ ਵਿੱਚ ਜਾ ਸ਼ਰਨ ਲਈ ।ਜਦੋਂ ਉਨ੍ਹਾਂ ਉੱਤੇ ਵੈਰੀ ਦੀ ਸੈਨਾ ਨੇ ਹਮਲਾ ਕੀਤਾ ਤਾਂ ਉਨ੍ਹਾਂ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ ।ਗੁਰੂ ਸਾਹਿਬ ਦੇ ਦੋਹਾਂ ਸਾਹਿਬਜ਼ਾਦਿਆਂ ਨੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ ।ਅੰਤ ਨੂੰ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਉਹ ਸ਼ਹੀਦੀ ਪ੍ਰਾਪਤ ਕਰ ਗਏ । ਪੰਜ ਪਿਆਰਿਆਂ ਵਿਚੋਂ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਵੀ ਇੱਥੇ ਹੀ ਸ਼ਹੀਦੀ ਪਾ ਗਏ ।ਅੰਤ ਨੂੰ ਗੁਰੂ ਜੀ ਦੇ ਚਾਲੀ ਸਿੰਘਾਂ ਵਿੱਚੋਂ ਕੇਵਲ ਪੰਜ ਸਿੰਘ ਰਹਿ ਗਏ। ਉਨ੍ਹਾਂ ਨੇ ਹੁਕਮਨਾਮਾ ਦੇ ਰੂਪ ਵਿੱਚ ਗੁਰੂ ਜੀ ਨੂੰ ਚਮਕੌਰ ਸਾਹਿਬ ਛੱਡ ਜਾਣ ਤੇ ਮਜਬੂਰ ਕਰ ਦਿੱਤਾ ।ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਉਨ੍ਹਾਂ ਨਾਲ ਗੜ੍ਹੀ ਤੋਂ ਬਾਹਰ ਚਲੇ ਗਏ ।ਬਾਕੀ ਦੇ ਸਿੰਘ ਲੜਦੇ-ਲੜਦੇ ਉੱਥੇ ਹੀ ਸ਼ਹੀਦ

ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਾ, ਆਲਮਗੀਰ, ਦੀਨਾ ਅਤੇ ਕਾਂਗੜ ਥਾਂਵਾਂ 'ਤੇ ਹੁੰਦੇ ਹੋਏ ਖਿਦਰਾਣੇ ਦੀ ਢਾਬ ਵੱਲ ਚਲੇ ਗਏ।

**9.ਖਿਦਰਾਣਾ (ਸ੍ਰੀ ਮੁਕਤਸਰ ਸਾਹਿਬ) ਦਾ ਯੁੱਧ,1705 ਈਸਵੀ**- ਚਮਕੌਰ ਸਾਹਿਬ ਤੋਂ ਚੱਲ ਕੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ 'ਤੇ ਪੁੱਜੇ ਤਾਂ ਉਸ ਸਮੇਂ ਤੱਕ ਉਨ੍ਹਾਂ ਨਾਲ ਬੇਸ਼ੁਮਾਰ ਸਿੱਖ ਰਲ ਗਏ ਸਨ। ਜਿਹੜੇ ਸਿੰਘ ਆਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੂੰ ਬੇਦਾਵਾ ਦੇ ਗਏ ਸਨ ਉਹ ਵੀ ਉੱਥੇ ਪੁੱਜ ਗਏ ਸਨ।ਉਨ੍ਹਾਂ ਨਾਲ ਮਾਈ ਭਾਗੋ ਖ਼ਾਸ ਤੌਰ 'ਤੇ ਗੁਰੂ ਜੀ ਦੇ ਪੱਖ ਵਿਚ ਲੜਨ ਲਈ ਉਥੇ ਪੁੱਜੀ ਸੀ। ਉਸ ਸਮੇਂ ਗੁਰੂ ਜੀ ਕੋਲ ਲਗਪਗ 2000 ਸਿੱਖ ਸੈਨਿਕ ਸਨ। ਦੂਜੇ ਪਾਸੇ 10,000 ਸੈਨਿਕਾਂ ਦੀ ਵਿਸ਼ਾਲ ਸੈਨਾ ਲੈ ਕੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਉੱਥੇ ਪੁੱਜਾ । 29 ਦਸੰਬਰ,1705 ਈਸਵੀ ਵਿੱਚ ਖਿਦਰਾਣਾ ਦੀ ਢਾਬ ਉੱਤੇ ਘਮਸਾਨ ਦਾ ਯੁੱਧ ਹੋਇਆ ਇਸ ਯੁੱਧ ਵਿੱਚ ਵੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਅਦੁੱਤੀ ਬਹਾਦਰੀ ਦਾ ਸਬੂਤ ਦਿੱਤਾ ਤਾਂ ਉਨ੍ਹਾਂ ਨੇ ਦੁਸ਼ਮਣ ਦੇ ਆਹੂ ਲਾਹੇ। ਉੱਥੇ ਪਾਣੀ ਦੀ ਘਾਟ ਹੋਣ ਕਰਕੇ ਮੁਗਲਾਂ ਲਈ ਲੜਨਾ ਬੜਾ ਔਖਾ ਸੀ ।ਸਿੱਟੇ ਵਜੋਂ ਮੁਗਲਾਂ ਨੂੰ ਹਾਰ ਕੇ ਭੱਜ ਜਾਣਾ ਪਿਆ ਜਿਵੇਂ ਮਾਈ ਭਾਗੋ ਬੁਰੀ ਤਰ੍ਹਾਂ ਜ਼ਖ਼ਮੀ ਹੋਈ ਅਤੇ ਉਨ੍ਹਾਂ ਦੇ ਬੇਦਾਵਾ ਵਾਲੇ ਚਾਲੀ ਸਿੰਘ ਸ਼ਹੀਦ ਹੋ ਗਏ ।ਪਰ ਜਿੱਤ ਗੁਰੂ ਜੀ ਦੀ ਹੀ ਹੋਈ। ਗੁਰੂ ਜੀ ਨੇ ਚਾਲੀ ਸਿੰਘਾਂ ਦੀ ਬਹਾਦਰੀ ਵੇਖ ਕੇ ਉਨ੍ਹਾਂ ਦੇ ਮੁਖੀ ਭਾਈ ਮਹਾਂ ਸਿੰਘ ਦੇ ਸਾਹਮਣੇ ਉਨ੍ਹਾਂ ਵੱਲੋਂ ਦਿੱਤਾ ਬੇਦਾਵਾ ਪਾੜ ਦਿੱਤਾ ।ਉਨ੍ਹਾਂ ਸਿੱਖਾਂ ਨੂੰ ਹੁਣ ਇਤਿਹਾਸ ਵਿੱਚ 'ਚਾਲੀ ਮੁਕਤੇ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਯਾਦ ਵਿਚ ਹੀ ਖਿਦਰਾਣੇ ਦੀ ਢਾਬ ਦਾ ਨਾਂ ਮੁਕਤਸਰ ਪੈ ਗਿਆ ।

**41.ਗੁਰੂ ਗੋਬਿੰਦ ਸਿੰਘ ਜੀ ਦੀ ਸਖਸ਼ੀਅਤ ਬਾਰੇ ਨੋਟ ਲਿਖੋ ।**

ਉੱਤਰ-1.ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਮਹਾਨ ਬਹਾਦਰ ਯੋਧਾ ਸ਼ਖ਼ਸੀਅਤ ਦੇ ਮਾਲਕ ਮੰਨੇ ਜਾਂਦੇ ਹਨ।

2. ਉਹ ਉੱਚ-ਕੋਟੀ ਦੇ ਮਨੁੱਖ, ਉੱਤਮ ਸੰਗਠਕ, ਬਹਾਦਰ ਯੋਧਾ, ਮਹਾਨ ਵਿਦਵਾਨ ਅਤੇ ਉੱਚ ਕੋਟੀ ਦੇ ਕਵੀ ਅਤੇ ਮਹਾਨ ਅਧਿਆਤਮਕ ਨੇਤਾ ਸਨ ।

3.ਉਹ ਸ਼ਸਤਰ ਪਹਿਨ ਕੇ ਰੱਖਦੇ ਅਤੇ ਉਨ੍ਹਾਂ ਦੀ ਦਸਤਾਰ ਉੱਪਰ ਕਲਗੀ ਹੁੰਦੀ ਸੀ। ਉਨ੍ਹਾਂ ਦੇ ਹੱਥ ਵਿਚ ਇਕ ਬਾਜ਼ ਹੁੰਦਾ ਸੀ। ਇਸ ਲਈ ਉਨ੍ਹਾਂ ਨੂੰ 'ਕਲਗੀਧਰ ਦਸਮੇਸ਼' ਜਾਂ 'ਚਿੱਟਿਆਂ ਬਾਜਾਂ ਵਾਲਾ' ਕਹਿ ਕੇ ਯਾਦ ਕੀਤਾ ਜਾਂਦਾ ਹੈ।

4.ਗੁਰੂ ਜੀ ਵਿੱਚ ਅਸਾਧਾਰਨ ਦਲੇਰੀ, ਨਿਡਰਤਾ ਅਤੇ ਆਤਮ ਵਿਸਵਾਸ਼ ਸੀ। ਉਨ੍ਹਾਂ ਨੇ ਪਹਾੜੀ ਰਾਜਿਆਂ ਤੇ ਮੁਗ਼ਲਾਂ ਨਾਲ ਲੜਦਿਆਂ ਅਦਭੁੱਤ ਦਲੇਰੀ, ਬਹਾਦਰੀ ਅਤੇ ਨਿਡਰਤਾ ਦਾ ਸਬੂਤ ਦਿੱਤਾ। ਉਨ੍ਹਾਂ ਨੇ ਬਿਨਾਂ ਕਿਸੇ ਡਰ ਦੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਵਰਗਾ ਖ਼ਤ ਲਿਖਿਆ ।

5.ਗੁਰੂ ਜੀ ਬਲੀਦਾਨ ਦੀ ਮੂਰਤ ਸਨ। ਉਨ੍ਹਾਂ ਨੇ ਆਪਣੇ ਪਿਤਾ, ਚਾਰੇ ਪੁੱਤਰ, ਮਾਤਾ ਅਤੇ ਆਪਣੇ ਪਿਆਰੇ ਸਿੱਖਾਂ ਨੂੰ ਧਰਮ ਤੋਂ ਕੁਰਬਾਨ ਕਰ ਦਿੱਤਾ।

6.ਗੁਰੂ ਸਾਹਿਬ ਲੋਕਾਂ ਨਾਲ ਨਿਮਰਤਾ ਅਤੇ ਪ੍ਰੇਮ ਦਾ ਵਰਤਾਓ ਕਰਦੇ ਸਨ। ਉਨ੍ਹਾਂ ਨੂੰ ਕਿਸੇ ਕਿਸਮ ਦਾ ਵੀ ਹੰਕਾਰ ਨਹੀਂ ਸੀ ।ਉਹ ਆਪਣੇ ਆਪ ਨੂੰ ਰੱਬ ਦਾ ਸੱਚਾ ਸੇਵਕ ਸਮਝਦੇ ਸਨ।

7. ਗੁਰੂ ਸਾਹਿਬ ਦੇ ਉਦਾਰ ਅਤੇ ਸਹਿਨਸ਼ੀਲ ਹੋਣ ਕਾਰਨ ਹੀ ਪੀਰ ਮੁਹੰਮਦ ਬੁੱਧੂ ਸ਼ਾਹ, ਨਿਹੰਗ ਖਾਂ, ਨਬੀ ਖਾਂ ਅਤੇ ਗਨੀ ਖਾਂ ਵਰਗੇ ਮੁਸਲਮਾਨ ਗੁਰੂ ਜੀ ਦੇ ਮਿੱਤਰ ਸਨ । ਗੁਰੂ ਜੀ ਦੀ ਸੈਨਾ ਵਿੱਚ ਵੀ ਮੁਸਲਮਾਨ ਜਵਾਨ ਸਨ ।

8. ਗੁਰੂ ਗੋਬਿੰਦ ਸਿੰਘ ਜੀ ਨੂੰ ਪੰਜਾਬੀ, ਹਿੰਦੀ , ਸੰਸਕ੍ਰਿਤ , ਅਤੇ ਫਾਰਸੀ ਭਾਸ਼ਾ ਦਾ ਪੂਰਾ ਗਿਆਨ ਸੀ ! ਉਹ ਉੱਚ-ਕੋਟੀ ਦੇ ਕਵੀ ਵੀ ਸਨ। 'ਜਾਪੁ ਸਾਹਿਬ' , 'ਬਚਿੱਤਰ ਨਾਟਕ' , 'ਜ਼ਫਰਨਾਮਾ' , 'ਅਕਾਲ ਉਸਤਤ' , 'ਸ਼ਸ਼ਤਰ ਨਾਮ ਮਾਲਾ' , 'ਚੰਡੀ ਦੀ ਵਾਰ' ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ ।

9. ਗੁਰੂ ਗੋਬਿੰਦ ਸਿੰਘ ਜੀ ਇੱਕ ਉੱਤਮ ਸੰਗਠਕ ਸਨ । ਇਸ ਗੱਲ ਦਾ ਸਭ ਤੋਂ ਵੱਡਾ ਪ੍ਰਮਾਣ ਗੁਰੂ ਸਾਹਿਬ ਰਾਹੀਂ ਖਾਲਸਾ ਦੀ ਸਾਜਨਾ ਹੈ । ਸਿੱਟੇ ਵਜੋਂ ਨੀਂਵੀਆਂ ਜਾਤੀਆਂ ਨੂੰ ਨਵਾਂ ਜੀਵਨ ਮਿਲਿਆ । ਗੁਰੂ ਜੀ ਦੇ ਅਨੁਯਾਈਆਂ ਵਿੱਚ ਅਸਾਧਾਰਣ ਉਤਸ਼ਾਹ ਭਰਿਆ ਗਿਆ। ਜਿਨ੍ਹਾਂ ਲੋਕਾਂ ਨੇ ਕਦੇ ਤਲਵਾਰ ਦੀ ਮੁੱਠ ਨੂੰ ਹੱਥ ਨਹੀਂ ਸੀ ਲਾਇਆ , ਉਹ ਉੱਚ ਕੋਟੀ ਦੇ ਯੋਧੇ ਬਣ ਗਏ ।

10. ਉਹਨਾਂ ਨੇ ਲੋਕਤੰਤਰ ਦੇ ਨਿਯਮਾਂ ਨੂੰ ਪ੍ਰਚੱਲਤ ਕੀਤਾ ।

11.ਗੁਰੂ ਜੀ ਦੇ ਯੋਗ ਅਤੇ ਸਫ਼ਲ ਸੈਨਾ ਨਾਇਕ ਹੋਣ ਦਾ ਸਭ ਤੋਂ ਵੱਡਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਉਨ੍ਹਾਂ ਨੇ ਜੀਵਨ ਭਰ ਆਪਣੇ ਸੀਮਤ ਸਾਧਨਾਂ ਨਾਲ ਹੀ ਸ਼ਕਤੀਸ਼ਾਲੀ ਮੁਗ਼ਲ ਸੈਨਾ ਦਾ ਸਫ਼ਲਤਾਪੂਰਵਕ ਟਾਕਰਾ ਕੀਤਾ।

12. ਉਹ ਆਪਣੇ ਸਿੱਖਾਂ ਨੂੰ ਕਹਿੰਦੇ ਸਨ-ਸਰਬ ਉੱਚ ਈਸ਼ਵਰ ਦਾ ਜਾਪ ਕਰੋ, ਸ਼ੁੱਧ ਚਰਿੱਤਰ ਰੱਖੋ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚੋ।

13. ਗੁਰੂ ਗੋਬਿੰਦ ਸਿੰਘ ਜੀ ਆਪਣੇ ਪੁਰਖਾਂ ਵਾਂਗ ਸਿੱਖਾਂ ਦੇ ਮਹਾਨ ਧਾਰਮਿਕ ਨੇਤਾ ਜਾਂ ਗੁਰੂ ਸਨ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ।

**42. ਚਮਕੌਰ ਸਾਹਿਬ ਅਤੇ ਖਿਦਰਾਣੇ ਦੀ ਲੜਾਈ ਦਾ ਹਾਲ ਲਿਖੋ?**

ਉੱਤਰ-ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀਆਂ ਗਈਆਂ ਚਮਕੌਰ ਸਾਹਿਬ ਅਤੇ ਖਿਦਰਾਣੇ ਦੀਆਂ ਲੜਾਈਆਂ ਉੱਤਰ ਖਾਲਸਾ ਕਾਲ ਦੀਆਂ ਲੜਾਈਆਂ ਹਨ।

ਚਮਕੌਰ ਸਾਹਿਬ ਦਾ ਯੁੱਧ, 1705 ਈ : ਸਰਸਾ ਨਦੀ ਨੂੰ ਪਾਰ ਕਰਨ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਦੇ ਕੁੱਝ ਸਿੱਖ ਅਤੇ ਉਹਨਾਂ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ –ਘਨੌਲਾ ਅਤੇ ਕੋਟਲਾ ਨਿਹੰਗ ਖਾਂ ਹੁੰਦੇ ਹੋਏ ਚਮਕੌਰ ਸਾਹਿਬ ਪੁੱਜੇ। ਉਸ ਸਮੇਂ ਉਹਨਾਂ ਨਾਲ ਕੇਵਲ 40 ਸਿੱਖ ਸਨ। ਉਹਨਾਂ ਨੇ ਉਥੇ ਇੱਕ ਕੱਚੀ ਗੜ੍ਹੀ ਵਿੱਚ ਜਾ ਸ਼ਰਨ ਲਈ। ਜਦੋਂ ਉਹਨਾਂ ਉੱਤੇ ਵੈਰੀ ਦੀ ਸੈਨਾ ਨੇ ਹਮਲਾ ਕੀਤਾ , ਤਾਂ ਉਹਨਾਂ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ।ਗੁਰੂ ਸਾਹਿਬ ਦੇ ਦੋਹਾਂ ਸਾਹਿਬਜ਼ਾਦਿਆਂ ਨੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਅੰਤ ਨੂੰ ਵੈਰੀ ਦੇ ਆਹੂ ਲਾਹੁੰਦੇ ਹੋਏ ਉਹ ਸ਼ਹੀਦੀ ਪ੍ਰਾਪਤ ਕਰ ਗਏ। ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ - ਭਾਈ ਸਾਹਿਬ ਸਿੰਘ , ਭਾਈ ਮੋਹਕਮ ਸਿੰਘ ਅਤੇ ਭਾਈ ਹਿੰਮਤ ਸਿੰਘ- ਵੀ ਇੱਥੇ ਹੀ ਸ਼ਹੀਦੀ ਪਾ ਗਏ। ਅੰਤ ਨੂੰ ਗੁਰੂ ਜੀ ਦੇ 40 ਸਿੰਘਾਂ ਵਿਚੋਂ ਕੇਵਲ ਪੰਜ ਸਿੰਘ ਰਹਿ ਗਏ। ਉਹਨਾਂ ਨੇ ਹੁਕਮਨਾਮਾ ਦੇ ਰੂਪ ਵਿੱਚ ਗੁਰੂ ਜੀ ਨੂੰ ਚਮਕੌਰ ਸਾਹਿਬ ਛੱਡ ਜਾਣ ਤੇ ਮਜਬੂਰ ਕਰ ਦਿੱਤਾ। ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਉਹਨਾਂ ਨਾਲ ਗੜ੍ਹੀ ਤੋਂ ਬਾਹਰ ਚਲੇ ਗਏ। ਬਾਕੀ ਦੇ ਸਿੰਘ ਲੜਦੇ - ਲੜਦੇ ਉੱਥੇ ਹੀ ਸ਼ਹੀਦ ਹੋ ਗਏ। ਗੁਰੂ ਗੋਬਿੰਦ ਸਿੰਘ ਦੀ ਮਾਛੀਵਾੜਾ, ਆਲਮਗੀਰ, ਦੀਨਾ, ਕਾਂਗੜਾ ਥਾਵਾਂ 'ਤੇ ਹੁੰਦੇ ਹੋਏ ਖਿਦਰਾਣੇ ਦੀ ਢਾਬ ਵੱਲ ਚਲੇ ਗਏ।

ਖਿਦਰਾਣਾ (ਸ੍ਰੀ ਮੁਕਤਸਰ ਸਾਹਿਬ ) ਦਾ ਯੁੱਧ : ਚਮਕੌਰ ਸਾਹਿਬ ਤੋਂ ਚੱਲ ਕੇ ਜਦ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ 'ਤੇ ਪੁੱਜੇ ਤਾਂ ਉਸ ਸਮੇਂ ਤਕ ਉਹਨਾਂ ਨਾਲ ਬੇਸ਼ੁਮਾਰ ਸਿੱਖ ਰਲ ਗਏ ਸਨ। ਜਿਹੜੇ ਸਿੰਘ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੂੰ ਬੇਦਾਵਾ ਦੇ ਗਏ ਸਨ ਉਹ ਵੀ ਉੱਥੇ ਪੁੱਜ ਗਏ ਸਨ। ਉਹਨਾਂ ਨਾਲ ਮਾਈ ਭਾਗੋ ਖਾਸ ਤੌਰ 'ਤੇ ਗੁਰੂ ਜੀ ਦੇ ਪੱਖ ਵਿੱਚ ਲੜਨ ਲਈ ਉੱਥੇ ਪੁੱਜੀ ਸੀ। ਉਸ ਸਮੇਂ ਗੁਰੂ ਜੀ ਕੋਲ ਲਗਭਗ 2,000 ਸਿੱਖ ਸੈਨਿਕ ਸਨ। ਦੂਸਰੇ ਪਾਸੇ 10,000 ਸੈਨਿਕਾਂ ਦੀ ਵਿਸ਼ਾਲ ਸੈਨਾ ਲੈ ਕੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਉਥੇ ਪੁੱਜਾ। 29 ਦਸੰਬਰ , 1705 ਈ : ਵਿੱਚ ਖਿਦਰਾਣਾ ਦੀ ਢਾਬ ਉੱਤੇ ਘਮਸਾਣ ਦਾ ਯੁੱਧ ਹੋਇਆ। ਇਸ ਯੁੱਧ ਵਿੱਚ ਵੀ ਗੁਰੂ ਸਾਹਿਬ ਅਤੇ ਉਹਨਾਂ ਦੇ ਸਾਥੀਆਂ ਨੇ ਆਪਣੀ ਅਦੁੱਤੀ ਬਹਾਦਰੀ ਦਾ ਸਬੂਤ ਦਿੱਤਾ। ਉਹਨਾਂ ਦੇ ਦੁਸ਼ਮਣ ਦੇ ਆਹੂ ਵੀ ਲਾਹੇ। ਉੱਥੇ ਪਾਣੀ ਦੀ ਘਾਟ ਹੋਣ ਕਰਕੇ ਮੁਗਲਾਂ ਲਈ ਲੜਨਾ ਬੜਾ ਔਖਾ ਸੀ। ਸਿੱਟੇ ਵਜੋਂ ਮੁਗਲਾਂ ਨੂੰ ਹਾਰ ਕੇ ਭੱਜ ਜਾਣਾ ਪਿਆ। ਭਾਵੇਂ ਮਾਈ ਭਾਗੋਂ ਬੁਰੀ ਤਰ੍ਹਾਂ ਜ਼ਖਮੀ ਹੋਈ ਅਤੇ ਉਹਨਾਂ ਦੇ ਬੇਦਾਵਾ ਵਾਲੇ ਚਾਲੀ ਸਿੰਘ ਸ਼ਹੀਦ ਹੋ ਗਏ ਪਰ ਜਿੱਤ ਗੁਰੂ ਜੀ ਦੀ ਹੀ ਹੋਈ। ਗੁਰੂ ਜੀ ਨੇ ਚਾਲੀ ਸਿੰਘਾਂ ਦੀ ਬਹਾਦਰੀ ਦੇਖ ਕੇ ਉਹਨਾਂ ਦੇ ਮੁਖੀ ਭਾਈ ਮਹਾਂ ਸਿੰਘ ਦੇ ਸਾਹਮਣੇ ਉਹਨਾਂ ਵੱਲੋਂ ਦਿੱਤਾ ਬੇਦਾਵਾ ਪਾੜ ਦਿੱਤਾ। ਉਹਨਾਂ ਸਿੱਖਾਂ ਨੂੰ ਹੁਣ ਇਤਿਹਾਸ ਵਿੱਚ ' ਚਾਲੀ ਮੁਕਤੇ ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਹਨਾਂ ਦੀ ਯਾਦ ਵਿੱਚ ਹੀ ' ਖਿਦਰਾਣੇ ਦੀ ਢਾਬਾ ' ਦਾ ਨਾਂ ' ਮੁਕਤਸਰ ' ਪੈ ਗਿਆ।

**43.ਮਹਾਰਾਜਾ ਰਣਜੀਤ ਸਿੰਘ ਨੇ ਕਮਜ਼ੋਰ ਰਿਆਸਤਾਂ ਨੂੰ ਕਿਵੇਂ ਜਿੱਤਿਆ ?**

ਉੱਤਰ-ਮਹਾਰਾਜਾ ਰਣਜੀਤ ਸਿੰਘ ਨੇ ਸ਼ਕਤੀਸ਼ਾਲੀ ਮਿਸਲਾਂ ਨਾਲ ਮਿੱਤਰਤਾ ਗੰਢ ਲਈ ਅਤੇ ਉਹਨਾਂ ਦੀ ਸਹਾਇਤਾ ਨਾਲ ਕਮਜ਼ੋਰ ਮਿਸਲਾਂ ਨੂੰ ਆਪਣੇ ਅਧੀਨ ਕਰ ਲਿਆ।

1. ਡੱਲੇਵਾਲੀਆ ਮਿਸਲ 'ਤੇ ਅਧਿਕਾਰ- ਡੱਲੇਵਾਲੀਆ ਮਿਸਲ ਦਾ ਨੇਤਾ ਤਾਰਾ ਸਿੰਘ ਘੇਬਾ ਸੀ। ਜਦੋਂ ਤੱਕ ਉਹ ਜਿਉਂਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਨੇ ਉਸ ਮਿਸਲ 'ਤੇ ਕਬਜ਼ਾ ਨਹੀਂ ਕੀਤਾ। 1807 ਵਿੱਚ ਉਸਦੀ ਮੌਤ ਤੋਂ ਬਾਅਦ ਹੀ ਮਹਾਰਾਜਾ ਰਣਜੀਤ

ਸਿੰਘ ਨੇ ਰਾਹੋਂ 'ਤੇ ਹਮਲਾ ਕਰ ਦਿੱਤਾ। ਤਾਰਾ ਸਿੰਘ ਘੇਬਾ ਦੀ ਵਿਧਵਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਮੁਕਾਬਲਾ ਕੀਤਾ ਪਰ ਹਾਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਮਿਸਲ ਦੇ ਇਲਾਕਿਆਂ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ।

2.ਕਰੋੜ ਸਿੰਘੀਆ ਮਿਸਲ ਤੇ ਕਬਜ਼ਾ -1809 ਈ. ਵਿੱਚ ਕਰੋੜ ਸਿੰਘੀਆ ਮਿਸਲ ਦਾ ਸਰਦਾਰ ਬਘੇਲ ਸਿੰਘ ਚਲਾਣਾ ਕਰ ਗਿਆ। ਉਸ ਦੀ ਮੌਤ ਦਾ ਪਤਾ ਲੱਗਣ 'ਤੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਕਰੋੜ ਸਿੰਘੀਆ ਮਿਸਲ ਦੇ ਇਲਾਕੇ ਵੱਲ ਆਪਣੀ ਸੈਨਾ ਭੇਜ ਦਿੱਤੀ। ਬਘੇਲ ਸਿੰਘ ਦੀਆਂ ਵਿਧਵਾ ਪਤਨੀਆਂ (ਰਾਮ ਕੌਰ ਅਤੇ ਰਾਜ ਕੌਰ) ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਬਹੁਤਾ ਚਿਰ ਟਾਕਰਾ ਨਾ ਕਰ ਸਕੀਆਂ। ਸਿੱਟੇ ਵਜੋਂ ਉਸ ਮਿਸਲ ਦੇ ਨਵਾਂ ਸ਼ਹਿਰ, ਰੁੜਕਾ ਆਦਿ ਪ੍ਰਦੇਸ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਮਿਲ ਗਏ।

3.ਨਕੱਈ ਮਿਸਲ 'ਤੇ ਕਬਜ਼ਾ - 1807 ਈ. ਵਿੱਚ ਮਹਾਰਾਜਾ ਦੀ ਰਾਣੀ ਰਾਜ ਕੌਰ ਦਾ ਭਤੀਜਾ ਕਾਹਨ ਸਿੰਘ ਨੱਕਈ ਮਿਸਲ ਦਾ ਸਰਦਾਰ ਬਣਿਆ। ਮਹਾਰਾਜਾ ਨੇ ਉਸ ਨੂੰ ਕਈ ਵਾਰ ਆਪਣੇ ਰਾਜ ਵਿੱਚ ਹਾਜ਼ਰ ਹੋਣ ਲਈ ਸੱਦਾ ਭੇਜਿਆ। ਪਰ ਉਹ ਸਦਾ ਹੀ ਮਹਾਰਾਜਾ ਰਣਜੀਤ ਸਿੰਘ ਦੀ ਹੁਕਮ -ਅਦੂਲੀ ਕਰਦਾ ਰਿਹਾ। ਅੰਤ ਨੂੰ 1810 ਈ : ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮੋਹਕਮ ਚੰਦ ਦੀ ਆਗਵਾਈ ਵਿੱਚ ਉਸ ਵਿਰੁੱਧ ਸੈਨਾ ਭੇਜੀ। ਮੋਹਕਮ ਚੰਦ ਨੇ ਛੇਤੀ ਹੀ ਉਸ ਮਿਸਲ ਦੇ ਚੂਨੀਆਂ , ਸ਼ਰਕਪੁਰ , ਕੋਟ ਕਮਾਲੀਆ ਆਦਿ ਇਲਾਕਿਆਂ ਉੱਤ ਅਧਿਕਾਰ ਕਰ ਲਿਆ। ਕਾਹਨ ਸਿੰਘ ਨੂੰ ਗੁਜ਼ਾਰੇ ਲਈ 20,000 ਹਜ਼ਾਰ ਰੁਪਏ ਸਾਲਾਨਾ ਆਮਦਨ ਵਾਲੀ ਜਾਗੀਰ ਦਿੱਤੀ ਗਈ।

4. ਫੈਜ਼ਲਪੁਰੀਆ ਮਿਸਲ ਦੇ ਇਲਾਕਿਆਂ ਉੱਤੇ ਕਬਜ਼ਾ - 1811 ਈ : ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫੈਜ਼ਲਪੁਰੀਆ ਮਿਸਲ ਦੇ ਸਰਦਾਰ ਬੁੱਧ ਸਿੰਘ ਨੂੰ ਆਪਣੀ ਅਧੀਨਤਾ ਸਵੀਕਾਰ ਕਰਨ ਲਈ ਕਿਹਾ। ਉਸ ਦੇ ਇਨਕਾਰ ਕਰ ਦੇਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਮੋਹਕਮ ਚੰਦ ਦੀ ਅਗਵਾਈ ਵਿੱਚ ਆਪਣੀ ਸੈਨਾ ਭੇਜੀ। ਫਤਿਹ ਸਿੰਘ ਆਹਲੂਵਾਲੀਆ ਅਤੇ ਜੋਧ ਸਿੰਘ ਰਾਮਗੜ੍ਹੀਆ ਨੇ ਉਸ ਦਾ ਸਾਥ ਦਿੱਤਾ। ਬੁੱਧ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਟਾਕਰਾ ਨਾ ਕਰ ਸਕਿਆ ਅਤੇ ਉਸ ਨੇ ਭੱਜ ਕੇ ਜਾਨ ਬਚਾਈ। ਸਿੱਟੇ ਵਜੋਂ ਉਸ ਮਿਸਲ ਦੇ ਜਲੰਧਰ, ਬਹਿਰਾਮਪੁਰ, ਪੱਟੀ ਆਦਿ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਕਰ ਲਿਆ।

**44. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਦੀ ਆਜ਼ਾਦੀ ਲਈ ਕੀ-ਕੀ ਯਤਨ ਕੀਤੇ?**

ਉੱਤਰ:1. ਸ੍ਰੀ ਸਤਿਗੁਰ ਸਿੰਘ ਜੀ ਨੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਇੱਕ ਨਵੀਂ ਜਥੇਬੰਦੀ ਦੀ ਨੀਂਹ ਰੱਖੀ। ਇਨ੍ਹਾਂ ਦਾ ਉਦੇਸ਼ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਆਜ਼ਾਦੀ ਪ੍ਰਾਪਤ ਕਰਨਾ ਸੀ।

2.ਉਹਨਾਂ ਨੇ ਅੰਗਰੇਜ਼ਾਂ ਪ੍ਰਤੀ ਅਸਹਿਯੋਗ ਦੀ ਨੀਤੀ ਅਪਣਾਈ।

3. ਸਰਕਾਰੀ ਡਾਕ ਸਹੂਲਤਾਂ, ਵਿਦੇਸ਼ੀ ਕੱਪੜੇ, ਸਰਕਾਰੀ ਅਦਾਲਤਾਂ, ਸਕੂਲਾਂ ਅਤੇ ਕਾਲਜਾਂ ਦਾ ਬਾਈਕਾਟ ਕੀਤਾ।

4.ਉਹਨਾਂ ਨੇ ਕੂਕਿਆਂ ਨੂੰ ਫੌਜੀ ਸਿਖਲਾਈ ਦਿੱਤੀ।

5. ਪ੍ਰਚਾਰ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ੍ਰੀ ਸਤਿਗੁਰ ਰਾਮ ਸਿੰਘ ਜੀ ਨੇ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਨਾਮਧਾਰੀਆਂ ਦੀ ਇਹ ਕਾਰਵਾਈ ਵੀ ਅੰਗਰੇਜ਼ਾਂ ਨੂੰ ਡਰਾ ਰਹੀ ਸੀ।

6.ਅੰਗਰੇਜ਼ਾਂ ਨੇ ਥਾਂ-ਥਾਂ ਤੇ ਬੁੱਚੜਖਾਨੇ ਖੋਲ੍ਹ ਦਿੱਤੇ, ਪਰ ਨਾਮਧਾਰੀ ਸਿੱਖ ਗਊ ਰੱਖਿਆ ਕਰਦੇ ਅਤੇ ਬੁੱਚੜਾਂ ਨੂੰ ਮਾਰ ਦਿੰਦੇ।

7. ਸ੍ਰੀ ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹਰ ਤਰ੍ਹਾਂ ਦੇ ਤਸੀਹੇ ਅੰਗਰੇਜ਼ ਸਰਕਾਰ ਨੇ ਦਿੱਤੇ ਪਰ ਕੂਕਾ ਲਹਿਰ ਤਦ ਤੱਕ ਚੱਲਦੀ ਰਹੀ ਜਦੋਂ ਤਕ ਦੇਸ਼ ਆਜ਼ਾਦ ਨਹੀਂ ਹੋ ਗਿਆ।

**445ਆਰੀਆ ਸਮਾਜ ਨੇ ਪੰਜਾਬ ਵਿਖੇ ਆਜ਼ਾਦੀ ਦੀ ਜੰਗ ਵਿੱਚ ਕੀ ਹਿੱਸਾ ਪਾਇਆ?**

ਉੱਤਰ: ਸਵਾਮੀ ਦਯਾਨੰਦ ਸਰਸਵਤੀ ਆਰੀਆ ਸਮਾਜ ਦੇ ਬਾਨੀ ਸਨ। ਉਨ੍ਹਾਂ ਨੇ 1875 ਈ: ਵਿੱਚ ਆਰੀਆ ਸਮਾਜ ਕਾਇਮ ਕੀਤਾ। ਆਰੀਆ ਸਮਾਜ ਨੇ ਸਮਾਜਿਕ ਅਤੇ ਧਾਰਮਿਕ ਖੇਤਰ ਦੇ ਨਾਲ-ਨਾਲ ਅਜਾਦੀ ਦੀ ਲਹਿਰ ਵਿੱਚ ਵੀ ਵੱਡਮੁੱਲਾ ਹਿੱਸਾ ਪਾਇਆ:

1. ਆਰੀਆ ਸਮਾਜ ਨੇ ਅੰਗਰੇਜ਼ਾਂ ਵਿਰੁੱਧ ਨਾ- ਮਿਲਵਰਤਨ ਲਹਿਰ ਨੂੰ ਬਲ ਦਿੱਤਾ ਅਤੇ ਸਕੂਲ- ਕਾਲਜ ਖੋਲ੍ਹ ਕੇ ਸਵਦੇਸ਼ੀ ਲਹਿਰ ਨੂੰ ਜਨਮ ਦਿੱਤਾ।

2. ਸਵਾਮੀ ਦਯਾਨੰਦ ਸਰਸਵਤੀ ਨੇ ਪੰਜਾਬ ਵਿੱਚ ਪੰਜਾਬੀਆਂ ਦੇ ਕੌਮੀ ਜਜ਼ਬੇ ਨੂੰ ਜਗਾਇਆ।

3. ਸਵਾਮੀ ਦਯਾਨੰਦ ਸਰਸਵਤੀ ਨੇ ਭਾਰਤੀਆਂ ਨੂੰ ਆਪਣੇ ਦੇਸ਼ ਤੇ ਸੱਭਿਅਤਾ ਉੱਤੇ ਮਾਣ ਕਰਨ ਦੀ ਸਿੱਖਿਆ ਦਿੱਤੀ। ਇਸਦਾ ਅਸਰ ਵੀ ਪੰਜਾਬੀਆਂ ਉੱਤੇ ਪਿਆ। ਲਾਲਾ ਲਾਜਪਤ ਰਾਏ, ਸ.ਅਜੀਤ ਸਿੰਘ ਅਤੇ ਸ਼ਰਧਾ ਨੰਦ ਵਰਗੇ ਦੇਸ਼ ਭਗਤ ਆਰੀਆ ਸਮਾਜ ਦੀ ਹੀ ਦੇਣ ਹਨ।

4. ਆਰੀਆ ਸਮਾਜੀਆਂ ਦੀਆਂ ਰਾਜਨੀਤਿਕ ਗਤੀਵਿਧੀਆਂ ਨੂੰ ਦੇਖਦੇ ਹੋਏ ਅੰਗਰੇਜ਼ ਸਰਕਾਰ ਪੰਜਾਬ ਵਿੱਚ ਆਰੀਆ ਸਮਾਜੀਆਂ ਉੱਤੇ ਨਜ਼ਰ ਰੱਖਣ ਲੱਗੀ।

5. ਉਹਨਾਂ ਨੂੰ ਸਰਕਾਰੀ ਨੌਕਰੀਆ ਵਿੱਚ ਬਣਦੀ ਤਰੱਕੀ ਵੀ ਨਾ ਦਿੱਤੀ ਜਾਂਦੀ, ਪਰ ਫੇਰ ਵੀ ਆਰੀਆ ਸਮਾਜੀ ਪਿੱਛੇ ਨਾ ਹਟੇ।

6.ਆਰੀਆ ਸਮਾਜੀਆਂ ਦੇ ਅਖ਼ਬਾਰ ਵੀ ਪੰਜਾਬ ਦੀ ਆਜ਼ਾਦੀ ਦੀ ਲਹਿਰ ਵਿੱਚ ਪੂਰੀ ਤਰ੍ਹਾਂ ਸਰਗਰਮ ਰਹੇ।

**46 ਗ਼ਦਰ ਪਾਰਟੀ ਨੇ ਆਜ਼ਾਦੀ ਦੀ ਜੰਗ ਲਈ ਕੀ-ਕੀ ਯਤਨ ਕੀਤੇ?**

ਉੱਤਰ:ਗ਼ਦਰ ਪਾਰਟੀ ਦਾ ਜਨਮ 1913 ਈ: ਵਿੱਚ ਸਨਫਰਾਂਸਿਸਕੋ ਵਿਚ ਹੋਇਆ। ਇਸਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ। ਇਸ ਸੰਸਥਾ ਨੇ ਸਨਫਰਾਂਸਿਸਕੋ ਤੋਂ ਉਰਦੂ ਵਿੱਚ ਇੱਕ ਸਪਤਾਹਿਕ ਪੱਤਰ 'ਗ਼ਦਰ' ਛਾਪਣਾ ਸ਼ੁਰੂ ਕੀਤਾ। ਸੰਪਾਦਨਾ ਦਾ ਕੰਮ ਕਰਤਾਰ ਸਿੰਘ ਸਰਾਭਾ ਨੂੰ ਸੌਂਪਿਆ ਗਿਆ। ਇਸ ਅਖ਼ਬਾਰ ਦੇ ਕਾਰਨ ਇਸ ਸੰਸਥਾ ਦਾ ਨਾਂ 'ਗ਼ਦਰ ਪਾਰਟੀ' ਰੱਖਿਆ ਗਿਆ। ਇਸ ਸੰਸਥਾ ਦਾ ਉਦੇਸ਼ ਹਥਿਆਰਬੰਦ ਬਗਾਵਤ ਰਾਹੀ ਭਾਰਤ ਨੂੰ ਆਜ਼ਾਦ ਕਰਵਾਉਣਾ ਸੀ।ਇਸ ਲਈ ਇਸ ਪਾਰਟੀ ਨੇ ਹੇਠ ਲਿਖੀਆਂ ਕਾਰਵਾਈਆਂ ਕਰਨ ਦੇ ਸੁਝਾਅ ਰੱਖੇ:

1. ਸੈਨਾ ਵਿੱਚ ਬਗਾਵਤ ਦਾ ਪ੍ਰਚਾਰ।
2. ਅੰਗਰੇਜ਼ਾਂ ਦੇ ਪਿੱਠੂਆਂ ਦੀ ਹੱਤਿਆ ਕਰਨਾ।
3. ਜੇਲਾਂ ਤੋੜ੍ਹਨੀਆਂ।
4. ਸਰਕਾਰੀ ਖਜ਼ਾਨੇ ਅਤੇ ਥਾਣੇ ਲੁੱਟਣੇ।
5. ਕ੍ਰਾਂਤੀਕਾਰੀ ਸਾਹਿਤ ਛਾਪਣਾ ਅਤੇ ਵੰਡਣਾ।
6. ਅੰਗਰੇਜ਼ਾਂ ਦੇ ਦੁਸ਼ਮਣਾਂ ਦੀ ਸਹਾਇਤਾ ਕਰਨੀ।
7. ਹਥਿਆਰ ਇਕੱਠੇ ਕਰਨੇ।
8. ਬੰਬ ਬਣਾਉਣੇ।
9. ਰੇਲਵੇ, ਡਾਕ ਤੇ ਤਾਰ ਨੂੰ ਨੁਕਸਾਨ ਪਹੁੰਚਾਉਣਾ ਤੇ ਭੰਨਤੋੜ ਕਰਨੀ।
10. ਕ੍ਰਾਂਤੀਕਾਰੀਆਂ ਦਾ ਝੰਡਾ ਲਹਿਰਾਉਣਾ।
11. ਕ੍ਰਾਂਤੀਕਾਰੀ ਨੌਜਵਾਨਾਂ ਦੀ ਸੂਚੀ ਤਿਆਰ ਕਰਨਾ।

ਗ਼ਦਰ ਪਾਰਟੀ ਦੀ ਅਗਵਾਈ ਰਾਸ ਬਿਹਾਰੀ ਬੋਸ ਨੇ ਕੀਤੀ। ਰਾਸ ਬਿਹਾਰੀ ਬੋਸ ਨੇ ਥਾਂ -ਥਾਂ ਤੇ ਪ੍ਰਚਾਰਕ ਭੇਜ ਕੇ ਫੌਜੀਆਂ ਨੂੰ ਬਗਾਵਤ ਲਈ ਤਿਆਰ ਕੀਤਾ। ਕਰਤਾਰ ਸਿੰਘ ਸਰਾਭਾ ਨੇ 'ਗ਼ਦਰ' ਕੱਢਣ ਲਈ ਪ੍ਰੈੱਸ ਚਾਲੂ ਕਰਨੀ ਚਾਹੀ ਪਰ ਅਸਫ਼ਲ ਰਿਹਾ। ਫਿਰ ਵੀ ਉਹ 'ਗ਼ਦਰ ਗੂੰਜ' ਕੱਢਦਾ ਰਿਹਾ।ਆਜ਼ਾਦ ਭਾਰਤ ਲਈ ਇੱਕ ਝੰਡਾ ਤਿਆਰ ਕੀਤਾ ਗਿਆ ਜਿਸ ਨੂੰ ਸਭ ਥਾਵਾਂ ਤੇ ਕਰਤਾਰ ਸਿੰਘ ਸਰਾਭਾ ਨੇ ਹੀ ਵੰਡਿਆ। 46 ਕ੍ਰਾਂਤੀਕਾਰੀਆਂ ਨੂੰ ਫਾਂਸੀ ਹੋਈ।ਕਈ ਕ੍ਰਾਂਤੀਕਾਰੀਆਂ ਨੂੰ ਉਮਰ ਕੈਦ ਦਿੱਤੀ ਗਈ। ਪਰ ਅੰਤ ਵਿੱਚ ਇਹ ਲਹਿਰ ਨਾਕਾਮਯਾਬ ਰਹੀ।

**47.ਕਾਮਾਗਾਟਾ ਮਾਰੂ ਜਹਾਜ਼ ਦੀ ਦੁਰਘਟਨਾ ਦਾ ਵਰਣਨ ਕਰੋ।**

ਉੱਤਰ:ਅੰਗਰੇਜ਼ ਸਰਕਾਰ ਦੇ ਆਰਥਿਕ ਕਾਨੂੰਨਾਂ ਨੇ ਪੰਜਾਬੀ ਲੋਕਾਂ ਨੂੰ ਕਮਜ਼ੋਰ ਕਰ ਦਿੱਤਾ ਸੀ। ਸਿੱਟੇ ਵਜੋਂ ਪੰਜਾਬੀ ਲੋਕ ਰੋਟੀ ਰੋਜ਼ੀ ਦੀ ਭਾਲ ਵਿੱਚ ਵਿਦੇਸ਼ ਜਾਣ ਲੱਗੇ।ਪੰਜਾਬੀ ਲੋਕ ਕੈਨੇਡਾ ਵੀ ਪੁੱਜ ਰਹੇ ਸਨ। ਪਰ ਕੈਨੇਡਾ ਸਰਕਾਰ ਨੇ ਇੱਕ ਕਾਨੂੰਨ ਪਾਸ ਕੀਤਾ ਕਿ ਅੱਗੇ ਤੋਂ ਉਹੀ ਭਾਰਤੀ ਲੋਕ ਕੈਨੇਡਾ ਪੁੱਜ ਸਕਣਗੇ ਜਿਹੜੇ ਆਪਣੇ ਦੇਸ਼ ਦੀ ਕਿਸੇ ਬੰਦਰਗਾਹ ਤੋਂ ਬੈਠ ਕੇ ਕੈਨੇਡਾ ਆਉਣਗੇ। 24 ਜਨਵਰੀ 1913 ਈ: ਨੂੰ ਕੈਨੇਡਾ ਦੀ ਹਾਈ ਕੋਰਟ ਨੇ ਭਾਰਤੀਆਂ ਉਤੇ ਲੱਗੀਆਂ ਪਾਬੰਦੀਆ ਨੂੰ ਰੱਦ ਕਰ ਦਿੱਤਾ। ਪਰ ਕੋਈ ਵੀ ਜਹਾਜ਼ ਕੰਪਨੀ ਕੈਨੇਡਾ ਦੇ ਵਤੀਰੇ ਤੋਂ ਡਰਦੀ ਹੋਈ ਪੰਜਾਬੀ ਮੁਸਾਫ਼ਰਾਂ ਨੂੰ ਕੈਨੇਡਾ ਉਤਾਰਨ ਦੀ ਜ਼ਿੰਮੇਵਾਰੀ ਨਹੀਂ ਸੀ ਲੈ ਰਹੀ। ਉਸ ਸਮੇਂ ਪਿੰਡ ਸਰਹਾਲੀ ਦੇ ਬਾਬਾ ਗੁਰਦਿੱਤ ਸਿੰਘ ਨੇ ਜਾਪਾਨ ਤੋਂ ਕਾਮਾਗਾਟਾਮਾਰੂ ਜਹਾਜ਼ ਕਿਰਾਏ 'ਤੇ ਲੈ ਲਿਆ। ਭਾਰਤੀ ਮੁਸਾਫਰਾਂ ਨੂੰ ਲੈਂਦਾ ਹੋਇਆ ਕਾਮਾਗਾਟਾਮਾਰੂ ਜਹਾਜ਼ 23 ਮਈ, 1914 ਈ: ਨੂੰ ਵੈਨਕੂਵਰ ਦੀ ਬੰਦਰਗਾਹ ਉੱਤੇ ਜਾ ਪਹੁੰਚਾ, ਪਰ ਮੁਸਾਫ਼ਰਾਂ ਨੂੰ ਬੰਦਰਗਾਹ ਉੱਤੇ ਨਾ ਉਤਰਨ ਦਿੱਤਾ ਗਿਆ । ਅੰਤ ਨੂੰ ਭਾਰਤੀਆਂ ਨੇ ਵਾਪਸ ਜਾਣਾ ਮੰਨ ਲਿਆ। 23 ਜੁਲਾਈ ,1914 ਈ: ਨੂੰ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਤੋਂ ਭਾਰਤ ਵੱਲ ਵਾਪਸ ਚੱਲ ਪਿਆ। ਜਦੋਂ ਜਹਾਜ਼ ਹੁਗਲੀ ਦਰਿਆ ਵਿੱਚ ਪੁੱਜਾ ਤਾਂ ਲਾਹੌਰ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਉੱਥੇ ਪੁੱਜ ਗਿਆ। ਯਾਤਰੀਆਂ ਦੀ ਤਲਾਸ਼ੀ ਲੈਣ ਮਗਰੋਂ ਜਹਾਜ਼ ਨੂੰ ਬਜਬਜਘਾਟ ਤੇ ਖੜ੍ਹਾ ਕਰ ਦਿੱਤਾ ਗਿਆ ਅਤੇ

ਯਾਤਰੀਆਂ ਨੂੰ ਕਿਹਾ ਗਿਆ ਕਿ ਉਨ੍ਹਾਂ ਨੂੰ ਉਥੋਂ ਰੇਲ ਰਾਹੀਂ ਪੰਜਾਬ ਭੇਜਿਆ ਜਾਏਗਾ। ਉਨ੍ਹਾਂ ਨੂੰ ਜਹਾਜ਼ ਵਿਚੋਂ ਉਤਾਰ ਦਿੱਤਾ ਗਿਆ। ਸ਼ਾਮ ਸਮੇਂ ਰੇਲਵੇ ਸਟੇਸ਼ਨ ਤੇ ਬੈਠੇ ਪੰਜਾਬੀਆਂ ਉੱਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਸਿੱਟੇ ਵਜੋਂ 40 ਬੰਦੇ ਸ਼ਹੀਦ ਹੋਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।

**48.ਜਲ੍ਹਿਆਂਵਾਲਾ ਬਾਗ ਦੀ ਦੁਰਘਟਨਾ ਦਾ ਵਰਣਨ ਕਰੋ।**

ਉੱਤਰ: 13 ਮਾਰਚ, 1919 ਈ: ਨੂੰ ਮਹਾਤਮਾ ਗਾਂਧੀ ਨੇ ਰੌਲਟ ਬਿੱਲ ਨੂੰ ਅਸਫ਼ਲ ਬਣਾਉਣ ਲਈ ਹੜਤਾਲ ਕਰ ਦਿੱਤੀ। ਸਿੱਟੇ ਵਜੋਂ ਪੰਜਾਬ ਦੇ ਕੁਝ ਸ਼ਹਿਰਾਂ ਵਿੱਚ ਫ਼ਸਾਦ ਹੋ ਗਏ। ਵਿਗੜਦੇ ਹਾਲਾਤ 'ਤੇ ਕਾਬੂ ਪਾਉਣ ਲਈ ਡਿਪਟੀ ਕਮਿਸ਼ਨਰ ਨੇ ਸੂਬੇ ਦੇ ਦੋ ਪ੍ਰਸਿੱਧ ਨੇਤਾਵਾਂ ਡਾ: ਸਤਿਆਪਾਲ ਅਤੇ ਡਾ: ਕਿਚਲੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ ਸ਼ਹਿਰ ਵਾਸੀਆਂ ਨੂੰ ਇਨ੍ਹਾਂ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਾ ਤਾਂ ਲੋਕਾਂ ਦਾ ਇੱਕ ਹਜੂਮ ਬੜੀ ਸ਼ਾਂਤੀਪੂਰਵਕ ਢੰਗ ਨਾਲ ਡਿਪਟੀ ਕਮਿਸ਼ਨਰ ਦੀ ਕੋਠੀ ਵੱਲ ਚੱਲ ਪਿਆ। ਪਰ ਉਨ੍ਹਾਂ ਲੋਕਾਂ ਨੂੰ ਹਾਲ ਦਰਵਾਜ਼ੇ ਦੇ ਬਾਹਰ ਰੋਕ ਲਿਆ ਗਿਆ। ਅੰਗਰੇਜ਼ ਸੈਨਿਕਾਂ ਨੇ ਉਨ੍ਹਾਂ ਉੱਤੇ ਗੋਲੀਆਂ ਚਲਾ ਦਿੱਤੀ। ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ। ਅਸ਼ਾਂਤੀ ਅਤੇ ਕ੍ਰੋਧ ਦੇ ਵਾਤਾਵਰਨ ਵਿੱਚ ਅੰਮ੍ਰਿਤਸਰ ਅਤੇ ਪਿੰਡਾਂ ਦੇ ਲਗਪਗ 25,000 ਲੋਕ 13 ਅਪ੍ਰੈਲ, 1919 ਈ: ਨੂੰ ਵਿਸਾਖੀ ਵਾਲੇ ਦਿਨ, ਜਲ੍ਹਿਆਂਵਾਲੇ ਬਾਗ ਵਿੱਚ ਜਲਸਾ ਕਰਨ ਲਈ ਇਕੱਠੇ ਹੋਏ। ਜਨਰਲ ਡਾਇਰ ਨੇ ਅਜਿਹੇ ਜਲਸਿਆਂ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਸੀ। ਜਲ੍ਹਿਆਂਵਾਲੇ ਬਾਗ ਵਿਚ ਜਦੋਂ ਜਲਸਾ ਹੋ ਰਿਹਾ ਸੀ ਤਾਂ ਜਨਰਲ ਡਾਇਰ ਆਪਣੇ 150 ਸੈਨਿਕਾਂ ਸਮੇਤ ਜਲ੍ਹਿਆਂਵਾਲੇ ਬਾਗ਼ ਦੇ ਦਰਵਾਜ਼ੇ ਅੱਗੇ ਪੁੱਜ ਗਿਆ। ਬਾਗ਼ ਵਿੱਚ ਜਾਣ ਲਈ ਕੇਵਲ ਇੱਕੋ ਤੰਗ ਜਿਹਾ ਰਸਤਾ ਸੀ। ਜਨਰਲ ਡਾਇਰ ਨੇ ਉਸ ਰਸਤੇ ਅੱਗੇ ਖਲੋ ਕੇ ਲੋਕਾਂ ਨੂੰ ਤਿੰਨ ਮਿੰਟਾਂ ਦੇ ਅੰਦਰ-ਅੰਦਰ ਤਿਤਰ-ਬਿਤਰ ਹੋਣ ਦਾ ਹੁਕਮ ਦਿੱਤਾ, ਜੋ ਕਿ ਅਸੰਭਵ ਸੀ। ਜਨਰਲ ਡਾਇਰ ਨੇ ਤਿੰਨ ਮਿੰਟਾਂ ਮਗਰੋਂ ਗੋਲੀ ਦਾ ਹੁਕਮ ਦੇ ਦਿੱਤਾ। ਲਗਪਗ 1,000 ਲੋਕ ਮਾਰੇ ਗਏ ਅਤੇ 3,000 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ।

**49. ਅਕਾਲੀ ਲਹਿਰ ਨੇ ਆਜ਼ਾਦੀ ਦੀ ਜੰਗ ਵਿੱਚ ਕੀ ਯੋਗਦਾਨ ਪਾਇਆ?**

ਉੱਤਰ:1. ਸਿੱਖਾਂ ਦੇ ਯਤਨਾਂ ਨਾਲ 16 ਨਵੰਬਰ, 1920 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਅਤੇ 14 ਦਸੰਬਰ, 1920 ਈ: ਨੂੰ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ।

2. ਅਕਾਲੀ ਜਥਿਆਂ ਨੇ ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਖਾਲੀ ਕਰਵਾਉਣ ਦਾ ਕੰਮ ਆਰੰਭ ਕੀਤਾ।

3. ਦਰਬਾਰ ਸਾਹਿਬ ਅੰਮ੍ਰਿਤਸਰ ਗੁਰਦੁਆਰੇ ਦੀਆਂ ਚਾਬੀਆਂ ਨੂੰ ਅੰਗਰੇਜ਼ਾਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ। ਸਿੱਖਾਂ ਨੇ ਇਸ ਗੱਲ ਦਾ ਵਿਰੋਧ ਕੀਤਾ।

4. ਬਹੁਤ ਸਾਰੇ ਸਿੱਖ ਨੇਤਾਵਾਂ ਨੂੰ ਬੰਦੀ ਬਣਾ ਲਿਆ ਗਿਆ। ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਅੰਤ ਅੰਗਰੇਜ਼ਾਂ ਨੂੰ ਸਿੱਖਾਂ ਅੱਗੇ ਝੁੱਕਣਾ ਪਿਆ ਅਤੇ ਗੁਰਦੁਆਰੇ ਦੀਆਂ ਚਾਬੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀਆਂ ਗਈਆਂ।

5. ਅਕਾਲੀ ਦਲ ਵੱਲੋਂ ਗੁਰੂ ਕਾ ਬਾਗ ਮੋਰਚਾ ਵੀ ਸ਼ਾਂਤਮਈ ਢੰਗ ਨਾਲ ਜਿੱਤ ਲਿਆ ਗਿਆ।

6. ਬੱਬਰ ਅਕਾਲੀ ਲਹਿਰ ਦਾ ਜਨਮ ਗੁਰਦੁਆਰੇ ਵਿੱਚ ਬੈਠੇ ਮਹੰਤਾਂ ਅਤੇ ਪੁਲਿਸ ਦਾ ਮੁਕਾਬਲਾ ਕਰਨ ਲਈ ਹੋਇਆ।

7. ਬੱਬਰ ਅਕਾਲੀਆਂ ਦਾ ਮੁੱਖ ਉਦੇਸ਼ ਮੁਖ਼ਬਰਾਂ ਅਤੇ ਸਰਕਾਰੀ ਪਿੱਠੂਆਂ ਦਾ ਅੰਤ ਕਰਨਾ ਸੀ।

8. ਬੱਬਰਾਂ ਨੂੰ ਭਰੋਸਾ ਸੀ ਕਿ ਜੇਕਰ ਸਰਕਾਰ ਦੇ ਮੁਖਬਰਾਂ ਦਾ ਅੰਤ ਕਰ ਦਿੱਤਾ ਜਾਵੇ ਤਾਂ ਅੰਗਰੇਜ਼ੀ ਸਰਕਾਰ ਫੇਲ੍ਹ ਹੋ ਜਾਏਗੀ ਅਤੇ ਭਾਰਤ ਛੱਡ ਕੇ ਵਾਪਸ ਚਲੀ ਜਾਏਗੀ।

9. ਬੱਬਰਾਂ ਨੇ ਪੁਲਿਸ ਨਾਲ ਵੀ ਕਈ ਮੁਕਾਬਲੇ ਕੀਤੇ ।

10. ਭਾਵੇਂ ਕਿ ਬੱਬਰ ਲਹਿਰ ਫੇਲ੍ਹ ਹੋ ਗਈ ਪਰ ਇਸ ਲਹਿਰ ਨੇ ਪੰਜਾਬੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨਾ ਸਿਖਾਇਆ।

**50.ਆਜ਼ਾਦ ਹਿੰਦ ਫ਼ੌਜ 'ਤੇ ਵਿਸਥਾਰਪੂਰਵਕ ਨੋਟ ਲਿਖੋ।**

ਉੱਤਰ:1. 1943 ਈ: ਨੂੰ ਸੁਭਾਸ਼ ਚੰਦਰ ਬੋਸ ਨੇ ਸਿੰਘਾਪੁਰ ਵਿਖੇ ਭਾਰਤੀਆ ਨੂੰ ਇਕੱਠਾ ਕਰਕੇ 'ਆਜ਼ਾਦ ਹਿੰਦ ਫ਼ੌਜ' ਦੀ ਸਥਾਪਨਾ ਕੀਤੀ।

2. ਇਸ ਵਿਚ ਬਹੁਤ ਸਾਰੇ ਪੰਜਾਬੀ ਦੇਸ਼ ਭਗਤ ਸਨ।

3. ਇਸ ਫ਼ੌਜ ਦਾ ਮੁੱਖ ਉਦੇਸ਼ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣਾ ਸੀ।

4. ਇਸੇ ਲਈ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਭਾਰਤੀ ਨੌਜਵਾਨਾਂ ਕੋਲੋਂ ਬਲੀਦਾਨ ਦੀ ਮੰਗ ਕਰਦੇ ਹੋਏ ਕਿਹਾ-'ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ।'

5. ਜਾਪਾਨ ਨੇ ਆਜ਼ਾਦ ਹਿੰਦ ਫ਼ੌਜ ਨੂੰ ਸਮਰਥਨ ਦੇਣ ਦਾ ਭਰੋਸਾ ਦਿੱਤਾ।

6. ਪਰ ਦੂਜੇ ਵਿਸ਼ਵ ਯੁੱਧ ਵਿਚ ਜਾਪਾਨ ਦੀ ਹਾਲਤ ਕਮਜ਼ੋਰ ਹੋ ਗਈ।

7. ਅੰਗਰੇਜ਼ੀ ਸੈਨਾ ਨੇ ਮਈ 1945 ਈ: ਨੂੰ ਰੰਗੂਨ ਉਤੇ ਕਬਜ਼ਾ ਕਰ ਲਿਆ। ਬੇਵੱਸ ਹੋ ਕੇ ਆਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਸਮਰਪਣ ਕਰਨਾ ਪਿਆ।

8. ਭਾਵੇਂ ਇਹ ਲਹਿਰ ਸਫ਼ਲ ਨਾ ਹੋ ਸਕੀ ਪਰ ਫੇਰ ਵੀ ਇਸ ਲਹਿਰ ਨੇ ਦੇਸ਼ ਦੀ ਆਜ਼ਾਦੀ ਲਈ ਕਾਫੀ ਯੋਗਦਾਨ ਪਾਇਆ।

**51.ਸੰਸਦ ਵਿੱਚ ਇਕ ਬਿੱਲ ਕਾਨੂੰਨ ਕਿਵੇਂ ਬਣਦਾ ਹੈ?**

ਉੱਤਰ: ਸੰਸਦ ਵਿੱਚ ਇੱਕ ਬਿੱਲ ਨੂੰ ਕਾਨੂੰਨ ਬਣਨ ਲਈ ਕਈ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ:-

1.ਜਦੋਂ ਸਦਨ ਵਿੱਚ ਬਿੱਲ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਦੇ ਉਦੇਸ਼ ਅਤੇ ਇਸ ਨੂੰ ਪੇਸ਼ ਕਰਨ ਦੇ ਕਾਰਨ ਦੱਸੇ ਜਾਂਦੇ ਹਨ। ਬਿੱਲ ਦੇ ਇਸ ਪੜਾਅ 'ਤੇ ਬਹਿਸ ਨਹੀਂ ਹੁੰਦੀ। ਇਸ ਪ੍ਰਕਿਰਿਆ ਨੂੰ ਬਿੱਲ ਦੀ ਪਹਿਲੀ ਪੜ੍ਹਤ ਕਿਹਾ ਜਾਂਦਾ ਹੈ।

2.ਬਿੱਲ ਦੀ ਦੂਜੀ ਪੜ੍ਹਤ ਦੌਰਾਨ ਇਸ 'ਤੇ ਬਹਿਸ ਹੁੰਦੀ ਹੈ। ਬਿੱਲ ਦੇ ਹਰੇਕ ਅਨੁਛੇਦ ਜਾਂ ਧਾਰਾ ਤੇ ਵਿਸਥਾਰ ਨਾਲ ਬਹਿਸ ਕੀਤੀ ਜਾਂਦੀ ਹੈ ਅਤੇ ਬਿੱਲ ਵਿੱਚ ਕੁਝ ਪਰਿਵਰਤਨ ਵੀ ਕੀਤੇ ਜਾਂਦੇ ਹਨ। ਕਈ ਵਾਰੀ ਬਿੱਲ ਵਿਸ਼ੇਸ਼ ਜਾਂ ਕਿਸੇ ਛੋਟੀ ਕਮੇਟੀ ਪਾਸ ਭੇਜ ਦਿੱਤਾ ਜਾਂਦਾ ਹੈ।

3. ਬਿੱਲ ਦੇ ਤੀਜੇ ਪੜਾਅ 'ਤੇ ਸਮੁੱਚੇ ਤੌਰ ਤੇ ਬਿੱਲ ਉੱਤੇ ਵੋਟਾਂ ਪਾਈਆਂ ਜਾਂਦੀਆਂ ਹਨ। ਜੇਕਰ ਸਦਨ ਦਾ ਬਹੁਮੱਤ ਬਿੱਲ ਪਾਸ ਕਰ ਦੇਵੇ ਤਾਂ ਇਹ ਬਿਲ ਸਦਨ ਵੱਲੋਂ ਪਾਸ ਹੋ ਜਾਂਦਾ ਹੈ।

4.ਇਕ ਸਦਨ ਵਿੱਚੋਂ ਪਾਸ ਹੋਣ ਉਪਰੰਤ ਬਿੱਲ ਦੂਜੇ ਸਦਨ ਵਿੱਚ ਵਿਚਾਰ ਲਈ ਭੇਜਿਆ ਜਾਂਦਾ ਹੈ। ਦੂਜੇ ਸਦਨ ਵਿੱਚ ਬਿੱਲ ਨੂੰ ਉਨ੍ਹਾਂ ਹੀ ਪੜ੍ਹਾਂਵਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ । ਅਗਰ ਇਹ ਸਦਨ ਵੀ ਬਿੱਲ ਪਾਸ ਕਰ ਦਿੰਦਾ ਹੈ ਤਾਂ ਬਿੱਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਪੇਸ਼ ਕੀਤਾ ਜਾਂਦਾ ਹੈ।

5.ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ ।

**52.ਸੰਸਦ ਦੀਆਂ ਕਿਸੇ ਚਾਰ ਸ਼ਕਤੀਆਂ ਦਾ ਵਰਣਨ ਕਰੋ?**

ਉੱਤਰ:-1.ਸੰਵਿਧਾਨਕ ਸ਼ਕਤੀਆਂ:- ਸੰਵਿਧਾਨਿਕ ਸ਼ਕਤੀਆਂ ਅਨੁਸਾਰ ਸੰਸਦ ਦੇਸ਼ ਲਈ ਨਵੇਂ ਕਾਨੂੰਨਾਂ ਦਾ ਨਿਰਮਾਣ ਕਰ ਸਕਦੀ ਹੈ। ਸੰਸਦ ਪੁਰਾਣੇ ਕਾਨੂੰਨਾਂ ਵਿੱਚ ਸੋਧ ਕਰ ਸਕਦੀ ਹੈ ਜਾਂ ਉਨ੍ਹਾਂ ਨੂੰ ਸਮਾਪਤ ਵੀ ਕਰ ਸਕਦੀ ਹੈ।

2.ਕਾਰਜਕਾਰੀ ਸ਼ਕਤੀਆਂ:-ਭਾਰਤੀ ਸੰਸਦ ਨੂੰ ਸੰਵਿਧਾਨ ਦੁਆਰਾ ਬਹੁਤ ਸਾਰੀਆਂ ਸ਼ਕਤੀਆਂ ਕਾਰਜਪਾਲਿਕਾ ਨੂੰ ਨਿਯੰਤਰਣ ਵਿੱਚ ਰੱਖਣ ਲਈ ਸੌਂਪੀਆਂ ਗਈਆਂ ਹਨ। ਸੰਸਦ ਮੰਤਰੀ ਪ੍ਰੀਸ਼ਦ ਨੂੰ ਕਈ ਤਰੀਕਿਆਂ ਨਾਲ ਨਿਯੰਤਰਨ ਵਿਚ ਰੱਖ ਸਕਦੀ ਹੈ ਜਿਵੇਂ ਅਵਿਸ਼ਵਾਸ ਜਾਂ ਵਿਸ਼ਵਾਸ ਪ੍ਰਸਤਾਵਾਂ ਰਾਹੀਂ, ਸੰਸਦ ਦੇ ਮੈਂਬਰ ਮੰਤਰੀਆਂ ਤੋਂ ਪ੍ਰਸ਼ਨ ਪੁੱਛ ਕੇ, ਧਿਆਨ ਦਿਵਾਊ ਮਤੇ ਰਾਹੀਂ ਅਤੇ ਨਿੰਦਾ ਮਤੇ ਦੁਆਰਾ ਆਦਿ।

3.ਵਿੱਤੀ ਸਕਤੀਆਂ: ਸੰਸਦ ਦਾ ਰਾਸ਼ਟਰੀ ਧਨ 'ਤੇ ਪੂਰਾ ਨਿਯੰਤਰਣ ਹੁੰਦਾ ਹੈ। ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਸਰਕਾਰ ਨਾ ਤਾਂ ਸਰਕਾਰੀ ਖ਼ਜ਼ਾਨੇ ਵਿੱਚੋਂ ਧਨ ਕਢਾ ਸਕਦੀ ਹੈ ਤੇ ਨਾ ਹੀ ਉਸ ਵਿੱਚ ਧਨ ਪਾ ਸਕਦੀ ਹੈ।

4.ਨਿਆਂਇਕ ਸਕਤੀਆਂ:-ਸੰਸਦ ਦੁਆਰਾ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ ਚਲਾ ਕੇ ਉਸ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਸੰਸਦ ਜੱਜਾਂ ਅਤੇ ਮੁੱਖ ਚੋਣ ਕਮਿਸ਼ਨਰ ਨੂੰ ਵੀ ਉਨ੍ਹਾਂ ਦੇ ਅਹੁਦੇ ਤੋਂ ਹਟਾ ਸਕਦੀ ਹੈ।

**53. ਲੋਕ ਸਭਾ ਦੇ ਸਪੀਕਰ ਦੀ ਲੋਕ ਸਭਾ ਵਿਚ ਨਿਭਾਈ ਜਾਂਦੀ ਭੂਮਿਕਾ ਬਾਰੇ ਨੋਟ ਲਿਖੋ।**

ਉੱਤਰ:-ਨਵੀਂ ਲੋਕ ਸਭਾ ਆਪਣੇ ਹੀ ਮੈਂਬਰਾਂ ਵਿੱਚੋਂ ਸਪੀਕਰ ਅਤੇ ਡਿਪਟੀ ਸਪੀਕਰ ਦੀ ਚੋਣ ਕਰਦੀ ਹੈ। ਸਪੀਕਰ ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ ਅਤੇ ਇਸ ਸਦਨ ਦੀ ਕਾਰਵਾਈ ਦਾ ਸੰਚਾਲਨ ਕਰਦਾ ਹੈ। ਸਾਰੇ ਮੈਂਬਰ ਸਪੀਕਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹਨ ।ਸਦਨ ਦੀ ਕਾਰਵਾਈ ਦਾ ਸੰਚਾਲਨ ਸਪੀਕਰ ਦੇ ਫੈਸਲਿਆਂ ਅਨੁਸਾਰ ਹੀ ਕੀਤਾ ਜਾਂਦਾ ਹੈ। ਸਪੀਕਰ ਦੀ ਗੈਰ ਹਾਜ਼ਰੀ ਵਿੱਚ ਡਿਪਟੀ-ਸਪੀਕਰ ਉਸ ਦੇ ਸਾਰੇ ਕਾਰਜ ਕਰਦਾ ਹੈ।

**54.ਕੇਂਦਰੀ ਮੰਤਰੀ ਪ੍ਰੀਸ਼ਦ ਵਿੱਚ ਕਿੰਨ੍ਹੇ ਪ੍ਰਕਾਰ ਦੇ ਮੰਤਰੀ ਹੁੰਦੇ ਹਨ?**

ਉੱਤਰ:-ਕੇਂਦਰੀ ਮੰਤਰੀ ਪ੍ਰੀਸ਼ਦ ਵਿਚ ਚਾਰ ਤਰ੍ਹਾਂ ਦੇ ਮੰਤਰੀ ਨਿਯੁਕਤ ਕੀਤੇ ਜਾਂਦੇ ਹਨ-

1. ਕੈਬਨਿਟ ਮੰਤਰੀ:-ਕੈਬਨਿਟ ਮੰਤਰੀ ਸਭ ਤੋਂ ਉੱਚੇ ਪੱਧਰ ਦੇ ਮੰਤਰੀ ਹੁੰਦੇ ਹਨ। ਇਹ ਪ੍ਰਸ਼ਾਸਨਿਕ ਵਿਭਾਗਾਂ ਦੇ ਸੁਤੰਤਰ ਮੁਖੀ ਹੁੰਦੇ ਹਨ। ਸਰਕਾਰ ਦੀ ਹਰੇਕ ਤਰ੍ਹਾਂ ਦੇ ਨੀਤੀ ਨਿਰਮਾਣ ਦੇ ਕੰਮ ਇਹ ਮੰਤਰੀ ਕਰਦੇ ਹਨ।

2.ਰਾਜ ਮੰਤਰੀ:- ਰਾਜ ਮੰਤਰੀ ਕੈਬਨਿਟ ਮੰਤਰੀ ਤੋਂ ਹੇਠਲੇ ਪੱਧਰ ਦੇ ਮੰਤਰੀ ਹੁੰਦੇ ਹਨ। ਆਮ ਤੌਰ 'ਤੇ ਰਾਜ ਮੰਤਰੀ ਕੈਬਨਿਟ ਮੰਤਰੀ ਦੀ ਸਹਾਇਤਾ ਲਈ ਲਗਾਏ ਜਾਂਦੇ ਹਨ ।

3.ਉਪ ਮੰਤਰੀ:- ਉਪ ਮੰਤਰੀ, ਕੈਬਨਿਟ ਮੰਤਰੀ ਜਾਂ ਰਾਜ ਮੰਤਰੀਆਂ ਵੱਲੋਂ ਸੌਂਪੇ ਗਏ ਕੰਮਾਂ ਦੀ ਦੇਖ-ਭਾਲ ਕਰਦੇ ਹਨ।

4.ਸੰਸਦੀ ਸਕੱਤਰ:- ਸੰਸਦੀ ਸਕੱਤਰਾਂ ਨੂੰ ਸੰਵਿਧਾਨਿਕ ਤੌਰ 'ਤੇ ਕੋਈ ਪ੍ਰਸ਼ਾਸਕੀ ਜ਼ਿੰਮੇਵਾਰੀ ਨਹੀਂ ਸੌਂਪੀ ਜਾ ਸਕਦੀ। ਇਨ੍ਹਾਂ ਦਾ ਮੁੱਖ ਕੰਮ ਮਹੱਤਵਪੂਰਨ ਵਿਭਾਗਾਂ ਦੇ ਮੰਤਰੀਆਂ ਦੀ ਸੰਸਦ ਵਿਚ ਸਹਾਇਤਾ ਕਰਨਾ ਹੁੰਦਾ ਹੈ।

**55.ਪ੍ਰਧਾਨ ਮੰਤਰੀ ਦੇ ਕੋਈ ਤਿੰਨ ਮਹੱਤਵਪੂਰਨ ਕੰਮਾਂ ਦਾ ਵੇਰਵਾ ਦਿਉ।**

ਉੱਤਰ:-1.ਮੰਤਰੀ ਪ੍ਰੀਸ਼ਦ ਦਾ ਨਿਰਮਾਣ:- ਪ੍ਰਧਾਨ ਮੰਤਰੀ ਮੰਤਰੀ ਪ੍ਰੀਸ਼ਦ ਦੇ ਨਿਰਮਾਣ ਲਈ ਆਪਣੇ ਸਾਥੀ ਮੰਤਰੀਆਂ ਦੀ ਸੂਚੀ ਰਾਸ਼ਟਰਪਤੀ ਨੂੰ ਪੇਸ਼ ਕਰਦਾ ਹੈ। ਰਾਸ਼ਟਰਪਤੀ ਇਸੇ ਸੂਚੀ ਦੇ ਆਧਾਰ 'ਤੇ ਮੰਤਰੀ ਨਿਯੁਕਤੀ ਕਰਦਾ ਹੈ।

2.ਵਿਭਾਗਾਂ ਦੀ ਵੰਡ:-ਪ੍ਰਧਾਨ ਮੰਤਰੀ ਕੋਲ, ਮੰਤਰੀਆਂ ਵਿਚਕਾਰ ਵਿਭਾਗਾਂ ਦੀ ਵੰਡ ਕਰਨ ਦੀ ਮਹੱਤਵਪੂਰਨ ਸ਼ਕਤੀ ਹੁੰਦੀ ਹੈ।

3.ਮੰਤਰੀ ਮੰਡਲ ਦਾ ਮੁਖੀ:-ਪ੍ਰਧਾਨ ਮੰਤਰੀ, ਮੰਤਰੀ ਮੰਡਲ ਦਾ ਮੁਖੀ ਹੁੰਦਾ ਹੈ। ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ ਅਤੇ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਕਾਰਜ ਸੂਚੀ ਤਿਆਰ ਕਰਦਾ ਹੈ।

**56.ਭਾਰਤ ਦੇ ਉਪ-ਰਾਸ਼ਟਰਪਤੀ ਦੇ ਅਹੁਦੇ ਦਾ ਸੰਖੇਪ ਵੇਰਵਾ ਦਿਉ।**

ਉੱਤਰ:-ਉਪ-ਰਾਸ਼ਟਰਪਤੀ ਰਾਜ ਸਭਾ ਦਾ ਪ੍ਰਧਾਨ ਸਭਾਪਤੀ ਹੁੰਦਾ ਹੈ। ਰਾਸ਼ਟਰਪਤੀ ਦੀ ਗੈਰ-ਹਾਜ਼ਰੀ ਦੀ ਅਵਸਥਾ ਵਿਚ ਉਪ-ਰਾਸ਼ਟਰਪਤੀ ਉਸ ਦੇ ਅਹੁਦੇ ਨੂੰ ਸੰਭਾਲਦਾ ਹੈ ਅਤੇ ਸਦਨ ਦੀ ਕਾਰਵਾਈ ਨੂੰ ਨਿਯਮਾਂ ਅਨੁਸਾਰ ਚਲਾਉਂਦਾ ਹੈ। ਜਦੋਂ ਰਾਸ਼ਟਰਪਤੀ ਅਸਤੀਫ਼ਾ ਦੇ ਦਿੰਦਾ ਹੈ ਤਾਂ ਉਪ-ਰਾਸ਼ਟਰਪਤੀ ਨਵੇਂ ਰਾਸ਼ਟਰਪਤੀ ਦੀ ਚੋਣ ਹੋਣ ਤੱਕ ਰਾਸ਼ਟਰਪਤੀ ਦੇ ਅਹੁਦੇ ਦਾ ਸਾਰਾ ਕਾਰਜ ਭਾਰ ਸੰਭਾਲਦਾ ਹੈ। ਉਪ-ਰਾਸ਼ਟਰਪਤੀ ਦੀ ਚੋਣ, ਚੋਣ ਮੰਡਲ ਦੁਆਰਾ ਪੰਜ ਸਾਲ ਲਈ ਕੀਤੀ ਜਾਂਦੀ ਹੈ।

**57.ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆ ਦਾ ਸੰਖੇਪ ਵੇਰਵਾ ਦਿਉ।**

ਉੱਤਰ:-ਭਾਰਤੀ ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਤਿੰਨ ਪ੍ਰਕਾਰ ਦੀਆਂ ਸੰਕਟਕਾਲੀਨ ਸ਼ਕਤੀਆਂ ਸੌਂਪੀਆਂ ਗਈਆਂ ਹਨ:-

1.ਰਾਸ਼ਟਰੀ ਸੰਕਟ:- ਜਦੋਂ ਰਾਸ਼ਟਰਪਤੀ ਦੇ ਵਿਚਾਰ ਅਨੁਸਾਰ ਦੇਸ਼ ਤੇ ਹਮਲੇ ਜਾਂ ਹਥਿਆਰਬੰਦ ਵਿਦਰੋਹ ਕਾਰਨ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਗਿਆ ਹੋਵੇ ਤਾਂ ਉਹ ਸਾਰੇ ਦੇਸ਼ ਵਿੱਚ ਜਾਂ ਦੇਸ਼ ਦੇ ਕਿਸੇ ਇੱਕ ਹਿੱਸੇ ਵਿੱਚ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ।

2.ਰਾਜ ਦਾ ਸੰਵਿਧਾਨਿਕ ਸੰਕਟ:-ਜੇਕਰ ਰਾਸ਼ਟਰਪਤੀ ਨੂੰ ਰਾਜਪਾਲ ਦੁਆਰਾ ਭੇਜੀ ਗਈ ਰਿਪੋਰਟ ਜਾਂ ਕਿਸੇ ਹੋਰ ਸਾਧਨ ਤੋਂ ਸੂਚਨਾ ਮਿਲੇ ਕਿ ਰਾਜ ਵਿੱਚ ਸੰਵਿਧਾਨਕ ਮਸ਼ੀਨਰੀ ਫੇਲ੍ਹ ਹੋ ਗਈ ਹੈ ,ਜਦੋਂ ਰਾਜ ਦੇ ਸ਼ਾਸਨ ਨੂੰ ਸੰਵਿਧਾਨ ਅਨੁਸਾਰ ਨਾ ਚਲਾਇਆ ਜਾ ਰਿਹਾ ਹੋਵੇ ਤਾਂ ਰਾਸ਼ਟਰਪਤੀ ਉਸ ਰਾਜ ਵਿਚ ਸੰਕਟਕਾਲ ਦੀ ਘੋਸ਼ਣਾ ਕਰ ਸਕਦਾ ਹੈ।

3.ਵਿੱਤੀ ਸੰਕਟ:-ਜੇਕਰ ਦੇਸ਼ ਦੀ ਆਰਥਿਕ ਸਥਿਤੀ ਅਜਿਹੀ ਹੋਵੇ ਜਿਸ ਨਾਲ ਆਰਥਿਕ ਸਥਿਰਤਾ ਲਈ ਖਤਰਾ ਪੈਦਾ ਹੋ ਸਕਦਾ ਹੋਵੇ ਤਾਂ ਰਾਸ਼ਟਰਪਤੀ ਅਜਿਹੇ ਸਮੇਂ ਵਿੱਤੀ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ।

**58. ਸ਼੍ਰੋਮਣੀ ਅਕਾਲੀ ਦਲ ਦੇ ਮੂਲ ਮੰਤਵ ਲਿਖੋ।**

ਉੱਤਰ-1. ਗੁਰਮਤਿ ਤੇ ਰਹਿਤ ਮਰਿਆਦਾ ਦਾ ਪ੍ਰਚਾਰ ।

2. ਗੁਰਦਵਾਰਿਆਂ ਦੇ ਪ੍ਰਬੰਧ ਦੇ ਸੁਧਾਰ ਅਤੇ ਸੇਵਾ ਸੰਭਾਲ ਲਈ ਉੱਦਮ ਕਰਨਾ ।

3. ਸਿੰਘਾਂ ਵਿੱਚ ਵੱਖਰੀ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ।

4. ਕੰਗਾਲੀ, ਥੁੜ ਤੇ ਭੁੱਖ-ਨੰਗ ਨੂੰ ਦੂਰ ਕਰਨਾ। 5. ਅਮੀਰ ਤੇ ਗਰੀਬ ਦੇ ਅੰਤਰ ਨੂੰ ਦੂਰ ਕਰਨਾ।

6. ਅਨਪੜ੍ਹਤਾ, ਛੂਤ-ਛਾਤ ਤੇ ਜਾਤ-ਪਾਤ ਦੇ ਵਿੱਤਕਰੇ ਨੂੰ ਹਟਾਉਣਾ। 7. ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਅ ।

8. ਨਸ਼ਿਆਂ ਦੀ ਵਰਤੋਂ 'ਤੇ ਰੋਕ ਲਾਉਣਾ ।

**59. ਭਾਰਤੀ ਜਨਤਾ ਪਾਰਟੀ ਦੀ ਸਥਾਪਨਾ 'ਤੇ ਨੋਟ ਲਿਖੋ ।**

ਉੱਤਰ- 21 ਅਕਤੂਬਰ 1951 ਨੂੰ ਦਿੱਲੀ ਵਿਖੇ ਹੋਏ ਇੱਕ ਸੰਮੇਲਨ ਵਿੱਚੋਂ ਜਨਸੰਘ ਹੋਂਦ ਵਿੱਚ ਆਇਆ। ਕਿਹਾ ਜਾਂਦਾ ਹੈ ਕਿ ਜਨਸੰਘ ਦਾ ਜਨਮ ਰਾਸ਼ਟਰੀ ਸਵੈ-ਸੇਵਕ ਸੰਘ ਵਿੱਚੋਂ ਹੋਇਆ। ਰਾਸ਼ਟਰੀ ਸਵੈ-ਸੇਵਕ ਸੰਘ, ਜਨਸੰਘ ਲਈ ਸਿੱਖਿਅਤ ਨੇਤਾ ਤਿਆਰ ਕਰਦੀ ਸੀ। 6 ਅਪ੍ਰੈਲ 1980 ਨੂੰ ਭਾਰਤੀ ਜਨਤਾ ਪਾਰਟੀ ਨਾਂ ਦਾ ਵੱਖਰਾ ਰਾਜਨੀਤਕ ਦਲ ਹੋਂਦ ਵਿੱਚ ਆਇਆ ਅਤੇ ਸ੍ਰੀ ਅੱਟਲ ਬਿਹਾਰੀ ਵਾਜਪਾਈ ਨੂੰ ਸਰਵਸੰਮਤੀ ਨਾਲ ਇਸ ਦਲ ਦਾ ਪ੍ਰਧਾਨ ਚੁਣਿਆ ਗਿਆ। ਭਾਰਤੀ ਜਨਤਾ ਪਾਰਟੀ ਦਾ ਝੰਡਾ ਹਰੇ ਅਤੇ ਕੇਸਰੀ ਰੰਗਾਂ ਵਿੱਚ 1:2 ਦੀ ਅਨੁਪਾਤ ਨਾਲ ਹੈ ਅਤੇ ਝੰਡੇ ਦੇ ਉੱਪਰਲੇ ਹਿੱਸੇ ਵਿੱਚ ਪਾਰਟੀ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ ਨੀਲੇ ਰੰਗ ਵਿਚ ਅੰਕਿਤ ਹੈ ।

**60. ਭਾਰਤੀ ਰਾਸ਼ਟਰੀ ਕਾਂਗਰਸ ਦੀ ਵਿਦੇਸ਼ ਨੀਤੀ ਤੇ ਨੋਟ ਲਿਖੋ।**

ਉੱਤਰ- ਕਾਂਗਰਸ ਪਾਰਟੀ ਦੀ ਵਿਦੇਸ਼ ਨੀਤੀ ਗੁੱਟ ਨਿਰਲੇਪਤਾ 'ਤੇ ਅਧਾਰਿਤ ਹੈ। ਗੁੱਟ-ਨਿਰਲੇਪ ਲਹਿਰ ਨੂੰ ਪ੍ਰਭਾਵਸ਼ਾਲੀ ਬਣਾਉਣ, ਦੱਖਣੀ ਏਸ਼ੀਆ ਖੇਤਰੀ ਸਹਿਯੋਗ ਸੰਗਠਨ (SAARC) ਨੂੰ ਹਰ ਸੰਭਵ ਯਤਨ ਨਾਲ ਮਜ਼ਬੂਤ ਕਰਨਾ, ਸੰਯੁਕਤ ਰਾਜ ਅਮਰੀਕਾ ਨਾਲ ਸਹਿਯੋਗ ਦੇ ਯਤਨ ਕਰਨੇ। ਜਾਪਾਨ, ਕੈਨੇਡਾ, ਆਸਟਰੇਲੀਆ, ਜਰਮਨੀ ਵਰਗੇ ਅਰਥਵਿਵਸਥਾ ਵਿੱਚ ਸਫ਼ਲ ਰਾਸ਼ਟਰਾਂ ਨਾਲ ਗੂੜ੍ਹੇ ਸਬੰਧ ਕਾਇਮ ਕਰਨੇ, ਵਿਸ਼ਵ ਸ਼ਾਂਤੀ ਤੇ ਵਿਵਸਥਾ ਸਥਾਪਿਤ ਕਰਨ ਵਿੱਚ ਸਹਿਯੋਗ ਦੇਣਾ ਆਦਿ ਕਾਂਗਰਸ ਪਾਰਟੀ ਨੇ ਵਿਦੇਸ਼ ਨੀਤੀ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹਨ ।

**61. ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ 'ਤੇ ਨੋਟ ਲਿਖੋ ।**

ਉੱਤਰ- ਵੀਹਵੀਂ ਸਦੀ ਦੇ ਆਰੰਭ ਤੋਂ ਹੀ ਭਾਰਤੀ ਰਾਸ਼ਟਰੀ ਕਾਂਗਰਸ ਵਿਚ ਇਕ ਨੌਜਵਾਨ ਧੜਾ ਇਸ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਸੀ ਕਿਉਂਕਿ ਕਾਂਗਰਸ ਸੰਪੂਰਨ ਸੁਤੰਤਰਤਾ ਦੀ ਥਾਂ ਪ੍ਰਤੀਨਿਧ ਸੰਸਥਾਵਾਂ ਦੀ ਸਥਾਪਨਾ ਕਰਵਾਉਣ ਲਈ ਯਤਨਸ਼ੀਲ ਸੀ। 1917 ਵਿੱਚ ਲੈਨਿਨ ਦੀ ਅਗਵਾਈ ਹੇਠ ਰੂਸੀ ਕ੍ਰਾਂਤੀ ਨੇ ਭਾਰਤ ਦੇ ਯੁਵਕਾਂ ਨੂੰ ਬ੍ਰਿਟਿਸ਼ ਮਿੰਨਤ-ਮੁਥਾਜੀ ਦੀ ਥਾਂ ਕ੍ਰਾਂਤੀਕਾਰੀ ਸਾਧਨਾਂ ਦੁਆਰਾ ਰਾਸ਼ਟਰੀ ਆਜ਼ਾਦੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਭਾਰਤੀ ਯੁਵਕਾਂ ਨੇ ਮਾਰਕਸਵਾਦੀ ਜਥੇਬੰਦੀਆਂ ਸਥਾਪਤ ਕੀਤੀਆਂ। 1924 ਵਿੱਚ ਇਨ੍ਹਾਂ ਜਥੇਬੰਦੀਆਂ ਨੇ ਕਾਨ੍ਹਪੁਰ ਵਿਖੇ ਇਕ ਸੰਮੇਲਨ ਕੀਤਾ ਅਤੇ ਸ੍ਰੀ ਮਨਵਿੰਦਰ ਨਾਥ ਰਾਏ ਦੀ ਅਗਵਾਈ ਹੇਠ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਗਈ।

**62. ਵਿਰੋਧੀ ਦਲ ਦੀ ਭੂਮਿਕਾ ਲਿਖੋ?**

ਉੱਤਰ- 1. ਵਿਰੋਧੀ ਦਲ ਦਾ ਮੁੱਖ ਕੰਮ ਸਰਕਾਰ ਦੀਆਂ ਗਲਤ ਨੀਤੀਆਂ 'ਤੇ ਕਾਰਜਾਂ ਦੀ ਆਲੋਚਨਾ ਕਰਨਾ ਹੈ, ਜਿਨ੍ਹਾਂ ਨੂੰ ਇਹ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਸਮਝਦੀ ਹੈ ।

2. ਸੱਤਾਧਾਰੀ ਦਲ ਨੂੰ ਸ਼ਾਸਨ ਸੁਚੱਜੇ ਢੰਗ ਨਾਲ ਚਲਾਉਣ ਲਈ ਵਿਰੋਧੀ ਦਲਾਂ ਵੱਲੋਂ ਸੁਝਾਅ ਦਿੱਤੇ ਜਾਂਦੇ ਹਨ ।

3. ਵਿਰੋਧੀ ਦਲ ਸਰਕਾਰ ਨੂੰ ਸੱਤਾ ਦਾ ਦੁਰ-ਉਪਯੋਗ ਕਰਨ ਤੋਂ ਰੋਕਦੇ ਹਨ।

4. ਵਿਰੋਧੀ ਦਲ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸਰਕਾਰ ਤੱਕ ਪਹੁੰਚਾਉਂਦੇ ਹਨ ।

5. ਵਿਰੋਧੀ ਦਲ ਦੇ ਮੈਂਬਰ, ਕਿਸੇ ਕਾਨੂੰਨ ਦੀ ਲੋੜ ਅਤੇ ਉਚਿੱਤਤਾ ਸਬੰਧੀ ਸ਼ਾਸਕ ਦਲ ਨੂੰ ਸੁਚੇਤ ਕਰਦੇ ਹਨ ।

6. ਵਿਰੋਧੀ ਦਲ ਰਾਜਨੀਤਕ ਸੰਕਟ ਆਉਣ ਜਾਂ ਸ਼ਾਸਕ ਦਲ ਦੁਆਰਾ ਤਿਆਗ ਪੱਤਰ ਦੇਣ ਕਾਰਨ ਬਦਲਵੀਂ ਸਰਕਾਰ ਦਾ ਨਿਰਮਾਣ ਕਰਨ ਦੀ ਭੂਮਿਕਾ ਨਿਭਾਉਂਦਾ ਹੈ ।

**63. ਲੋਕਤੰਤਰ ਨੂੰ ਸਫਲ ਬਣਾਉਣ ਦੀਆਂ ਸ਼ਰਤਾਂ ਦੱਸੋ?**

ਉੱਤਰ-1. ਲੋਕਤੰਤਰ ਦੀ ਸਫ਼ਲਤਾ ਲਈ ਉੱਚ ਕੋਟੀ ਦੇ ਨੇਤਾ, ਉਨ੍ਹਾਂ ਦੀ ਉੱਚੀ ਸੋਚ ਤੇ ਸੁੱਚਾ ਵਿਵਹਾਰ ਅਤੇ ਚੇਤੰਨ ਤੇ ਸੁਲਝੇ ਹੋਏ ਨਾਗਰਿਕ ਹੋਣੇ ਜ਼ਰੂਰੀ ਹਨ ।

2. ਲੋਕਤੰਤਰ ਦੀ ਸਫ਼ਲਤਾ ਲਈ ਹਰੇਕ ਨਾਗਰਿਕ ਚੰਗੇ ਆਚਰਣ ਵਾਲਾ, ਚੇਤੰਨ, ਪੜ੍ਹਿਆ-ਲਿਖਿਆ, ਵਿਵੇਕਸ਼ੀਲ ਤੇ ਸਮਝਦਾਰ, ਜ਼ਿੰਮੇਵਾਰ ਅਤੇ ਜਨਤਕ ਮਾਮਲਿਆਂ ਵਿੱਚ ਦਿਲਚਸਪੀ ਰੱਖਣ ਵਾਲਾ ਹੋਣਾ ਚਾਹੀਦਾ ਹੈ।

3. ਸਮਾਜ ਵਿੱਚ ਚੰਗੇ ਤੇ ਯੋਗ ਨੇਤਾ, ਸਮਾਜਿਕ ਅਤੇ ਆਰਥਿਕ ਸਮਾਨਤਾ, ਸੁਤੰਤਰ ਤੇ ਨਿਰਪੱਖ ਪ੍ਰੈੱਸ ਅਤੇ ਨਿਆਂਪਾਲਕਾ, ਚੰਗੇ ਰਾਜਨੀਤਿਕ ਸੰਗਠਿਤ ਦਲ ਅਤੇ ਨਾਗਰਿਕਾਂ ਵਿੱਚ ਸਹਿਣਸ਼ੀਲਤਾ ਅਤੇ ਸਹਿਯੋਗ ਦਾ ਹੋਣਾ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ ਹਨ।

4.ਲੋਕਤੰਤਰ ਦੀ ਰੱਖਿਆ ਲਈ ਸਦਾ ਯਤਨਸ਼ੀਲ ਰਹਿਣਾ ਅਤੇ ਨਾਗਰਿਕਾਂ ਵਿੱਚ ਅਧਿਕਾਰਾਂ ਦੀ ਰੱਖਿਆ ਅਤੇ ਕਰਤੱਵਾਂ ਦਾ ਪਾਲਣ ਕਰਨ ਦੀ ਇੱਛਾ ਬੇਹੱਦ ਜ਼ਰੂਰੀ ਹਨ।

**64. ਭਾਰਤੀ ਲੋਕਤੰਤਰ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਦੱਸੋ?**

ਉੱਤਰ-1. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਲੋਕਾਂ ਨੂੰ ਸਮਾਜਿਕ, ਨਾਗਰਿਕਾਂ ਨੂੰ ਰੁਤਬੇ ਅਤੇ ਅਵਸਰ ਦੀ ਸਮਾਨਤਾ, ਮਨੁੱਖੀ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਆਦਿ ਦਾ ਵਿਸ਼ਵਾਸ ਦਵਾਇਆ ਗਿਆ ਹੈ।

2. ਨਾਗਰਿਕਾਂ ਨੂੰ ਉਹ ਸਾਰੀਆਂ ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ ਜੋ ਉਦਾਰਵਾਦੀ ਲੋਕਤੰਤਰ ਲਈ ਜ਼ਰੂਰੀ ਹਨ।

3. ਦੇਸ਼ ਵਿਚ ਵੱਸਦੇ ਸਾਰੇ ਲੋਕਾਂ ਵਿੱਚ ਭਾਈਚਾਰੇ ਦੀ ਭਾਵਨਾ ਦਾ ਸੰਚਾਰ ਕਰਨਾ।

4. ਲੋਕਤੰਤਰ ਦਾ ਬਾਲਗ ਵੋਟ ਦੇ ਆਧਾਰ ਤੇ ਮੂਲ ਸਿਧਾਂਤ ਹੈ।

5. ਭਾਰਤੀ ਸੰਵਿਧਾਨ ਅਨੁਸਾਰ ਸਾਡੇ ਦੇਸ਼ ਦੀ ਨਿਆਂਪਾਲਿਕਾ ਨੂੰ ਸੁਤੰਤਰ ਅਤੇ ਨਿਰਪੱਖ ਬਣਾਉਣ ਦੀ ਵਿਵਸਥਾ ਕੀਤੀ ਹੈ।

6. ਇੱਥੇ ਸਰਵਉੱਚ ਸ਼ਕਤੀ ਕਿਸੇ ਇੱਕ ਵਿਅਕਤੀ ਜਾਂ ਕੁਝ ਵਿਅਕਤੀਆਂ ਕੋਲ ਨਹੀਂ, ਸਗੋਂ ਸਮੁੱਚੀ ਜਨਤਾ ਕੋਲ ਹੈ। ਸਰਕਾਰ ਲੋਕਾਂ ਪ੍ਰਤੀ ਜ਼ਿੰਮੇਵਾਰ ਹੈ।

**65.ਭਾਰਤ ਤੇ ਸੰਯੁਕਤ ਰਾਜ ਅਮਰੀਕਾ ਦੇ ਸੰਬੰਧਾਂ ਦਾ ਸੰਖੇਪ ਵਰਣਨ ਕਰੋ।**

ਉੱਤਰ: ਸੰਯੁਕਤ ਰਾਜ ਅਮਰੀਕਾ ਸੰਸਾਰ ਦੀਆਂ ਮਹਾਨ ਸ਼ਕਤੀਆਂ ਵਿੱਚੋਂ ਸਰਵ ਸ੍ਰੇਸ਼ਟ ਹੈ।ਭਾਰਤ ਨਾਲ ਇਸ ਦੇ ਸੰਬੰਧ ਕਿਸੇ ਸਮੇਂ ਵੀ ਸਾਮਾਨ ਅਤੇ ਸਧਾਰਨ ਨਹੀਂ ਰਹੇ। ਭਾਰਤ ਦੀ ਆਜ਼ਾਦੀ ਮਗਰੋਂ ਕਸ਼ਮੀਰ ਅਤੇ ਹੋਰ ਕਈ ਕਾਰਨਾਂ ਕਰਕੇ ਦੋਹਾਂ ਦੇਸ਼ਾਂ ਦੇ ਮਾੜੇ ਸੰਬੰਧਾਂ ਦਾ ਆਰੰਭ ਹੋਇਆ। ਪਰ ਇਨ੍ਹਾਂ ਦੋਨਾਂ ਦੇਸ਼ਾਂ ਦੇ ਆਪਸੀ ਸੰਬੰਧਾਂ ਵਿੱਚ ਖਿੱਚੋਤਾਣ ਦੇ ਬਾਵਜੂਦ ਦੋਹਾਂ ਦੇਸ਼ਾਂ ਦੇ ਸੰਬੰਧ ਲੋੜ ਤੋਂ ਵੱਧ ਖ਼ਰਾਬ ਨਹੀਂ ਹੋਏ। ਆਰਥਿਕ, ਤਕਨੀਕੀ, ਵਿਗਿਆਨਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਇਨ੍ਹਾਂ ਦੋਹਾਂ ਦੇਸ਼ਾਂ ਨੇ ਇੱਕ ਦੂਜੇ ਨੂੰ ਭਾਰੀ ਸਹਿਯੋਗ ਦਿੱਤਾ ਹੈ। ਭਾਰਤ ਨੂੰ ਸਭ ਤੋਂ ਵਧੇਰੇ ਆਰਥਿਕ ਸਹਾਇਤਾ ਸੰਯੁਕਤ ਰਾਜ ਕਰਦਾ ਆ ਰਿਹਾ ਹੈ। ਸੰਯੁਕਤ ਰਾਜ ਸਰਕਾਰ ਅਤੇ ਇਸ ਦੇ ਆਰਥਿਕ ਅਦਾਰੇ, ਭਾਰਤ ਦੀ ਆਰਥਿਕ ਅਤੇ ਵਿੱਤੀ ਪ੍ਰਣਾਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਸਾਨੂੰ ਨਿਕਟ ਭਵਿੱਖ ਵਿੱਚ ਦੋਹਾਂ ਦੇਸ਼ਾਂ ਦੇ ਹੋਰ ਵੀ ਚੰਗੇ ਸੰਬੰਧਾਂ ਦੀ ਆਸ ਹੈ।

**66.ਭਾਰਤ-ਪਾਕ ਸੰਬੰਧ ਅਤੇ ਇਨ੍ਹਾਂ ਵਿੱਚ ਤਣਾਅ ਦਾ ਮੁੱਖ ਕਾਰਨ, ਬਾਰੇ ਸੰਖੇਪ ਨੋਟ ਲਿਖੋ।**

ਉੱਤਰ:-ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਆਰੰਭ ਤੋਂ ਹੀ ਖਿੱਚੋਤਾਣ ਅਤੇ ਵੈਰ- ਵਿਰੋਧ ਵਾਲੇ ਰਹੇ ਹਨ। ਕਸ਼ਮੀਰ ਦੇ ਝਗੜੇ ਕਾਰਨ ਭਾਰਤ -ਪਾਕਿਸਤਾਨ ਸੰਬੰਧ ਹਮੇਸ਼ਾਂ ਉਲਝੇ ਰਹੇ ਹਨ।1999 ਵਿੱਚ ਵੀ ਪਾਕਿਸਤਾਨ ਨੇ ਕਸ਼ਮੀਰੀ ਅੱਤਵਾਦੀ ਭੇਜ ਕੇ ਕਾਰਗਿਲ ਦੇ ਇਲਾਕੇ ‘ਤੇ ਕਬਜ਼ਾ ਕਰ ਲਿਆ। ਪਰ ਭਾਰਤ ਦੀ ਬਹਾਦਰ ਸੈਨਾ ਨੇ ਦੁਸ਼ਮਣਾਂ ਨੂੰ ਭਜਾ ਕੇ ਫਿਰ ਆਪਣੇ ਇਲਾਕੇ ਤੇ ਕਬਜ਼ਾ ਕੀਤਾ ।ਭਾਰਤ ਕਸ਼ਮੀਰ ਨੂੰ ਆਪਣਾ ਅਨਿੱਖੜਵਾਂ ਅੰਗ ਸਮਝਦਾ ਹੈ ਅਤੇ ਇਸ ਦੀ ਸੁਰੱਖਿਆ ਕਰਨਾ ਆਪਣਾ ਧਰਮ ਸਮਝਦਾ ਹੈ।ਭਾਰਤ ਪਾਕਿਸਤਾਨ ਸੰਬੰਧਾਂ ਨੂੰ ਸੁਧਾਰਨ ਅਤੇ ਆਪਸੀ ਸਮੱਸਿਆਵਾਂ ਦਾ ਹੱਲ ਕਰਨ ਲਈ ਸਮੇਂ-ਸਮੇਂ ਤੇ ਮੀਟਿੰਗਾਂ ਹੁੰਦੀਆਂ ਰਹੀਆਂ ਹਨ। ਭਾਰਤ ਅਤੇ ਪਾਕਿਸਤਾਨ ਦੇ ਝਗੜਿਆਂ ਦਾ ਹੱਲ ਯੁੱਧ ਨਹੀਂ ਹੈ। ਦੋਹਾਂ ਦੇਸ਼ਾਂ ਦੇ ਵਧੇਰੇ ਲੋਕ ਆਪਸੀ ਦੋਸਤੀ, ਸਹਿਯੋਗ ਅਤੇ ਮਿਲਵਰਤਨ ਦੇ ਚਾਹਵਾਨ ਹਨ।

## ਸਰੋਤ ਅਧਾਰਿਤ ਪ੍ਰਸ਼ਨ (ਅਭਿਆਸ)

1. ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਲੋਕਤੰਤਰ ਨੂੰ ਅੰਗਰੇਜ਼ੀ ਵਿਚ ਡੈਮੋਕ੍ਰੇਸੀ ਕਿਹਾ ਜਾਂਦਾ ਹੈ। ਡੈਮੋਕ੍ਰੇਸੀ ਗਰੀਕ ਭਾਸ਼ਾ ਦੇ ਦੋ ਸ਼ਬਦਾਂ-ਡਿਮੋਸ ਅਤੇ ਕ੍ਰੇਤੀਆ ਨਾਲ ਮਿਲ ਕੇ ਬਣਿਆ ਹੈ। ਡਿਮੋਸ ਦਾ ਅਰਥ ਲੋਕ ਅਤੇ ਕ੍ਰੇਤੀਆ ਦਾ ਭਾਵ ਸਾਸ਼ਨ ਹੁੰਦਾ ਹੈ। ਡੈਮੋਕ੍ਰੇਸੀ ਦਾ ਸ਼ਾਬਦਿਕ ਅਰਥ ਲੋਕਾਂ ਦਾ ਸ਼ਾਸਨ ਹੈ। ਲੋਕਤੰਤਰ ਵਿੱਚ ਲੋਕ, ਆਪਣੇ ਆਪ ‘ਤੇ ਸ਼ਾਸਨ ਆਪ ਕਰਦੇ ਹਨ। ਲੋਕਤੰਤਰ ਸੁਤੰਤਰਤਾ, ਸਮਾਨਤਾ,

ਭਾਈਚਾਰਾ, ਕਾਨੂੰਨ ਦਾ ਸ਼ਾਸਨ, ਉੱਤਰਦਾਈ ਸਰਕਾਰ, ਨਿਯਤਕਾਰੀ ਚੋਣਾਂ, ਬਹੁਮੱਤ ਦਾ ਸ਼ਾਸਨ, ਨਾਗਰਿਕਾਂ ਦੇ ਅਧਿਕਾਰ ਅਤੇ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਦੀ ਸਥਾਪਨਾ ਦੇ ਸਿਧਾਂਤਾਂ 'ਤੇ ਅਧਾਰਿਤ ਹੈ। ਲੋਕਤੰਤਰ ਵਿੱਚ ਸਾਰੇ ਵਿਅਕਤੀਆਂ ਨੂੰ ਵਿਚਾਰ ਪ੍ਰਗਟਾਉਣ, ਆਲੋਚਨਾ ਕਰਨ ਤੇ ਦੂਜਿਆਂ ਨਾਲ ਅਸਹਿਮਤ ਹੋਣ ਦਾ ਅਧਿਕਾਰ ਹੁੰਦਾ ਹੈ ਅਤੇ ਲੋਕਤੰਤਰ ਨਿਸ਼ਚਿਤ ਤੌਰ ਤੇ ਸ਼ਹਿਨਸ਼ੀਲਤਾ 'ਤੇ ਆਧਾਰਿਤ ਹੈ। ਲੋਕਤੰਤਰ ਮਨੁੱਖ ਦੀ ਸਖਸ਼ੀਅਤ ਤੇ ਮਾਣ-ਤਾਣ ਨੂੰ ਯਕੀਨੀ ਬਣਾਉਂਦਾ ਹੈ। ਲੋਕਤੰਤਰ ਇੱਕ ਅਜਿਹੀ ਸਰਕਾਰ ਹੈ ਜਿਸ ਵਿੱਚ ਪ੍ਰਭੂਸੱਤਾ ਜਨਤਾ ਕੋਲ ਹੁੰਦੀ ਹੈ। ਲੋਕਤੰਤਰ ਵਿੱਚ ਸਰਕਾਰਾਂ ਸੰਵਿਧਾਨ ਅਨੁਸਾਰ ਕੰਮ ਕਰਦੀਆਂ ਹਨ। ਲੋਕਤੰਤਰ ਵਿੱਚ ਝਗੜਿਆਂ ਦਾ ਹੱਲ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰੇਰਨਾ ਅਤੇ ਸ਼ਾਂਤੀਪੂਰਨ ਢੰਗਾਂ ਦੁਆਰਾ ਲੱਭਿਆ ਜਾਂਦਾ ਹੈ

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪ੍ਰਸ਼ਨ 1:- ਲੋਕਤੰਤਰ ਸ਼ਬਦ ਕਿਸ ਭਾਸ਼ਾ ਦੇ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ?ਇਸ ਦਾ ਸ਼ਾਬਦਿਕ ਅਰਥ ਕੀ ਹੈ?

ਪ੍ਰਸ਼ਨ 2:-ਲੋਕਤੰਤਰ ਕਿੰਨ੍ਹਾ ਸਿਧਾਂਤਾ ਉੱਤੇ ਅਧਾਰਿਤ ਹੈ?

ਪ੍ਰਸ਼ਨ 3:-ਲੋਕਤੰਤਰੀ ਸਰਕਾਰ ਵਿੱਚ ਪ੍ਰਭੂਸੱਤਾ ਕਿਨ੍ਹਾ ਕੋਲ ਹੁੰਦੀ ਹੈ?

ਪ੍ਰਸ਼ਨ 4:- ਲੋਕਤੰਤਰੀ ਸਰਕਾਰ ਵਿੱਚ ਝਗੜਿਆਂ ਦਾ ਹੱਲ ਕਿਵੇਂ ਲੱਭਿਆ ਜਾਂਦਾ ਹੈ?

2. ਨਿਆਂਪਾਲਿਕਾ ਇਨਸਾਫ਼ (ਨਿਆਂ) ਕਰਦੀ ਹੈ। ਲੋਕਤੰਤਰੀ ਸਰਕਾਰ ਵਿੱਚ ਨਿਆਂਪਾਲਿਕਾ ਦੀ ਵਿਸ਼ੇਸ ਭੂਮਿਕਾ ਹੈ ਕਿਉਂਕਿ ਇਸਨੂੰ ਸੰਵਿਧਾਨ ਦੀ ਰੱਖਿਅਕ, ਲੋਕੰਤਤਰ ਦੀ ਪਹਿਰੇਦਾਰ ਅਤੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਪਹਿਰੇਦਾਰ ਮੰਨਿਆ ਜਾਂਦਾ ਹੈ। ਸੰਘਾਤਾਮਕ ਪ੍ਰਣਾਲੀ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਇਸ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਝਗੜਿਆਂ ਦਾ ਨਿਪਟਾਰਾ ਕਰਨ ਲਈ, ਸੰਵਿਧਾਨ ਦੀ ਰਾਖੀ ਅਤੇ ਇਸ ਦੀ ਨਿਰਪੱਖ ਵਿਆਖਿਆ ਲਈ ਨਿਆਂਪਾਲਿਕਾ ਨੂੰ ਵਿਸ਼ੇਸ਼ ਭੂਮਿਕਾ ਨਿਭਾਉਣੀ ਪੈਂਦੀ ਹੈ। ਕਿਸੇ ਸਰਕਾਰ ਦੀ ਸ੍ਰੇਸ਼ਟਤਾ ਨੂੰ ਪਰਖਣ ਲਈ ਉਸ ਦੀ ਨਿਆਂਪਾਲਿਕਾ ਦੀ ਨਿਪੁੰਨਤਾ ਤੋਂ ਵੱਧ ਕੇ ਹੋਰ ਕੋਈ ਕਮੇਟੀ ਨਹੀਂ ਹੈ। ਭਾਰਤ ਵਿੱਚ ਇਕਹਿਰੀ ਨਾਗਰਿਕਤਾ ਦੀ ਵਿਵਸਥਾ ਕੀਤੀ ਗਈ ਹੈ। ਸਭ ਤੋਂ ਵੱਡੀ ਅਦਾਲਤ ਸਰਵ ਉੱਚ ਅਦਾਲਤ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਸਥਿੱਤ ਹੈ ਜਿਸ ਨੂੰ ਸੁਪਰੀਮ ਕੋਰਟ ਕਿਹਾ ਜਾਂਦਾ ਹੈ। ਪ੍ਰਾਂਤਾਂ ਦੀਆਂ ਆਪਣੀਆਂ-ਆਪਣੀਆਂ ਉੱਚ ਅਦਾਲਤਾਂ ਹਨ, ਜਿਨ੍ਹਾਂ ਨੂੰ ਹਾਈਕੋਰਟ ਕਿਹਾ ਜਾਂਦਾ ਹੈ। ਜ਼ਿਲ੍ਹਾ ਪੱਧਰ 'ਤੇ ਸੈਸ਼ਨ ਜੱਜ ਦੀਆਂ ਅਦਾਲਤਾਂ ਸਥਿੱਤ ਹਨ। ਇਸ ਤੋਂ ਇਲਾਵਾ ਤਹਿਸੀਲ ਪੱਧਰ 'ਤੇ ਐਸ.ਡੀ.ਐੱਮ ਹਨ। ਸਥਾਨਕ ਪੱਧਰ ਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਪੰਚਾਇਤ ਅਤੇ ਨਗਰਪਾਲਿਕਾ ਦਾ ਗਠਨ ਕੀਤਾ ਗਿਆ ਹੈ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:-**

1. ਸੰਘਾਤਮਕ ਪ੍ਰਣਾਲੀ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਕਿਉਂ ਵੱਧ ਹੈ। ਕਾਰਨ ਦੱਸੋ?
2. ਭਾਰਤ ਵਿੱਚ ਕਿਹੜੀ ਨਾਗਰਿਕਤਾ ਦੀ ਵਿਵਸਥਾ ਕੀਤੀ ਗਈ ਹੈ?
3. ਪ੍ਰਾਤਾਂ ਦੀਆਂ ਉੱਚ-ਅਦਾਲਤਾਂ ਨੂੰ ਕੀ ਕਿਹਾ ਜਾਂਦਾ ਹੈ?
4. ਸਥਾਨਕ ਪੱਧਰ ਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਕਿਸ ਦੀ ਵਿਵਸਥਾ ਕੀਤੀ ਗਈ ਹੈ?

3. ਸੁਤੰਤਰ ਤੇ ਨਿਰਪੱਖ ਚੋਣਾਂ ਲੋਕਤੰਤਰ ਦਾ ਥੰਮ੍ਹ ਹਨ। ਸੁਤੰਤਰ ਤੇ ਨਿਰਪੱਖ ਚੋਣਾਂ ਤੋਂ ਭਾਵ ਹੈ ਕਿ ਮੱਤਦਾਤਾ ਦੁਆਰਾ ਕਿਸੇ ਵੀ ਤਰ੍ਹਾਂ ਦੇ ਡਰ ਜਾਂ ਦਬਾਓ ਤੋਂ ਮੁਕਤ ਹੋ ਕੇ ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰਨਾ ਅਤੇ ਦੂਜਾ ਕਿਸੇ ਧਨ ਦੇ ਲਾਲਚ ਵਿੱਚ ਨਾ ਆ ਕੇ, ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰਨਾ। ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਲਈ ਭਾਰਤ ਦਾ ਚੋਣ ਆਯੋਗ ਅਹਿਮ ਭੂਮਿਕਾ ਨਿਭਾਉਂਦਾ ਹੈ। ਪਰ ਜਿੰਨ੍ਹਾ ਚਿਰ ਭਾਰਤ ਦਾ ਮੱਤਦਾਤਾ ਜਾਗਰੂਕ ਨਹੀਂ ਹੁੰਦਾ ਉਨ੍ਹਾਂ ਚਿਰ ਚੋਣਾਂ ਵਿੱਚ ਪਾਈਆਂ ਬੁਰਾਈਆਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਸਰਕਾਰ ਨੇ ਕਈ ਚੋਣ ਸੁਧਾਰ ਕੀਤੇ ਹਨ। ਜਿਵੇਂ ਕਿ ਦਲ ਬਦਲੀ ਐਕਟ ਅਧੀਨ, ਦਲ ਬਦਲਣ ਦੀ ਪੂਰੀ ਤਰ੍ਹਾਂ ਮਨਾਹੀ ਕਰ ਦਿੱਤੀ ਗਈ ਹੈ। ਜੇਕਰ ਕੋਈ ਜਿੱਤਿਆ ਹੋਇਆ ਉਮੀਦਵਾਰ ਆਪਣਾ ਦਲ ਬਦਲਦਾ ਹੈ ਤਾਂ ਉਸਦੀ ਮੈਂਬਰਸ਼ਿਪ ਖ਼ਤਮ ਮੰਨੀ ਜਾਵੇਗੀ। ਪਰ ਦਲ-ਬਦਲੀ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚੱਲਿਤ ਹੈ। ਚੋਣਾਂ ਤੋਂ ਪਹਿਲਾਂ ਕਈ

ਟਿਕਟ ਦੇ ਦਾਅਵੇਦਾਰ ਹੁੰਦੇ ਹਨ। ਜਿਹਨਾਂ ਵਿਅਕਤੀਆਂ ਨੂੰ ਪਾਰਟੀ ਵੱਲੋਂ ਟਿਕਟ ਨਹੀਂ ਮਿਲਦਾ ਉਹ ਦੂਸਰੇ ਰਾਜਨੀਤਿਕ ਦਲ ਵਿੱਚ ਜਾ ਮਿਲਦੇ ਹਨ। ਦੂਜੇ ਰਾਜਨੀਤਿਕ ਦਲ ਅਜਿਹੇ ਵਿਅਕਤੀਆਂ ਨੂੰ ਆਪਣੇ ਦਲ ਵਿੱਚ ਸ਼ਾਮਿਲ ਕਰ ਲੈਂਦੇ ਹਨ ਅਤੇ ਉਹਨਾਂ ਨੂੰ ਦਲ ਅੰਦਰ ਉੱਚੇ ਅਹੁਦੇ ਦਿੱਤੇ ਜਾਂਦੇ ਹਨ। ਜਦ ਕਿ ਉਸ ਦਲ ਵਿੱਚ ਕੰਮ ਕਰ ਰਹੇ ਲੰਬੇ ਸਮੇਂ ਤੋਂ ਵਿਅਕਤੀਆਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪ੍ਰਸ਼ਨ 1:- ਸੁਤੰਤਰ ਤੇ ਨਿਰਪੱਖ ਚੋਣਾਂ ਤੋਂ ਕੀ ਭਾਵ ਹੈ?

ਪ੍ਰਸ਼ਨ 2:-'ਦਲ ਬਦਲੀ ਐਕਟ' ਅਧੀਨ ਸਰਕਾਰ ਨੇ ਕਿਹੜਾ ਐਕਟ ਬਣਾਇਆ ਹੈ?

ਪ੍ਰਸ਼ਨ 3:-ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਕਿਸ ਦੀ ਹੁੰਦੀ ਹੈ?

ਪ੍ਰਸ਼ਨ 4:-ਚੋਣ ਬੁਰਾਈਆਂ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ?

4. ਮਨੁੱਖੀ ਵਿਕਾਸ ਲਈ ਕੁੱਝ ਸਹੂਲਤਾਂ ਦੀ ਲੋੜ ਹੁੰਦੀ ਹੈ ਇਹ ਸਹੂਲਤਾਂ ਸਾਨੂੰ ਸਮਾਜ ਵਿੱਚੋਂ ਮਿਲ ਸਕਦੀਆਂ ਹਨ। ਇਹਨਾਂ ਸਹੂਲਤਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ ਅਤੇ ਅਧਿਕਾਰ ਮਨੁੱਖ ਨੂੰ ਮਾਨਵੀ ਜੀਵਨ ਜਿਉਣ ਦੇ ਯੋਗ ਬਣਾਉਂਦੇ ਹਨ। ਹਰ ਵਿਅਕਤੀ ਜੀਵਨ ਜਿਉਣ ਦੇ ਨਾਲ-ਨਾਲ ਸਤਿਕਾਰ ਵਾਲਾ ਜੀਵਨ ਵੀ ਜਿਉਣਾ ਚਾਹੁੰਦਾ ਹੈ ਇਸ ਲਈ ਉਹ ਅਧਿਕਾਰਾਂ ਦੀ ਮੰਗ ਕਰਦਾ ਹੈ। ਭਾਰਤ ਦੇ ਸੰਵਿਧਾਨ ਦੇ ਰਚਨਹਾਰਿਆਂ ਨੇ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ ਨਾਗਰਿਕਾਂ ਦੀ ਸ਼ਖ਼ਸੀਅਤ ਦਾ ਵਿਕਾਸ ਕਰਨ ਅਤੇ ਹਰ ਨਾਗਰਿਕ ਦੇ ਗੌਰਵ ਨੂੰ ਯਕੀਨੀ ਬਣਾਉਣ ਦੇ ਉਦੇਸ਼ਾਂ ਨੂੰ ਪੂਰੇ ਕਰਨ ਦਾ ਯਤਨ ਕੀਤਾ ਹੈ। ਕਿਸੇ ਵੀ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਸਾਨੂੰ ਉਸ ਦੇਸ਼ ਵਜੋਂ ਦਿੱਤੇ ਜਾਣ ਵਾਲੇ ਨਾਗਰਿਕਾਂ ਦੇ ਮੌਲਿਕ ਅਧਿਕਾਰ ਤੋਂ ਹੋ ਜਾਂਦੀ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤੀ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਨਹੀਂ ਸਨ। ਭਾਰਤ ਦੀ ਆਜ਼ਾਦੀ ਪ੍ਰਾਪਤੀ ਦੀ ਲਹਿਰ ਵਿੱਚ ਸਮੇਂ-ਸਮੇਂ 'ਤੇ ਮੌਲਿਕ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ। 1895 ਵਿੱਚ ਬਾਲ ਗੰਗਾਧਰ ਤਿਲਕ ਨੇ ਅੰਗਰੇਜ਼ਾਂ ਨੂੰ ਸਵਰਾਜ ਬਿਲ ਪਾਸ ਕਰਨ ਲਈ ਕਿਹਾ। ਜਿਸ ਵਿਚ ਭਾਰਤੀ ਲੋਕਾਂ ਲਈ ਵਿਚਾਰ ਪ੍ਰਗਟਾਉਣ, ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕੁੱਝ ਹੋਰ ਅਧਿਕਾਰਾਂ ਦੀ ਮੰਗ ਕੀਤੀ ਗਈ। 1828 ਈ. ਦੀ ਨਹਿਰੂ ਰਿਪੋਰਟ ਵਿੱਚ ਵੀ ਅਧਿਕਾਰਾਂ ਦੀ ਮੰਗ ਕੀਤੀ ਗਈ। ਜਿਸ ਵਿੱਚ ਮਰਦਾਂ ਅਤੇ ਔਰਤਾਂ ਲਈ ਸਮਾਨਤਾ ਦੇ ਅਧਿਕਾਰ ਵੀ ਮੰਗ ਕੀਤੀ ਗਈ ਪਰ ਅੰਗਰੇਜ਼ੀ ਹਕੂਮਤ ਨੇ ਉਕਤ ਮੰਗਾਂ ਨੂੰ ਰੱਦ ਕਰ ਦਿੱਤਾ ਸੀ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪ੍ਰਸ਼ਨ 1:-ਮਨੁੱਖ ਅਧਿਕਾਰਾਂ ਦੀ ਮੰਗ ਕਿਉਂ ਕਰਦਾ ਹੈ?

ਪ੍ਰਸ਼ਨ 2:- ਭਾਰਤੀ ਸੰਵਿਧਾਨ ਦੇ ਰਚਨਹਾਰਿਆਂ ਨੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ, ਨਾਗਰਿਕਾਂ ਦੇ ਕਿਸ ਉਦੇਸ਼ ਨੂੰ ਪੂਰਾ ਕੀਤਾ ਹੈ?

ਪ੍ਰਸ਼ਨ 3:- ਕਿਸੇ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਅਸੀਂ ਕਿਵੇਂ ਕਰ ਸਕਦੇ ਹਾਂ?

ਪ੍ਰਸਨ 4:-ਬਾਲ ਗੰਗਾਧਰ ਤਿਲਕ ਨੇ ਸਵਰਾਜ ਬਿਲ ਵਿੱਚ ਕਿਹੜੇ ਅਧਿਕਾਰਾਂ ਦੀ ਮੰਗ ਕੀਤੀ ਸੀ?

5. ਉਪਭੋਗ ਕਈ ਤੱਤਾਂ ਜਿਵੇਂ ਆਮਦਨ, ਵਸਤੂ ਦੀ ਕੀਮਤ, ਫੈਸ਼ਨ ਆਦਿ 'ਤੇ ਨਿਰਭਰ ਕਰਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਉਪਭੋਗ ਕਈ ਤੱਤਾਂ ਦਾ ਫ਼ਲਨ ਹੈ ਭਾਵ ਕਈ ਤੱਤਾਂ ਤੇ ਨਿਰਭਰ ਕਰਦਾ ਹੈ। ਪਰੰਤੂ ਉਪਭੋਗ ਉੱਤੇ ਸਭ ਤੋਂ ਵਧੇਰੇ ਪ੍ਰਭਾਵ ਆਮਦਨ ਦਾ ਪੈਂਦਾ ਹੈ। ਆਮ ਤੌਰ 'ਤੇ ਆਮਦਨ ਵੱਧਣ ਨਾਲ ਉਪਭੋਗ ਵੱਧਦਾ ਹੈ, ਪ੍ਰੰਤੂ ਉਪਭੋਗ ਵਿੱਚ ਹੋਣ ਵਾਲਾ ਵਾਧਾ ਆਮਦਨ ਵਿੱਚ ਹੋਣ ਵਾਲੇ ਵਾਧੇ ਨਾਲੋਂ ਘੱਟ ਹੁੰਦਾ ਹੈ। ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਦੀ ਤੁਲਨਾ ਵਿੱਚ ਉਪਭੋਗ ਵਿੱਚ ਕਿੰਨ੍ਹਾ ਪਰਿਵਰਤਨ ਹੋਵੇਗਾ ਇਹ ਉਪਭੋਗ ਪ੍ਰਵਿਰਤੀ ਤੇ ਨਿਰਭਰ ਕਰਦਾ ਹੈ। ਉਪਭੋਗ ਪ੍ਰਵਿਰਤੀ ਦੋ ਤਰ੍ਹਾਂ ਦੀ ਹੁੰਦੀ ਹੈ: ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ। ਕੁੱਲ ਖਰਚੇ ਅਤੇ ਕੁੱਲ ਆਮਦਨ ਦੇ ਅਨੁਪਾਤ ਨੂੰ ਔਸਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ ਇਸ ਤੋਂ ਪਤਾ ਚੱਲਦਾ ਹੈ ਕਿ ਲੋਕ ਆਪਣੀ ਕੁੱਲ ਆਮਦਨ ਦਾ ਕਿੰਨਾ ਹਿੱਸਾ ਉਪਭੋਗ ਤੇ ਖਰਚ ਕਰਨਗੇ ਅਤੇ ਕਿੰਨਾ ਹਿੱਸਾ ਬਚਾਉਣਗੇ। ਆਮਦਨ ਵਿੱਚ ਹੋਣ ਵਾਲੇ ਪਰਿਵਰਤਨ ਵੱਜੋਂ, ਉਪਭੋਗ ਵਿੱਚ ਹੋਣ ਵਾਲੇ ਪਰਿਵਰਤਨ ਦੇ ਅਨੁਪਾਤ ਨੂੰ, ਸੀਮਾਂਤ ਉਪਭੋਗ

ਪ੍ਰਵਿਰਤੀ ਕਹਿੰਦੇ ਹਨ। ਆਮਦਨ ਦੇ ਵੱਧਣ ਨਾਲ ਲੋਕਾਂ ਦੇ ਖਰਚ ਵਿੱਚ ਵੀ ਵਾਧਾ ਹੁੰਦਾ ਹੈ। ਪ੍ਰੰਤੂ ਇਹ ਉਨ੍ਹਾਂ ਵਾਧਾ ਨਹੀਂ ਹੁੰਦਾ ਜਿੰਨ੍ਹੀ ਆਮਦਨ ਵੱਧਦੀ ਹੈ। ਭਾਵ ਆਮਦਨ ਵਿੱਚ ਹੋਣ ਵਾਲੇ ਵਾਧੇ ਦੀ ਤੁਲਨਾ ਵਿੱਚ ਉਪਭੋਗ ਵਿੱਚ ਘੱਟ ਵਾਧਾ ਹੁੰਦਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪ੍ਰਸ਼ਨ1:-ਉਪਭੋਗ ਕਿਹੜੇ ਤੱਤਾਂ ਉੱਪਰ ਨਿਰਭਰ ਕਰਦਾ ਹੈ?

ਪ੍ਰਸ਼ਨ2:- ਉਪਭੋਗ ਉੱਪਰ ਸਭ ਤੋਂ ਵੱਧ ਪ੍ਰਭਾਵ ਕਿਸ ਦਾ ਪੈਂਦਾ ਹੈ?

ਪ੍ਰਸ਼ਨ3:-ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਵਿੱਚ ਕੀ ਅੰਤਰ ਹੈ?

ਪ੍ਰਸ਼ਨ4:-ਉਪਭੋਗ ਵਿੱਚ ਕਿੰਨਾ ਪਰਿਵਰਤਨ ਹੋਵੇਗਾ, ਇਹ ਕੌਣ ਤੈਅ ਕਰਦਾ ਹੈ?

6. ਸੰਸਾਰ ਦੇ ਕਈ ਅਲਪਵਿਕਸਿਤ ਦੇਸ਼ਾਂ ਵਿੱਚ ਜਨਸੰਖਿਆ ਵਧੇਰੇ ਹੁੰਦੀ ਹੈ ਪਰੰਤੂ ਰੁਜ਼ਗਾਰ ਦੇ ਮੌਕੇ ਘੱਟ ਹੁੰਦੇ ਹਨ। ਇਸ ਲਈ ਇਹਨਾਂ ਦੇਸ਼ਾਂ ਦੇ ਜ਼ਿਆਦਾਤਰ ਲੋਕ ਬੇਰੁਜ਼ਗਾਰ ਰਹਿ ਜਾਂਦੇ ਹਨ। ਇਹਨਾਂ ਦੇਸ਼ਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਹੀ ਇੱਕ ਕਿੱਤਾ ਹੈ ਜਿਸ ਉੱਪਰ ਨਿਰਭਰ ਲੋਕਾਂ ਨੂੰ ਥੋੜ੍ਹਾ ਜਿੰਨਾ ਕੰਮ ਮਿਲ ਜਾਂਦਾ ਹੈ। ਇਸੇ ਕਾਰਣ ਹੀ ਇੱਕ ਪਰਿਵਾਰ ਦੇ ਸਾਰੇ ਲੋਕ ਰੋਜ਼ਗਾਰ ਦੇ ਹੋਰ ਮੌਕੇ ਨਾ ਹੋਣ ਕਾਰਣ ਵੀ ਖੇਤੀ ਦੇ ਕੰਮ ਵਿੱਚ ਲੱਗੇ ਰਹਿੰਦੇ ਹਨ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਜੋ ਕੰਮ ਸਿਰਫ਼ ਕੁੱਝ ਲੋਕਾਂ ਦੁਆਰਾ ਹੋ ਸਕਦਾ ਹੈ ਉਸ ਨੂੰ ਵਧੇਰੇ ਲੋਕ ਕਰਦੇ ਹਨ। ਇਸ ਤਰਾਂ ਬੇਰੁਜ਼ਗਾਰੀ ਇਸ ਢੰਗ ਨਾਲ ਛੁਪ ਜਾਂਦੀ ਹੈ। ਜਦੋਂ ਕਿਸੇ ਕੰਮ ਉੱਤੇ ਜਿੰਨੇ ਕਿਰਤੀਆਂ ਦੀ ਅਸਲ ਵਿੱਚ ਲੋੜ ਹੁੰਦੀ ਹੈ ਜੇਕਰ ਉਸ ਤੋਂ ਵਧੇਰੇ ਕਿਰਤੀ ਲੱਗੇ ਹੋਏ ਹਨ ਤਾਂ ਵੱਧ ਕਿਰਤੀਆਂ ਦੀ ਬੇਰੁਜ਼ਗਾਰੀ ਨੂੰ ਛੁਪੀ ਹੋਈ ਬੇਰੁਜ਼ਗਾਰੀ ਕਿਹਾ ਜਾਂਦਾ ਹੈ। ਪਰੰਪਰਾਵਾਦੀ ਅਰਥਸ਼ਾਸਤਰੀ ਅਨੁਸਾਰ ਕਿਸੇ ਅਰਥਵਿਵਸਥਾ ਵਿੱਚ ਪੂਰਨ ਰੁਜ਼ਗਾਰ ਦੀ ਹਾਲਤ ਵਿੱਚ ਵੱਖ-ਵੱਖ ਬੇਰੁਜ਼ਗਾਰੀਆਂ ਦਾ ਜ਼ਿਕਰ ਕੀਤਾ ਹੈ; ਇੱਛੁਕ ਬੇਰੁਜ਼ਗਾਰੀ, ਸੰਘਰਸ਼ਾਤਮਿਕ ਬੇਰੁਜ਼ਗਾਰੀ, ਮੌਸਮੀ ਬੇਰੁਜ਼ਗਾਰੀ, ਸਰੰਚਨਾਤਮਕ ਬੇਰੁਜ਼ਗਾਰੀ ਅਤੇ ਤਕਨੀਕੀ ਬੇਰੁਜ਼ਗਾਰੀ। ਸੋ, ਇਸ ਪ੍ਰਕਾਰ ਪੂਰਨ ਰੁਜ਼ਗਾਰ ਦੀ ਹਾਲਤ ਵਿੱਚ ਵੀ ਕਈ ਕਿਸਮਾਂ ਦੀਆਂ ਬੇਰੁਜ਼ਗਾਰੀਆਂ ਪਾਈਆਂ ਜਾਂਦੀਆਂ ਹਨ। ਪੂਰਨ ਰੁਜ਼ਗਾਰ ਉਹ ਹਾਲਤ ਹੈ ਜਿਸ ਵਿੱਚ ਉਹ ਸਾਰੇ ਲੋਕ ਜੋ ਮਜ਼ਦੂਰੀ ਦੀਆਂ ਵਰਤਮਾਨ ਦਰਾਂ ਤੇ ਕੰਮ ਕਰਨ ਦੇ ਇੱਛੁਕ ਹੋਣ ਅਤੇ ਉਹਨਾਂ ਨੂੰ ਬਿਨ੍ਹਾਂ ਕਿਸੇ ਔਕੜ ਦੇ ਕੰਮ ਮਿਲ ਜਾਵੇ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

ਪ੍ਰਸ਼ਨ 1:-ਅਲਪਵਿਕਸਿਤ ਦੇਸ਼ਾਂ ਵਿੱਚ ਬੇਰੁਜ਼ਗਾਰੀ ਦਾ ਕੀ ਕਾਰਨ ਹੈ?

ਪ੍ਰਸ਼ਨ 2:-ਛੁਪੀ ਹੋਈ ਬੇਰੁਜ਼ਗਾਰੀ ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ 3: ਬੇਰੁਜ਼ਗਾਰੀ ਦੀਆਂ ਅਰਥਸ਼ਾਸਤਰੀਆਂ ਨੇ ਕਿਹੜੀਆਂ-ਕਿਹੜੀਆਂ ਕਿਸਮਾਂ ਦੱਸੀਆਂ ਹਨ?

ਪ੍ਰਸ਼ਨ 4:- ਪੂਰਨ ਰੁਜ਼ਗਾਰ ਤੋਂ ਕੀ ਭਾਵ ਹੈ?

7. ਭਾਰਤ ਜਿਹੇ ਅਲਪਵਿਕਸਿਤ ਦੇਸ਼ਾਂ ਦੀ ਆਰਥਿਕ ਪ੍ਰਗਤੀ ਲਈ ਉਦਯੋਗੀਕਰਨ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਉਦਯੋਗਾਂ ਦੇ ਵਿਕਾਸ ਰਾਹੀਂ ਹੀ ਆਮਦਨ, ਉਤਪਾਦਨ ਅਤੇ ਰੁਜ਼ਗਾਰ ਦੀ ਮਾਤਰਾ ਨੂੰ ਵਧਾ ਕੇ ਭਾਰਤੀ ਅਰਥਵਿਵਸਥਾ ਦੀ ਵਿਕਾਸ ਦਰ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਉਦਯੋਗਾਂ ਦਾ ਬਹੁਤ ਹੀ ਘੱਟ ਵਿਕਾਸ ਹੋਇਆ ਸੀ ਤੇ ਦੇਸ਼ ਵਿੱਚ ਮੁੱਢਲੇ ਵੱਡੇ ਉਦਯੋਗਾਂ ਜਿਵੇਂ ਮਸ਼ੀਨਾਂ, ਲੋਹਾ ਅਤੇ ਇਸਪਾਤ, ਬਿਜਲੀ ਦਾ ਸਮਾਨ, ਯਾਤਾਯਾਤ ਦੇ ਸਾਧਨ ਆਦਿ ਸੰਬੰਧੀ ਉਦਯੋਗਾਂ ਦਾ ਨਾ-ਮਾਤਰ ਪ੍ਰਭਾਵ ਸੀ। ਦੇਸ਼ ਵਿੱਚ ਸਿਰਫ ਉਪਭੋਗਤਾ ਵਸਤਾਂ ਜਿਵੇਂ ਕੱਪੜਾ, ਪਟਸਨ, ਖੰਡ, ਮਾਚਿਸ ਆਦਿ ਦੇ ਉਦਯੋਗ ਸਨ। ਛੋਟੇ ਅਤੇ ਕੁਟੀਰ ਉਦਯੋਗ ਵੀ ਜਿਆਦਾ ਵਿਕਸਿਤ ਨਹੀਂ ਸਨ। ਪਰ ਆਜ਼ਾਦੀ ਤੋਂ ਪਿੱਛੋਂ ਸਰਕਾਰ ਨੇ ਦੇਸ਼ ਦੇ ਉਦਯੋਗਿਕ ਵਿਕਾਸ ਨੂੰ ਬਹੁਤ ਮਹੱਤਵ ਦਿੱਤਾ। ਇਸ ਦੇ ਫ਼ਲਸਰੂਪ ਦੇਸ਼ ਵਿੱਚ ਕਈ ਨਵੇਂ ਉਦਯੋਗ ਸਥਾਪਿਤ ਕੀਤੇ ਗਏ ਅਤੇ ਪੁਰਾਣੇ ਉਦਯੋਗਾਂ ਦੀ ਉਤਪਾਦਨ ਸ਼ਕਤੀ ਅਤੇ ਕੁਸ਼ਲਤਾ ਨੂੰ ਵੀ ਵਧਾਇਆ ਗਿਆ। ਭਾਰਤੀ ਪੰਜ ਸਾਲਾਂ ਯੋਜਨਾਵਾਂ ਵਿੱਚ ਵੀ ਉਦਯੋਗਾਂ ਦੇ ਵਿਕਾਸ ਨੂੰ ਕਾਫੀ ਮਹੱਤਵ ਦਿੱਤਾ ਗਿਆ ਹੈ। ਜਿਸ ਦੇ ਸਿੱਟੇ ਵਜੋਂ ਭਾਰਤ ਦਾ ਸੰਸਾਰ ਵਿੱਚ ਉਦਯੋਗਿਕ ਦੇਸ਼ਾਂ ਵਿੱਚ ਦਸਵਾਂ ਸਥਾਨ ਹੋ ਗਿਆ ਹੈ। ਇਸ ਦੀਆਂ ਪ੍ਰਮੁੱਖ ਵਿਸ਼ੇਸਤਾਵਾਂ ਵਿੱਚ ਮਜ਼ਬੂਤ ਉਦਯੋਗਿਕ ਢਾਂਚਾ, ਆਧੁਨਿਕੀਕਰਣ, ਸਰਵਜਨਕ ਖੇਤਰ ਦਾ ਵਿਕਾਸ, ਅਧੋਸੰਰਚਨਾ ਦਾ ਨਿਰਮਾਣ, ਰਾਸ਼ਟਰੀ ਆਮਦਨ ਅਤੇ ਨਿਰਯਾਤ ਵਿੱਚ ਉਦਯੋਗਾਂ ਦਾ ਵੱਧਦਾ ਹੋਇਆ ਹਿੱਸਾ, ਵਿਦੇਸ਼ੀ ਸਹਿਯੋਗ ਵਿੱਚ ਵਾਧਾ, ਉਦਯੋਗਿਕ ਉਤਪਾਦਨ ਵਿੱਚ ਵਾਧਾ ਆਦਿ ਸ਼ਾਮਲ ਹੈ।

ਪ੍ਰਸ਼ਨ 1:-ਭਾਰਤੀ ਅਰਥਵਿਵਸਥਾ ਦੀ ਵਿਕਾਸ ਦਰ ਵਿੱਚ ਵਾਧਾ ਕਿਵੇਂ ਕੀਤਾ ਜਾ ਸਕਦਾ ਹੈ?

ਪ੍ਰਸ਼ਨ 2:-ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਕਿਹੜੇ ਉਦਯੋਗਾਂ ਦਾ ਪ੍ਰਭਾਵ ਨਾ-ਮਾਤਰ ਸੀ?

ਪ੍ਰਸ਼ਨ 3:- ਆਜ਼ਾਦੀ ਤੋਂ ਪਿੱਛੋਂ ਸਰਕਾਰ ਨੇ ਦੇਸ਼ ਦੇ ਉਦਯੋਗਿਕ ਵਿਕਾਸ ਨੂੰ ਕਿਉਂ ਮਹੱਤਵ ਦਿੱਤਾ?

ਪ੍ਰਸ਼ਨ4:- ਸੰਸਾਰ ਭਰ ਵਿੱਚ ਭਾਰਤ ਦਾ ਉਦਯੋਗਿਕ ਦੇਸ਼ਾਂ ਵਿੱਚ ਕਿੰਨਵਾਂ ਸਥਾਨ ਹੈ?

## Class: 10th Solved Map Files Link

https://drive.google.com/drive/folders/1RcF2vu2usZ5KW2GtfU4NycrqAmkiglS0?usp=sharing

# ਨਕਸ਼ਾ ਅਭਿਆਸ

1. ਭਾਰਤ ਦੇ ਨਕਸ਼ੇ ਵਿੱਚ ਜੰਗਲਾਂ ਹੇਠ ਰਕਬਾ:2021(ਸਭ ਤੋਂ ਵੱਧ ਅਤੇ ਘੱਟ ਜੰਗਲਾਂ ਵਾਲਾ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼), ਕਾਲੀ ਮਿੱਟੀ, ਲਾਲ ਮਿੱਟੀ, ਜਲੋਢ ਮਿੱਟੀ,ਲੈਟਰਾਈਟ ਮਿੱਟੀ, ਖੁਸ਼ਕ ਅਤੇ ਪਰਬਤੀ ਮਿੱਟੀ ਦਾ ਇੱਕ-ਇੱਕ ਖੇਤਰ ਦਰਸਾਓ:-



2. ਭਾਰਤ ਦੇ ਨਕਸ਼ੇ ਵਿੱਚ ਵੱਖ-ਵੱਖ ਜੈਵ-ਵਿਭਿੰਨਤਾ ਜ਼ੋਨ, ਰਾਮਸਰ ਸੰਮੇਲਨ ਕੇਂਦਰ ਅਤੇ ਜੈਵ-ਰੱਖਾਂ ਖੇਤਰ ਅੰਕਿਤ ਕਰੋ।




3. ਭਾਰਤ ਦੇ ਨਕਸ਼ੇ ਵਿੱਚ ਪ੍ਰਮੁੱਖ ਦਰਿਆਈ ਬਹੁ-ਮੁਖੀ ਪਰਿਯੋਜਨਾਵਾਂ ਅਤੇ ਝੀਲਾਂ ਅੰਕਿਤ ਕਰੋ।




੫.ਭਾਰਤ ਦੇ ਨਕਸ਼ੇ ਵਿੱਚ ਪ੍ਰਮੁੱਖ ਸਨਅਤੀ ਉਦਯੋਗ, ਲੋਹਾ ਅਤੇ ਇਸਪਾਤ ਪਲਾਂਟ, ਸੂਤੀ ਕੱਪੜਾ ਉਦਯੋਗ, ਖਾਦ ਦੇ ਕਾਰਖਾਨੇ ਅਤੇ ਚੀਨੀ ਉਦਯੋਗ ਦੇ ਕੋਈ ਦੋ-ਦੋ ਸਥਾਨ ਅੰਕਿਤ ਕਰੋ।




5. 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪ੍ਰਮੁੱਖ ਲੜਾਈਆਂ ਦੇ ਸਥਾਨ ਅੰਕਿਤ ਕਰੋ।





6. 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਪ੍ਰਮੁੱਖ ਲੜਾਈਆਂ ਦੇ ਸਥਾਨ ਅੰਕਿਤ ਕਰੋ।



7. 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ (1845-46 ਈ.) ਦੇ ਸਥਾਨ ਭਰੋ।




8. 1947 ਈ. ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਸਰੀ ਲੜਾਈ (1848-49 ਈ.) ਦੇ ਸਥਾਨ ਭਰੋ।




**ਯੋਗਦਾਨ: ਰਣਜੀਤ ਕੌਰ (ਗੁਰਦਾਸਪੁਰ), ਹਰਦਵਿੰਦਰ ਸਿੰਘ (ਐਸ.ਏ.ਐਸ.ਨਗਰ), ਬਲਜੀਤ ਕੌਰ (ਗੁਰਦਾਸਪੁਰ), ਸ਼ਰਨਜੀਤ ਕੌਰ (ਫ਼ਰੀਦਕੋਟ) ਅਤੇ ਸਰਬਜੀਤ ਕੌਰ (ਮਾਨਸਾ)**